


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# *The Spoken Word*

*By*

**WILLIAM MARRION BRANHAM**

# ਪੰਜਵੀਂ ਮੋਹਰ

## THE FIFTH SEAL

22 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

**ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ**

# ਪੰਜਵੀਂ ਮੋਹਰ
# THE FIFTH SEAL

WILLIAM MARRION BRANHAM

These books are printed & distributed free of cost by the :


**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org

ਨੂੰ ਵਚਨ ਦੇ ਸੰਵਿਧਾਨ ਨੂੰ ਮੰਨਣ ਤੱਕ ਲੈ ਕੇ ਆਉਂਦਾ ਹੈ। ਹਰ ਇੱਕ ਕੰਮ ਵਿੱਚ ਉਸਦੀ ਪੈਰਵੀ ਕਰੋ। ਅਤੇ ਸੁਰਗ ਦਾ ਪ੍ਰਮੇਸ਼ੁਰ ਤੁਹਾਡੇ ਉਸ ਨਿਰਣੇ ਲਈ ਜੋ ਤੁਸਾਂ ਉਸਦੇ ਨਾਲ ਖੜ੍ਹੇ ਰਹਿਣ ਲਈ ਲਿਆ ਹੈ ਤੁਹਾਨੂੰ ਪ੍ਰਤੀਫਲ ਦੇਵੇ।

472 ਜਿਵੇਂ ਅੱਜ ਤੁਸੀਂ ਆਪਣੇ ਕਾਗਜ਼ ਅਤੇ ਪੈਂਸਿਲਾਂ ਲੈ ਕੇ ਆਏ ਸੀ ਇਸੇ ਤਰ੍ਹਾਂ ਹੀ ਕੱਲ ਰਾਤ ਨੂੰ ਵੀ ਲੈ ਕੇ ਆਉਣਾ। ਪ੍ਰਮੇਸ਼ੁਰ ਦੀ ਮਰਜ਼ੀ ਨਾਲ ਅਸੀਂ ਇੱਥੇ 7:30 ਵਜੇ ਆਉਣ ਦੀ ਉਮੀਦ ਕਰਦੇ ਹਾਂ। ਅਤੇ ਇਸਦੇ ਰਾਹੀਂ .......ਮੇਰੇ ਲਈ ਦੁਆ ਕਰਨਾ ਕਿ ਪਰਮੇਸ਼ੁਰ ਕੱਲ ਮੇਰੇ ਤੇ ਛੇਵੀਂ ਮੋਹਰ ਖੋਲ੍ਹੇ ਤਾਂ ਕਿ ਮੈਂ ਤੁਹਾਨੂੰ ਇਹ ਬਿਲਕੁੱਲ ਇਸੇ ਤਰ੍ਹਾਂ ਹੀ ਦੱਸ ਸਕਾਂ ਜਿਵੇਂ ਉਹ ਮੈਨੂੰ ਇਹ ਦੱਸਦਾ ਹੈ। ਤਦ ਤੱਕ ਅਸੀਂ ਇਹ ਫਿਰ ਗਾਉਂਦੇ ਹਾਂ। ਨਾ ਸਿਰਫ ਗੀਤਾਂ ਦੇ ਰਾਹੀਂ ਹੀ ਬਲਕਿ ਉਸਦੀ ਸਤੂਤੀ ਦੁਆਰਾ ਕਿ ਉਹ ਸਾਡੇ ਲਈ ਮਰਿਆ ਅਤੇ ਸਾਨੂੰ ਛੁਡਾਇਆ। ਮੈਂ ਉਹਦੇ ਨਾਲ ਪਿਆਰ ਕਰਦਾ ਹਾਂ :

> ਮੈਂ (ਹੁਣ ਮੈਂ ਸਭਾ ਤੁਹਾਡੇ ਪਾਦਰੀ ਨੂੰ ਸੌਂਪਦਾ ਹਾਂ।)
> ਮੈਂ ਉਹਦੇ ਨਾਲ ਪਿਆਰ ਕਰਦਾ ਹਾਂ ਮੈਂ ਉਹਦੇ ਨਾਲ ਪਿਅਰ ਕਰਦਾ ਹਾਂ
> ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
> ਅਤੇ ਮੇਰੀ ਮੁਕਤੀ ਨੂੰ ਕਲਵਰੀ ਕਰੂਸ ਤੇ ਖਰੀਦਿਆ।

# ਪੰਜਵੀਂ ਮੋਹਰ
# THE FIFTH SEAL

ਆਓ ਪ੍ਰਾਰਥਨਾ ਲਈ ਆਪਣੇ ਸਿਰਾਂ ਨੂੰ ਝੁਕਾਈਏ।

2 ਦਿਆਲੂ ਸੁਰਗੀ ਪਿਤਾ, ਸਰਵ ਸ਼ਕਤੀਮਾਨ ਪ੍ਰਮੇਸ਼ੁਰ ਜੋ ਯਿਸੂ ਮਸੀਹ ਨੂੰ ਮਰਿਆਂ ਹੋਇਆਂ ਵਿੱਚੋਂ ਦੁਬਾਰਾ ਵਾਪਿਸ ਲੈ ਆਇਆ ਅਤੇ ਇਹਨਾਂ ਅੰਤ ਦੇ ਦਿਨਾਂ ਵਿੱਚ ਉਹਨੂੰ ਸਾਡੇ ਉੱਤੇ ਪਵਿੱਤਰ ਆਤਮਾ ਦੀ ਸਮਰੱਥਾ ਵਿੱਚ ਪੇਸ਼ ਕੀਤਾ ਹੈ, ਅਸੀਂ ਇਹਨਾਂ ਬਲਵੰਤ ਹਜ਼ੂਰੀਆਂ ਲਈ ਅਵਿਨਾਸ਼ੀ ਪ੍ਰਮੇਸ਼ੁਰ ਦੇ ਬੜੇ ਹੀ ਸ਼ੁਕਰਗੁਜ਼ਾਰ ਹਾਂ। ਅਤੇ ਹੁਣ, ਪਿਤਾ, ਅਸੀਂ ਇੱਕ ਹੋਰ ਘੜੀ ਦਾ ਸਾਹਮਣਾ ਕਰ ਰਹੇ ਹਾਂ ਅਤੇ ਇਹ ਉਹ ਘੜੀ ਹੈ ਜੋ ਬਹੁਤਿਆਂ ਲੋਕਾਂ ਦੀ ਸਦੀਪਕ ਮੰਜ਼ਿਲ ਨੂੰ ਬਦਲ ਸੱਕਦੀ ਹੈ।

3 ਅਤੇ ਪ੍ਰਭੂ ਅਸੀਂ ਇਹਦੇ ਤੱਕ ਪਹੁੰਚਣ ਲਈ ਅਸਮਰੱਥ ਹਾਂ ਕਿਉਂਕਿ ਇਹ ਲਿਖਤਾਂ ਵਿੱਚ ਪਾਇਆ ਜਾਂਦਾ ਹੈ ਕਿ, "ਲੇਲੇ ਨੇ ਪੋਥੀ ਲਈ ਅਤੇ ਮੋਹਰਾਂ ਨੂੰ ਖੋਲ੍ਹਿਆ। "

4 ਅਸੀਂ ਦੁਆ ਕਰਦੇ ਹਾਂ, ਹੇ ਪ੍ਰਮੇਸ਼ੁਰ ਦੇ ਲੇਲੇ ਅਗਾਂਹ ਆ। ਪ੍ਰਭੂ ਅਸੀਂ ਤੈਨੂੰ ਜੋ ਕਿ ਮਹਾਨ ਮੁਕਤੀਦਾਤਾ ਹੈ ਪੁਕਾਰਦੇ ਹਾਂ। ਪਿਤਾ ਤੂੰ ਅੱਗੇ ਆ ਅਤੇ ਸਾਨੂੰ ਆਪਣੇ ਨਿਸਤਾਰੇ ਦੀ ਯੋਜਨਾ ਵਿਖਾ ਜੋ ਵਰ੍ਹਿਆਂ ਤੋਂ ਗੁਪਤ ਹੈ,ਅੱਜ ਰਾਤ ਤੂੰ ਸਾਡੇ ਲਈ ਇਸ ਪੰਜਵੀਂ ਮੋਹਰ ਨੂੰ ਖੋਲ੍ਹ ਦੇ ਅਤੇ ਸਾਡੇ ਉੱਤੇ ਪ੍ਰਗਟ ਕਰ ਕਿ ਇਸ ਮੋਹਰ ਦੇ ਥੱਲੇ ਕੀ ਹੈ ਤਾਂ ਕਿ ਅਸੀਂ ਉਸ ਨਾਲ ਹੋਰ ਬੇਹਤਰ ਮਸੀਹੀ ਦੇ ਰੂਪ ਵਿੱਚ ਜੋ ਕਿ ਅਸੀਂ ਹੁਣ ਹਾਂ ਇੱਥੋਂ ਬਾਹਰ ਆ ਸਕੀਏ ਅਤੇ ਉਸ ਕੰਮ ਦੇ ਲਈ ਯੋਗ ਹੋ ਸਕੀਏ ਜੋ ਹੋਣਾ ਹੈ। ਅਸੀਂ ਇਹ ਦੁਆ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

ਕਿਰਪਾ ਕਰਕੇ ਬੈਠ ਜਾਓ।

5 ਦੋਸਤੋ ਸ਼ੁੱਭ ਸ਼ਾਮ। ਅੱਜ ਰਾਤ ਇਸ ਮਹਾਨ ਘਟਨਾ ਤੇ ਇੱਥੇ ਹੋਣ ਲਈ ਮੈਂ ਇੱਕ ਬਹੁਤ ਵੱਡਾ ਭਾਗ ਸਮਝਦਾ ਹਾਂ। ਮੈਂ ਕੋਈ ਐਸੀ ਜਗ੍ਹਾ ਨਹੀਂ ਜਾਣਦਾ ਹਾਂ ਸਿਵਾਏ ਰਾਜੇ ਦੇ ਕੰਮ ਤੋਂ ਜਿੱਥੇ ਕਿ ਮੈਨੂੰ ਵੱਧੇਰੇ ਚੰਗਾ ਲੱਗਦਾ ਹੋਵੇ। ਅਤੇ ਹੁਣ ਅਸੀਂ ਖਾਸ ਕਰਕੇ ਇਹਨਾਂ ਪਾਠਾਂ ਵੱਲ ਆ ਰਹੇ ਹਾਂ ਜਿਹਦੇ ਲਈ ਕਿ ਅਸੀਂ ਬਸ ਉਡੀਕ ਕਰ ਰਹੇ ਹਾਂ, ਜੇ ਉਹ ਇਹਨੂੰ ਮੇਰੇ ਉੱਤੇ ਪ੍ਰਗਟ ਨਹੀਂ ਕਰਦਾ ਤਾਂ ਮੈਂ ਤੁਹਾਨੂੰ ਇਹ ਨਹੀਂ ਦੱਸ ਸਕਾਂਗਾ। ਮੈਂ ਆਪਣੇ ਹੀ ਵਿਚਾਰ ਜਾਂ ਕੁਝ ਹੋਰ ਦੱਸਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹਾਂ, ਮੈਂ ਤਾਂ ਇਹਨੂੰ ਬਸ ਉਸੇ ਤਰ੍ਹਾਂ ਹੀ ਦੱਸਾਂਗਾ ਜਿਵੇਂ ਉਹ ਮੈਨੂੰ ਦੱਸੇਗਾ। ਇਹ ਸਹੀ ਗੱਲ ਹੈ। ਅਤੇ ਮੈਨੂੰ ਯਕੀਨ ਹੈ ਕਿ ਮੈਂ ਆਪਣੇ ਹੀ ਵਿਚਾਰਾਂ ਨੂੰ ਇਸਤੇਮਾਲ ਨਹੀਂ ਕਰਦਾ ਹਾਂ ਅਤੇ ਇਹ ਬਿਲਕੁੱਲ ਉਸੇ ਤਰ੍ਹਾਂ ਹੀ ਆਉਂਦਾ ਹੈ ਜਿਵੇਂ ਕਿ ਇਹ ਹੈ। ਅਤੇ ਮੇਰੀ ਸਾਰੀ ਜ਼ਿੰਦਗੀ ਵਿੱਚ ਇਹ ਕਦੇ ਵੀ ਗਲਤ ਨਹੀਂ ਹੋਇਆ ਹੈ। ਅਤੇ ਇਸ ਵਾਰ ਵੀ ਇਹ ਗਲਤ ਨਹੀਂ ਹੋਵੇਗਾ।

6 ਹੁਣ, ਅਸੀਂ ਉਸਦੇ ਲਈ ਬੜੇ ਹੀ ਪ੍ਰਸੰਨ ਅਤੇ ਧੰਨਵਾਦੀ ਹਾਂ ਜੋ ਉਸਨੇ- ਜੀਉਂਦੇ ਪ੍ਰਮੇਸ਼ੁਰ ਦੇ ਮਹਾਨ ਭੇਤ-ਭਰੇ ਹੱਥ ਨੇ ਸਾਡੇ ਲਈ ਕੀਤਾ ਹੈ। ਕੀ ਇਸ ਤੋਂ ਵੱਧ ਮਹਾਨ ਚੀਜ਼ ਕੋਈ ਹੋਰ

ਹੋ ਸੱਕਦੀ ਹੈ, ਅਸੀਂ ਕਿੰਨੇ ਜਿਆਦਾ ਭਾਗਾਂ ਵਾਲੇ ਲੋਕ ਹਾਂ ਕਿ ਸਾਡੇ ਨਾਲ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾਂ ਹਾਜ਼ਰ ਹੈ?

7 ਆਪਣੇ ਦੇਸ਼ ਦੇ ਰਾਸ਼ਟਰਪਤੀ ਦੇ ਸ਼ਹਿਰ ਵਿੱਚ ਆਉਣ ਲਈ ਅਸੀਂ ਸ਼ਾਇਦ ਸੀਟੀਆਂ ਵਜਾਵਾਂਗੇ ਅਤੇ ਝੰਡੇ ਚੜ੍ਹਾਵਾਂਗੇ, ਗਲੀਚੇ ਅਤੇ ਕਲੀਨ ਅਤੇ ਹੋਰ ਸੱਭ ਕੁਝ ਕਰਾਂਗੇ। ਪ੍ਰੰਤੂ ਜਰਾ ਸੋਚੋ, ਉਹ ਸੱਭ ਕਰਨਾ ਤਾਂ ਠੀਕ ਹੋਵੇਗਾ, ਇਹ ਸ਼ਹਿਰ ਦੇ ਲਈ ਇੱਕ ਸਨਮਾਨ ਹੋਵੇਗਾ।

8 ਪ੍ਰੰਤੂ ਸੋਚੋ। ਅੱਜ ਰਾਤ ਅਸੀਂ ਆਪਣੇ ਇਸ ਛੋਟੇ ਜਿਹੇ ਹਲੀਮ ਡੇਰੇ ਵਿੱਚ ਰਾਜਿਆਂ ਦੇ ਰਾਜੇ ਅਤੇ ਪ੍ਰਮੇਸ਼ੁਰ ਨੂੰ ਸੱਦਾ ਦੇ ਰਹੇ ਹਾਂ; ਅਤੇ ਅਸੀਂ ਨਹੀਂ .......ਉਹ ਇਹ ਤਾਂ ਨਹੀਂ ਚਾਹੁੰਦਾ ਹੈ ਕਿ ਗਲੀਚੇ ਵਿਛਾਏ ਜਾਣ ਅਤੇ ਹੋਰ ਹੋਰ ਕੀਤਾ ਜਾਵੇ। ਉਹ ਤਾਂ ਇਹ ਚਾਹੁੰਦਾ ਹੈ ਕਿ ਹਲੀਮ ਦਿਲਾਂ ਨੂੰ ਵਿਛਾ ਦਿੱਤਾ ਜਾਵੇ ਤਾਂ ਕਿ ਉਹ ਉਹਨਾਂ ਹਲੀਮ ਦਿਲਾਂ ਨੂੰ ਲੈ ਸਕੇ ਅਤੇ ਉਹਨਾਂ ਤੇ ਉਹਨਾਂ ਚੰਗੀਆਂ ਗੱਲਾਂ ਨੂੰ ਪ੍ਰਗਟ ਕਰੇ ਜਿਹੜੀਆਂ ਉਸਨੇ ਉਹਨਾਂ ਲਈ ਰੱਖੀਆਂ ਹਨ ਜਿਹੜੇ ਉਸਨੂੰ ਪਿਆਰ ਕਰਦੇ ਹਨ।

9 ਹੁਣ ਅਸੀਂ ਪੁੱਛਿਆ...... ਅਤੇ ਮੇਰੇ ਕੋਲ ਇੱਕ ਗਵਾਹੀ ਹੈ ਜਿਹੜੀ ਮੈਂ ਦੱਸਣਾ ਚਾਹੁੰਦਾ ਹਾਂ। ਹੁਣ, ਮੈਂ ਇਹਨੂੰ ਬਸ ਸੁਣਿਆ ਹੈ ਇਸ ਲਈ ਮੈਂ ਇਹਦੇ ਤੇ ਗਲਤੀ ਕਰ ਸੱਕਦਾ ਹਾਂ ਅਤੇ ਇਹ ਹੋ ਸੱਕਦਾ ਹੈ ਕਿ ਮੈਂ ਇਹਦੇ ਬਾਰੇ ਵਿੱਚ ਗਲਤ ਕਹਿ ਦਿਆਂ, ਪ੍ਰੰਤੂ ਮੈਂ ਸੋਚਦਾ ਹਾਂ ਕਿ ਇੱਥੇ ਉਹ ਲੋਕ ਬੈਠੇ ਹੋਏ ਹਨ ਜਿਹਨਾਂ ਤੇ ਇਹ ਗਵਾਹੀ ਲਾਗੂ ਹੁੰਦੀ ਹੈ।

10 ਅਤੇ ਕੁਝ ਦਿਨ ਪਹਿਲਾਂ ਜਦੋਂ ਮੈਂ ਅਰੀਜੋਨਾ ਵਿੱਚ ਆਪਣੇ ਘਰੋਂ ਬਾਹਰ ਸੀ ਤਾਂ ਮੈਨੂੰ ਇੱਕ ਟੈਲੀਫੂਨ ਆਇਆ ਅਤੇ ਇਹ ਦੱਸਿਆ ਗਿਆ ਕਿ ਇੱਕ ਛੋਟੇ ਮੁੰਡੇ ਨੂੰ ਜੋੜਾਂ ਦੇ ਦਰਦ ਦਾ ਬੁਖ਼ਾਰ ਹੋ ਗਿਆ ਹੈ। ਅਤੇ ਇਹ ਉਸਦੇ ਦਿਲ ਤੱਕ ਪਹੁੰਚ ਗਿਆ ਸੀ। ਅਤੇ ਉਸਦੀ ਹਾਲਤ ਅਜਿਹੀ ਸੀ .......ਉਸਦੇ ਮਾਂ ਬਾਪ ਮੇਰੇ ਬਹੁਤ ਹੀ ਪਿਆਰੇ ਅਤੇ ਬੇਸ਼ਕੀਮਤੀ ਮਿੱਤਰ ਹਨ। ਉਸਦਾ ਪਿਤਾ ਸਾਡੀ ਕਲੀਸਿਯਾ ਦੇ ਡੀਕਨਾਂ ਵਿੱਚੋਂ ਇੱਕ ਡੀਕਨ ਹੈ ਅਤੇ ਉਸਦਾ ਨਾਮ ਭਾਈ ਕੋਲਿੰਸ ਹੈ। ਉਸਦਾ ਛੋਟਾ ਜਿਹਾ ਮੁੰਡਾ ਮਿੱਕੀ (ਜਿਹੜਾ ਜੋਏ ਨਾਲ ਖੇਡਦਾ ਹੈ)ਦਿਲ ਦੇ ਰੁਮੈਟਿਕ ਬੁਖ਼ਾਰ ਨਾਲ ਦੁੱਖ ਪਾ ਰਿਹਾ ਸੀ। ਅਤੇ ਡਾਕਟਰਾਂ ਨੇ ਉਸਨੂੰ ਘਰ ਭੇਜ ਦਿੱਤਾ ਸੀ ਅਤੇ ਉਹਨੂੰ ਬਿਸਤਰੇ ਤੇ ਲਿਟਾ ਦਿੱਤਾ ਸੀ, ਅਤੇ ਡਾਕਟਰਾਂ ਨੇ ਉਸਦੇ ਮਾਂ ਪਿਓ ਨੂੰ ਕਹਿ ਦਿੱਤਾ ਸੀ ਕਿ ਉਹ ਉਸਨੂੰ ਪਲੰਘ ਤੋਂ ਉੱਠਣ ਨਾ ਦੇਣ ਅਤੇ ਨਾ ਹੀ ਉਸਦਾ ਸਿਰ ਉੱਪਰ ਚੁੱਕਣ ਨਾ ਹੀ ਉਸਨੂੰ ਪਾਣੀ ਪੀਣ ਦੇਣ। ਅਤੇ ਉਹ ਨਾਲੀ ਦੇ ਨਾਲ ਪਾਣੀ ਪੀਂਦਾ ਸੀ ਉਸਦੀ ਹਾਲਤ ਬਹੁਤ ਹੀ ਖਰਾਬ ਸੀ। ਅਤੇ ਉਸਦੇ ਮਾਂ-ਬਾਪ ਜਿਹੜੇ ਕਿ ਖੁਦਾ ਲਈ ਬੜੇ ਵਫਾਦਾਰ ਹਨ ਇੱਥੇ ਭਵਨ ਵਿੱਚ ਆਏ ਅਤੇ ਵਿਸ਼ਵਾਸ਼ ਕੀਤਾ।

11 ਅਤੇ ਕੁਝ ਰਾਤਾਂ ਪਹਿਲਾਂ, ਅਜਿਹਾ ਨਹੀਂ ਕਿ ਅਸੀਂ ਉਡੀਕ ਕਰ ਰਹੇ ਸਾਂ .......ਅਸੀਂ ਐਤਵਾਰ ਨੂੰ ਚੰਗਾਈ ਸਭਾਵਾਂ ਕਰਨ ਦਾ ਐਲਾਨ ਕਰ ਦਿੱਤਾ। ਪ੍ਰੰਤੂ ਇਹ ਵੇਖਦੇ ਹੋਏ ਕਿ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ਸਾਨੂੰ ਚੰਗਾਈ ਸਭਾ ਨੂੰ ਛੱਡਣਾ ਪਿਆ ਸੀ।

12 ਅਤੇ ਇੱਕ ਛੋਟੀ ਜਿਹੀ ਗੱਲ ਸੀ ਜਿਹਨੂੰ ਮੈਂ ਆਪਣੇ ਅੰਦਰ, ਦਿਲ ਵਿੱਚ ਰੱਖਿਆ ਸੀ।



ਪਵਿੱਤਰ ਆਤਮਾ ਦੇ ਨਾਲ ਭਰ ਦੇਵੇ। ਅਤੇ ਜੇਕਰ ਤੁਸੀਂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਹੈ ਤਾਂ ਪਾਣੀ ਤੁਹਾਡੀ ਉਡੀਕ ਕਰ ਰਿਹਾ ਹੈ। ਆਓ ਅਸੀਂ ਦੁਆ ਕਰੀਏ।

468 ਪ੍ਰਭੂ ਪ੍ਰਮੇਸ਼ੁਰ ਲੋਕਾਂ ਦੇ ਅਨੇਕਾਂ ਹੱਥ ਉੱਪਰ ਉੱਠੇ ਹੋਏ ਹਨ। ਮੈਨੂੰ ਯਕੀਨ ਹੈ ਕਿ ਤੂੰ ਉਹ ਹੀ ਯਿਸੂ ਮਸੀਹ ਹੈਂ ਜਿਹਨੇ ਸਾਡੇ ਪ੍ਰਾਸ਼ਚਿਤ ਲਈ ਕਈ ਸਾਲ ਪਹਿਲਾਂ ਲਹੂ ਬਹਾਇਆ ਸੀ। ਅਤੇ ਉਹਨਾਂ ਮੋਹਰਾਂ ਦੇ ਪ੍ਰਕਾਸ਼ ਨੂੰ ਵੇਖਣ ਰਾਹੀਂ ਜੋ ਇੱਥੇ ਕੁਝ ਹੀ ਸਾਲਾਂ ਵਿੱਚ ਘਟੀਆਂ ਹਨ, ਮੈਂ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ਼ ਕਰਦਾ ਹਾਂ ਕਿ ਕਿਰਪਾ ਦਾ ਦਰਵਾਜ਼ਾ ਬੰਦ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਹੁਣ ਤੂੰ ਆਪਣੇ ਛੁਡਾਏ ਹੋਏ ਲੋਕਾਂ ਨੂੰ ਲੈਣ ਲਈ ਯਾਤਰਾ ਲਈ ਤਿਆਰ ਹੈ। ਜਦਕਿ ਸਥਾਨ ਹੈ ਅਤੇ ਇੱਕ ਦਰਵਾਜਾ ਖੁੱਲ੍ਹਾ ਹੋਇਆ ਹੈ ਜਿਵੇਂ ਕਿ ਨੂਹ ਦੇ ਦਿਨਾਂ ਵਿੱਚ ਸੀ। ਹੋਣ ਦੇ ਕਿ ਇਹ ਕੀਮਤੀ ਰੂਹਾਂ ਜੋ ਕਿ ਇਸ ਸ਼ਰੀਰ ਦੇ ਡੇਰੇ ਵਿੱਚ ਰਹਿੰਦੀਆਂ ਹਨ ਜੋ ਕਿ ਕਿਸੇ ਦਿਨ ਢਹਿ ਜਾਵੇਗਾ, ਜਿਹਨਾਂ ਨੇ ਕਿ ਅੰਦਰੋਂ ਹੁੰਦੇ ਹੋਏ ਇਹਨਾਂ ਮਰਨਹਾਰ ਹੱਥਾਂ ਨੂੰ ਉਠਾਇਆ ਹੈ ਕਿਉਂਕਿ ਇਹ ਸਹਿਮਤ ਹਨ ਅਤੇ ਆਪਣੀ ਘੋਸ਼ਣਾ ਦੇ ਨਾਲ ਤੇਰੀ ਮੁਕਤੀ ਦੀ ਪੇਸ਼ਕਸ਼ ਨੂੰ ਕਬੂਲ ਕਰਦੇ ਹਨ, ਇਸ ਮੋਹਰ ਬੰਦ ਪੋਥੀ ਖੁੱਲ੍ਹਣ ਦੇ ਦੁਆਰਾ ਜੋ ਸਾਡੇ ਲਈ ਖੋਲ੍ਹੀ ਗਈ ਹੈ। ਪ੍ਰਭੂ ਅੱਜ ਰਾਤ ਇਨ੍ਹਾਂ ਨੂੰ ਯਿਸੂ ਮਸੀਹ ਦੀ ਧਾਰਮਿਕਤਾ ਦਾ ਵਸਤਰ ਬਖਸ਼ ਦੇਹ ਅਤੇ ਉਹਨਾਂ ਦੀ ਜਾਨ ਨੂੰ ਇਹਦੇ ਵਿੱਚ ਢੱਕ ਦੇਹ ਤਾਂ ਕਿ ਉਸ ਦਿਨ ਤੇਰੇ ਸਾਮ੍ਹਣੇ ਖੜ੍ਹੇ ਹੋ ਸਕਣ ਜੋ ਕਿ ਬੜਾ ਨੇੜੇ ਹੈ ਮਸੀਹ ਦੇ ਲਹੂ ਨਾਲ ਸ਼ੁੱਧ ਕਰੇ।

469 ਪ੍ਰਭੂ ਪਰਮੇਸ਼ੁਰ, ਜੇ ਇਹਨਾਂ ਨੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਹੈ। ਅਤੇ ਇਹਦੇ ਵਾਰੇ ਵਿੱਚ ਤੂੰ ਜਿਹੜਾ ਮੈਨੂੰ ਪ੍ਰਕਾਸ਼ ਦਿੱਤਾ ਹੈ ਅਤੇ ਇਹ ਵੇਖ ਕੇ ਕਿ ਪੌਲੁਸ ਨੇ ਰਸੂਲਾਂ ਦੇ ਕਰਤੱਵ 19 ਬਾਬ ਵਿੱਚ ਉਨ੍ਹਾਂ ਲੋਕਾਂ ਨੂੰ ਜਿਹਨਾਂ ਦਾ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਰਾਹੀਂ ਬਪਤਿਸਮਾ ਹੋ ਚੁੱਕਾ ਸੀ : ਪਵਿੱਤਰ ਆਤਮਾ ਪਾਉਣ ਲਈ ਯਿਸੂ ਮਸੀਹ ਦੇ ਨਾਮ ਫਿਰ ਦੁਬਾਰਾ ਬਪਤਿਸਮਾ ਲੈਣ ਦੀ ਆਗਿਆ ਦਿੱਤੀ ਸੀ। ਅਤੇ ਪ੍ਰਭੂ ਮੈਂ ਮੰਗਦਾ ਹਾਂ ਕਿ ਤੂੰ ਉਹਨਾਂ ਨੂੰ ਸੱਚਾਈ ਕਬੂਲ ਕਰਨ ਲਈ ਕਾਇਲ ਕਰ ਅਤੇ ਕਾਸ਼ ਕਿ ਉਹ ਤੇਰੀ ਆਗਿਆਕਾਰੀ ਕਰਨ।

470 ਅਤੇ ਫਿਰ ਉਹਨਾਂ ਦੇ ਸਵੀਕਾਰ ਕਰਨ ਦੀ ਆਗਿਆਕਾਰੀ ਵਿੱਚ ਅਤੇ ਪਾਣੀ ਤੱਕ ਜਾਣ ਲਈ, ਕਾਸ਼ ਕਿ ਤੂੰ ਵਾਪਸੀ ਵਿੱਚ ਉਹਨਾਂ ਨੂੰ ਸ਼ਕਤੀ ਦੀ ਸੇਵਾ ਲਈ ਪਵਿੱਤਰ ਆਤਮਾ ਦੇ ਨਾਲ ਭਰ ਕੇ ਭਰਪੂਰ ਕਰੇਂਗਾ। ਮੈਂ ਹੁਣ ਉਹਨਾਂ ਨੂੰ ਪ੍ਰਮੇਸ਼ੁਰ ਦੇ ਬਲੀਦਾਨ ਕੀਤੇ ਹੋਏ ਲੇਲੇ ਦੇ ਨਾਮ ਵਿੱਚ ਤੈਨੂੰ ਸੌਂਪਦਾ ਹਾਂ। ਆਮੀਨ। ਆਮੀਨ।

ਮੈਂ ਉਹਦੇ ਨਾਲ ਪਿਆਰ ਕਰਦਾ ਹਾਂ
ਮੈਂ ਉਹਦੇ ਨਾਲ ਪਿਆਰ ਕਰਦਾ ਹਾਂ
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਕਰੂਸ ਤੇ ਖਰੀਦਿਆ।

471 ਹੁਣ ਇਹ ਗੱਲ ਉਹਨਾਂ ਦੇ ਲਈ ਹੈ ਜਿਹਨਾਂ ਨੇ ਆਪਣੇ ਹੱਥਾਂ ਨੂੰ ਉੱਪਰ ਉਠਾਇਆ ਹੋਇਆ ਹੈ, ਤੁਸੀਂ ਆਤਮਾ ਦੀਆਂ ਅਗਿਆਵਾਂ ਦੀ ਪਾਲਣਾ ਕਰੋ, ਉਹ ਇੱਕ ਤੋਬਾ ਕੀਤੇ ਹੋਏ ਪਾਪੀ

ਸੀ ਅਤੇ ਕਿਸੇ ਵੀ ਮਰਨਹਾਰ ਮਨੁੱਖ ਤੋਂ ਵੱਧ ਦੁੱਖ ਉਠਾਇਆ ਸੀ। ਕੋਈ ਵੀ ਮਰਨਹਾਰ ਜੀਵ ਇਸ ਤਰ੍ਹਾਂ ਨਹੀਂ ਹੋ ਸੱਕਦਾ ਹੈ ਜੋ ਉਨ੍ਹਾਂ ਦੁੱਖਾਂ ਨੂੰ ਸਹਿ ਸੱਕਦਾ ਜਿਹੜੇ ਉਸਨੇ ਸਹੇ ਸਨ। ਇੱਥੋਂ ਤੱਕ ਕਿ ਉਸਦਾ ਦੁੱਖ ਇੰਨਾ ਸੀ ਕਿ ਉਹਦੇ ਲਹੂ ਤੋਂ ਉਹਦੇ ਪਾਣੀ ਨੂੰ ਉਹ ਦੀਆਂ ਨਾੜਾਂ ਵਿੱਚ ਵੱਖਰਿਆਂ ਕਰ ਦਿੱਤਾ। ਕਲਵਰੀ ਤੇ ਪਹੁੰਚਣ ਤੋਂ ਪਹਿਲਾਂ ਉਸਦੇ ਸ਼ਰੀਰ ਵਿੱਚੋਂ ਖੂਨ ਦੀਆਂ ਬੂੰਦਾਂ ਬਾਹਰ ਨਿੱਕਲ ਰਹੀਆਂ ਸਨ, ਏਨਾ ਜਿਆਦਾ ਦੁੱਖ ਅਤੇ ਟੁੱਟੇ ਦਿਲ ਨਾਨ ਉਸਨੇ ਇਹ ਕਰਨਾ ਸੀ। ਉਹ ਇਸ ਤੋਂ ਮਨ੍ਹਾਂ ਵੀ ਕਰ ਸੱਕਦਾ ਸੀ ਪ੍ਰੰਤੂ ਉਸਨੇ ਆਪਣੀ ਇੱਛਾ ਦੇ ਨਾਲ ਇਹ ਕੰਮ ਮੇਰੇ ਅਤੇ ਤੁਹਾਡੇ ਲਈ ਕੀਤਾ ਸੀ। ਕੀ ਤੁਸੀਂ ਇਸ ਤਰ੍ਹਾਂ ਦੇ ਅਨੋਖੇ ਪਿਆਰ ਨੂੰ ਜਿਹਦੀ ਤੁਲਨਾ ਨਹੀਂ ਕੀਤੀ ਜਾ ਸੱਕਦੀ ਰੱਦ ਕਰ ਸੱਕਦੇ ਹੋ?

464 ਅਤੇ ਹੁਣ ਇਹਨਾਂ ਮੋਹਰਾਂ ਦੇ ਖੁੱਲ੍ਹਣ ਦੇ ਰਾਹੀਂ ਤੁਸੀਂ ਵੇਖ ਲਿਆ ਹੈ ਕਿ ਤੁਸੀਂ ਕੀ ਕੀਤਾ ਸੀ ਅਤੇ ਖੁਦਾ ਨੇ ਤੁਹਾਡੇ ਲਈ ਕੀ ਕੀਤਾ ਹੈ। ਅਤੇ ਕੀ ਤੁਸੀਂ ਆਪਣੀ ਜ਼ਿੰਦਗੀ ਪ੍ਰਮੇਸ਼ੁਰ ਨੂੰ ਸਮਰਪਿਤ ਕਰਨ ਲਈ ਤਿਆਰ ਹੋ ਅਤੇ ਉਹ ਤੁਹਾਨੂੰ ਮਸੀਹ ਵਿਰੋਧੀ ਦੇ ਪੰਜੇ ਵਿੱਚੋਂ ਜਿਹਦੇ ਵਿੱਚ ਕਿ ਤੁਸੀਂ ਇਸ ਵੇਲੇ ਹੋ, ਬਾਹਰ ਕੱਢੇਗਾ ? ਕੀ ਤੁਸੀਂ ਉਸਦੀ ਪੇਸ਼ਕਸ਼ ਨੂੰ ਸਵੀਕਾਰ ਕਰੋਗੇ। ਤੁਸੀਂ ਆਪਣੇ ਹੱਥ ਨੂੰ ਉਸਦੇ ਵੱਲ ਉੱਪਰ ਉਠਾਉਣ ਦੇ ਰਾਹੀਂ ਅਤੇ ਇਹ ਕਹਿਣ ਦੇ ਰਾਹੀਂ ਕਿ "ਪ੍ਰਮੇਸ਼ੁਰ ਮੈਂ ਇਹਦੇ ਰਾਹੀਂ ਸੰਕੇਤ ਕਰਦਾ ਹਾਂ। ਮੈਂ ਕਿਰਪਾ ਦੀ ਉਸ ਪੇਸ਼ਕਸ਼ ਨੂੰ ਸਵੀਕਾਰ ਕਰਦਾ ਹਾਂ। "

465 "ਅਤੇ ਭਾਈ ਬ੍ਰਾਨਹਾਮ ਮੈਂ ਤੁਹਾਡੀ ਦੁਆ ਦੀ ਇੱਛਾ ਕਰਦਾ ਹਾਂ ਕਿ ਮੈਂ ਹਮੇਸ਼ਾਂ ਇਮਾਨਦਾਰ ਰਹਾਂਗਾ। "

466 ਤੁਸੀਂ ਆਪਣੇ ਹੱਥ ਉਪਰ ਉਠਾਓ ਅਤੇ ਮੈਂ ਤੁਹਾਡੇ ਲਈ ਦੁਆ ਕਰਾਂਗਾ। ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਇਸ ਨੂੰ ਸੱਚ ਵਿੱਚ ਹੀ ਕਰੋ। ਜਦ ਤੱਕ ਤੁਸੀਂ ਨਹੀਂ ਚਾਹੁੰਦੇ ਇਹਨੂੰ ਨਾ ਕਰੋ। ਅਤੇ ਜਿੱਥੇ ਕਿਤੇ ਵੀ ਤੁਸੀਂ ਬੈਠੇ ਹੋਏ ਹੋ ਤੁਸੀਂ ਇਹਨੂੰ ਉੱਥੇ ਹੀ ਕਬੂਲ ਕਰ ਲਓ। ਕਿਉਂਕਿ ਤੁਸੀਂ ਯਾਦ ਰੱਖੋ ਤੁਸੀਂ ਆਪਣੇ ਹੱਥ ਨੂੰ ਤਦ ਤੱਕ ਉੱਪਰ ਨਹੀਂ ਉਠਾ ਸੱਕਦੇ ਸੀ ਜਦ ਤੱਕ ਕਿ ਕਿਸੇ ਨੇ ਤੁਹਾਨੂੰ ਇਸ ਤਰ੍ਹਾਂ ਕਰਨ ਲਈ ਨਾ ਕਿਹਾ ਹੁੰਦਾ। ਕਿਸੇ ਹੋਰ ਨੇ ਨਹੀਂ ਬਲਕਿ ਖੁਦਾ ਨੇ ਹੀ ਇਸ ਤਰ੍ਹਾਂ ਕੀਤਾ ਹੈ।

467 ਇਸ ਲਈ ਹੁਣ ਤੁਸੀਂ ਲਿਖਤਾਂ ਨੂੰ ਇੰਨੀ ਸਿੱਧਤਾ ਵਿੱਚ ਖੁੱਲ੍ਹਿਆ ਹੋਇਆ ਵੇਖਦੇ ਹੋ। ਤੁਸੀਂ ਵੇਖਦੇ ਹੋ ਕਿ ਪਿਛਲੇ ਵੀਹ ਜਾਂ ਤੀਹ ਸਾਲਾਂ ਵਿੱਚ ਅਰ ਸਾਰੇ ਯੁੱਗਾਂ ਦੌਰਾਨ ਕੀ ਹੋ ਰਿਹਾ ਸੀ। ਤੁਸੀਂ ਇਹਨੂੰ ਸੰਪੂਰਣ ਤੌਰ ਤੇ ਪ੍ਰਮਾਣਿਤ ਹੁੰਦਾ ਵੇਖਦੇ ਹੋ। ਤੁਸੀਂ ਵੇਖਦੇ ਹੋ ਕਿ ਵਚਨ ਬਿਲਕੁੱਲ ਠੀਕ-ਠੀਕ ਦੱਸ ਰਿਹਾ ਹੈ ਕਿ ਅਸਲ ਵਿੱਚ ਕੀ ਸੀ ਅਤੇ ਕੀ ਹੋਣ ਵਾਲਾ ਹੈ। ਉਸ ਵਿਸ਼ਵਾਸ਼ ਦੇ ਨਾਲ ਜਿਹੜਾ ਤੁਹਾਡਾ ਮਸੀਹ ਦੇ ਕੰਮਾਂ ਵਿੱਚ ਹੈ ; ਤੁਸੀਂ ਇੱਥੇ ਇਸ ਵੇਲੇ ਬੈਠੇ ਹੋਏ ਹੋ। ਆਪਣੇ ਹੱਥਾਂ ਨੂੰ ਉੱਪਰ ਉਠਾਓ ਅਤੇ ਕਹੋ, "ਇਸੇ ਵੇਲੇ ਹੀ ਇਹਦਾ ਨਬੇੜਾ ਹੋ ਗਿਆ ਹੈ।" ਹੁਣ ਮੈਂ ਮਸੀਹ ਨੂੰ ਆਪਣਾ ਮੁਕਤੀਦਾਤਾ ਕਬੂਲ ਕਰਦਾ ਹਾਂ। ਅਤੇ ਬਾਕੀ ਦਾ ਸਾਰਾ ਜੀਵਨ ਮੈਂ ਉਸਦੀ ਸੇਵਾ ਕਰਾਂਗਾ। ਅਰ ਮੈਂ ਖੁਦਾ ਕੋਲੋਂ ਆਸ ਕਰਦਾ ਹਾਂ ਅਤੇ ਮੇਰੀ ਇੱਛਾ ਹੈ ਕਿ ਉਹ ਮੈਨੂੰ



13 ਅਤੇ ਉਸ ਬੱਚੇ ਦੇ ਮਾਂ -ਪਿਓ ਇਹ ਜਾਨਣਾ ਚਾਹੁੰਦੇ ਸਨ ਕਿ ਉਹ ਬੱਚੇ ਨੂੰ ਕਮਰੇ ਵਿੱਚ ਲਿਆ ਸੱਕਦੇ ਹਨ। ਅਰ ਉਹ ਉਸ ਛੋਟੇ ਬੱਚੇ ਨੂੰ ਕਮਰੇ ਵਿੱਚ ਲੈ ਕੇ ਆਏ ਅਤੇ ਪਵਿੱਤਰ ਆਤਮਾ ਨੇ ਉਸਦੇ ਚੰਗੇ ਹੋਣ ਦਾ ਐਲਾਨ ਕੀਤਾ।

14 ਅਤੇ ਇਸ ਲਈ ਜੋ ਬੱਚੇ ਦੇ ਮਾਂ-ਬਾਪ ਇਹਦਾ ਆਦਰ ਕਰਦੇ ਹੋਏ ਉਸ ਛੋਟੇ ਬੱਚੇ ਨੂੰ ਘਰ ਲੈ ਕੇ ਗਏ ਅਤੇ ਉਸਨੂੰ ਸਕੂਲ ਘੱਲ ਦਿੱਤਾ, ਉਹਨਾਂ ਨੇ ਬਸ ਉਸਨੂੰ ਸਕੂਲ ਭੇਜ ਦਿੱਤਾ।

15 ਜਦ ਡਾਕਟਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਇਸ ਤਰ੍ਹਾਂ ਦੀ ਗੱਲ ਤੋਂ ਕੋਈ ਜਿਆਦਾ ਖੁਸ਼ ਨਹੀਂ ਸੀ, ਸੋ ਉਸਨੇ ਮਾਂ ਨੂੰ ਆਖਿਆ ਕਿ ਇਹ ਬੱਚਾ ਤਾਂ ਜਰੂਰ ਹੀ ਪਲੰਘ ਤੇ ਹੋਣਾ ਚਾਹੀਦਾ ਹੈ ; ਅਤੇ ਉਸ ਬੱਚੇ ਦੀ ਮਾਂ ਨੇ ਉਸਨੂੰ ਸਾਰੀ ਕਹਾਣੀ ਸਣਾਈ। ਅਤੇ ਮੈਂ ਸੋਚਦਾ ਹਾਂ ਕਿ ਉਹ ਡਾਕਟਰ ਕਿਸੇ ਜੱਥੇਬੰਦ ਕਲੀਸਿਯਾ ਦਾ ਵਿਸ਼ਵਾਸ਼ੀ ਹੈ। ਉਹ ਸੈਵਨਥ ਡੇ ਐਡਵੈਨਟਿਸਟ ਮਿਸ਼ਨ ਨਾਨ ਸਬੰਧ ਰੱਖਦਾ ਹੈ। ਅਤੇ ਉਸਨੇ ਕਿਹਾ, " ਚੰਗਾ, ਤੁਹਾਨੂੰ ਚਾਹੀਦਾ ਹੈ ਕਿ .......ਇਹ ਸਮਾਂ ਹੈ ਕਿ ਮੈਂ ਬੱਚੇ ਦੀ ਜਾਂਚ ਕਰਾਂ। "ਆਖਿਆ," ਤੁਹਾਨੂੰ ਉਸਦੀ ਜਾਂਚ ਜਰੂਰ ਕਰਾਉਣੀ ਚਾਹੀਦੀ ਸੀ।

ਮਾਂ ਨੇ ਕਿਹਾ, " ਬਹੁਤ ਠੀਕ। "

16 ਉਹ ਉਸ ਬੱਚੇ ਨੂੰ ਲੈ ਗਏ, ਡਕਟਰ ਨੇ ਉਸਦੇ ਲਹੂ ਦੀ ਜਿਸ ਵਿੱਚ ਕਿ ਰੁਮੈਟਿਕ ਬੁਖਾਰ ਸੀ, ਜਾਂਚ ਕੀਤੀ। ਅਤੇ ਮੈਂ ਸੋਚਦਾ ਹਾਂ ਉਹ ਡਾਕਟਰ ਇੰਨਾ ਜਿਆਦਾ ਹੈਰਾਨ ਹੋ ਗਿਆ ਸੀ ਕਿ ਉਹ ਨਹੀਂ ਜਾਣਦਾ ਸੀ ਕਿ ਕੀ ਕਰਨਾ ਹੈ। ਉਹ ਛੋਟਾ ਬੱਚਾ ਬਿਲਕੁੱਲ ਠੀਕ ਹੈ, ਪੂਰੀ ਤਰ੍ਹਾਂ ਭਲਾ ਚੰਗਾ ਹੈ, ਕੋਈ ਵੀ ......?......

17 ਹੁਣ ਕੀ ਇੱਥੇ ਕੋਲਿਨਸ ਦੇ ਪਰਿਵਾਰ ਦੇ ਲੋਕ ਹਨ? ਹੋ ਸੱਕਦਾ ਹੈ ਕਿ ਮੈਂ ਇਸਨੂੰ ਠੀਕ-ਠੀਕ ਨਾ ਦੱਸਿਆ ਹੋਵੇ। ਮੈਂ ਚਾਹੁੰਦਾ ਹਾਂ ਕਿ .......ਭੈਣ ਕੋਲਿਨਸ, ਕੀ ਮੈਂ ਇਹ ਬਿਲਕੁੱਲ ਠੀਕ ਦੱਸਿਆ ਹੈ? ਜੀ ਹਾਂ। ਠੀਕ ਹੈ। ਜੀ ਹਾਂ, ਇਹ ਛੋਟਾ ਮਿੱਕੀ ਕੋਲਿਨਸ ਹੈ ਜੋ ਛੇ ਜਾਂ ਸੱਤ ਸਾਲ ਦਾ ਹੈ।

18 ਅਤੇ ਇਹ ਤਿੰਨ ਰਾਤਾਂ ਪਹਿਲਾਂ ਉਸ ਕਮਰੇ ਵਿੱਚ ਘਟਨਾ ਹੋਈ ਸੀ। ਔਹ, ਉਹ .......ਉਸ ਕਮਰੇ ਵਿੱਚ ਮਨੁੱਖ ਤੋਂ ਇਲਾਵਾ ਕੋਈ ਹੋਰ ਸੀ। ਅਤੇ ਇਹ ਸੱਚ ਹੈ ਕਿ ਉਹ ਮਹਾਨ ਅਤੇ ਸ਼ਕਤੀਸ਼ਾਲੀ ਯਹੋਵਾਹ ਸੀ ਜੋ ਆਪਣੇ ਵਚਨ ਨੂੰ ਸਨਮਾਨ ਦੇਣ ਲਈ ਆਉਂਦਾ ਹੈ। ਅਤੇ ਮੈਂ ਇਹ ਸੁਣ ਕੇ ਬਹੁਤ ਹੀ ਧੰਨਵਾਦੀ ਹਾਂ। ਸਮਝੇ? ਮੈਂ ਜਾਣਦਾ ਹਾਂ ਅਸੀਂ ਸਾਰੇ ਹੀ ਧੰਨਵਾਦੀ ਹਾਂ। ਮੈਂ ਇਕੱਲਾ ਹੀ ਨਹੀਂ ਬਲਕਿ ਤੁਸੀਂ ਸਾਰੇ ਵੀ ਉਸਦੇ ਧੰਨਵਾਦੀ ਹੋ, ਕਿਉਂਕਿ ਕੀ ਹੁੰਦਾ ਜੇ ਉਹ ਮੇਰਾ ਜਾਂ ਤੁਹਾਡਾ ਬੱਚਾ ਹੁੰਦਾ?

19 ਅਤੇ ਯਾਦ ਰੱਖੋ, ਮੈਂ ਤਾਂ ਬਸ ਇਹ ਇੱਧਰੋਂ-ਉੱਧਰੋਂ ਕੁਝ ਲੋਕਾਂ ਤੋਂ ਸੁਣ ਕੇ ਗਵਾਹੀ ਦੇ ਰਿਹਾਂ ਹਾਂ ; ਇਹ ਤਾਂ ਸਭਨੀਂ ਥਾਈਂ ਹੋ ਰਿਹਾ ਹੈ, ਪ੍ਰੰਤੂ ਮੈਂ ਇਹ ਇਸ ਲਈ ਦੱਸਿਆ ਹੈ ਕਿ ਤਾਂ ਇਸ ਗੱਲ ਤੋਂ ਜਾਣੂ ਕਰਾਵਾਂ ਕਿ ਮੇਰੀ ਅਸਲ ਸੇਵਕਾਈ ਰੱਬੀ ਚੰਗਾਈ ਉੱਤੇ ਹੈ। ਪਰ ਤੁਸੀਂ --ਮੈਂ ਇੱਥੇ ਇਹਨਾਂ ਮੋਹਰਾਂ ਲਈ ਹਾਂ ਕਿਉਂਕਿ .......ਤੁਸੀਂ ਥੋੜੀ ਦੇਰ ਬਾਦ ਸਮਝ ਜਾਂਗੇ ਕਿ ਮੈਂ

ਇਹ ਕਿਉਂ ਕਰਨਾ ਸੀ। ਮੈਂ ਸਿਖਾਉਣ ਵਾਲਾ ਨਹੀਂ ਹਾਂ, ਮੈਂ ਕੋਈ ਧਰਮ ਸਾਸ਼ਤਰ ਦਾ ਵਿਦਵਾਨ ਨਹੀਂ ਹਾਂ। ਮੈਂ ਤਾਂ ਬਸ ਬਿਮਾਰਾਂ ਲਈ ਦੁਆ ਕਰਦਾ ਹਾਂ, ਅਤੇ ਪ੍ਰਭੂ ਨਾਲ ਪਿਆਰ ਕਰਦਾ ਹਾਂ। ਅਤੇ ਹੁਣ ਇਸਦੇ ਵਿੱਚ ਭਾਵੇਂ .........

20 ਕੱਲ ਤਾਤ ਅਸੀਂ ਇੱਕ ਛੋਟੀ ਕੁੜੀ ਦੀ ਗਵਾਹੀ ਦੱਸੀ ਸੀ .......ਮੈਨੂੰ ਉਹਦਾ ਨਾਮ ਪਤਾ ਸੀ। ਅਤੇ ਬਿਲੀ ਇੱਥੇ ਹੀ ਕਿਤੇ ਉਸ ਕੁੜੀ ਦੇ ਮਾਂ ਪਿਓ ਨੂੰ ਮਿਲਿਆ ਸੀ ਅਰ ਉਸਦੇ ਮਾਂ ਪਿਓ ਕੌਣ ਹਨ। ਅਤੇ ਇਹ ਛੋਟੀ ਕੁੜੀ ਬਲੱਡ ਕੈਂਸਰ ਦੀ ਆਖਰੀ ਸਟੇਜ਼ ਵਿੱਚ ਸੀ, ਬਸ ......ਉਸ ਲੜਕੀ ਦੀ ਹਾਲਤ ਏਨੀ ਵਿਗੜ ਗਈ ਸੀ ਕਿ ਉਹ ਹੁਣ ਉਸਨੂੰ ਉਸਦੇ ਮੂੰਹ ਰਾਹੀਂ ਖਾਣਾ ਨਹੀਂ ਖੁਆ ਸੱਕਦੇ ਸਨ ;ਉਸਨੂੰ ਕਰਨਾ ਪੈਂਦਾ ਸੀ ......ਉਸ ਦੀਆਂ ਨਸਾਂ ਦੇ ਰਾਹੀਂ ਉਸਦੇ ਖੂਨ ਚੜਾਇਆ ਗਿਆ ਸੀ। ਅਤੇ ਉਹ ਬਹੁਤ ਹੀ ਪਿਆਰੀ ਛੋਟੀ ਜਿਹੀ ਬੱਚੀ ਸੀ। ਉਹ ਲੜਕੀ ਛੋਟੀ ਉਮਰ ਦੀ ਸੀ, ਮੇਰਾ ਅੰਦਾਜ਼ਾ ਹੈ, ਇਸ ਛੋਟੀ ਔਰਤ ਦੀ ਵਾਂਗ ਜੋ ਇੱਥੇ ਹੈ। ਪਰ ਉਸਦੀ ਉਚਾਈ ਏਨੀ ਸੀ-ਉਸਦੀ ਉਚਾਈ .......ਉਹ ਸਾਡੇ ਵਿੱਚੋਂ ਬਹੁਤਿਆਂ ਵਰਗੇ ਸਨ। ਤੁਸੀਂ ਉਸਦੇ ਅਤੇ ਉਸਦੇ ਮਾਂ -ਬਾਪ ਦੇ ਕੱਪੜਿਆਂ ਤੋਂ ਅੰਦਾਜਾਂ ਲਗਾ ਸੱਕਦੇ ਹੋ ਕਿ ਉਹ ਬਹੁਤ ਗਰੀਬ ਸਨ, ਉਹ ਇਸੇ ਤਰ੍ਹਾਂ ਦੇ ਸਨ ਪ੍ਰੰਤੂ ਬਹੁਤ ਹੀ ਸ਼ਰਧਾ ਵਾਲੇ ਸਨ ਅਤੇ ਪਵਿੱਤਰ ਆਤਮਾ ਨੇ ਐਲਾਨ ਕੀਤਾ ਕਿ ਬੱਚੀ ਚੰਗੀ ਹੋ ਗਈ ਹੈ।

21 ਹੁਣ ਤੁਸੀਂ ਜਰਾ ਉਸ ਛੋਟੀ ਕੁੜੀ ਦੇ ਬਾਰੇ ਵਿੱਚ ਸੋਚੋ ਜਿਹਨੂੰ ਬਲੱਡ ਕੈਂਸਰ ਸੀ। ਅਤੇ ਉਸਦੇ ਖੂਨ ਦੀ ਹਾਲਤ ਇੰਨੀ ਖਰਾਬ ਸੀ ਕਿ ਉਹ ਉਸਨੂੰ ਉਸਦੇ ਮੂੰਹ ਰਾਹੀਂ ਕੁਝ ਵੀ ਖਿਲਾ ਪਿਲਾ ਨਹੀਂ ਸੱਕਦੇ ਸਨ। ਉਸਨੂੰ ਹਸਪਤਾਲ ਲਿਜਾ ਕੇ ਖੂਨ ਚੜਾਉਣ ਦੀ ਲੋੜ ਸੀ ਜਾਂ ਮੇਰਾ ਅੰਦਾਜਾ ਹੈ ਉਸਨੂੰ ਨਾੜਾਂ ਦੇ ਰਾਹੀਂ ਗਲੂਕੋਜ਼ ਦਿੰਦੇ ਸਨ। ਮੈਂ ਉਸ ਡਾਕਟਰੀ ਭਾਸ਼ਾ ਨੂੰ ਨਹੀਂ ਜਾਣਦਾ ਜੋ ਉਸ ਬਿਮਾਰੀ ਲਈ ਵਰਤੀ ਜਾਂਦੀ ਹੈ ਪਰ ਜਿਵੇਂ ਵੀ ਸੀ ਉਸਨੂੰ ਇਸੇ ਤਰ੍ਹਾਂ ਖੁਆਇਆ ਜਾਂਦਾ ਸੀ। ਅਤੇ ਇਸ ਤੋਂ ਪਹਿਲਾਂ ਕਿ ਉਹ ਕੁੜੀ ਉਸ ਜਗ੍ਹਾ ਨੂੰ ਛੱਡਦੀ ਉਹ ਹੇਮਬਰਗਰ ਖਾਣ ਲਈ ਰੋਈ।

22 ਅਤੇ ਮਾਂ -ਬਾਪ ਜਦ ਨੇ ਜਦ *ਯਹੋਵਾਹ ਇਉਂ ਫਰਮਾਉਂਦਾ*ਹੈ ਵਾਲੀ ਬਾਣੀ ਸੁਣੀ ਤਾਂ ਵੇਖੋ, ਉਹ ......ਅਤੇ ਉਹ ਅਜਨਬੀ ਲੋਕ ਸਨ,ਉਹ ਪਹਿਲਾਂ ਇੱਥੇ ਕਦੇ ਵੀ ਨਹੀਂ ਆਏ ਸਨ। ਪਰ ਉਹ ......ਇੱਕ ਭਲੇ ਬਜ਼ੁਰਗ ਜੋੜੇ ਨੇ ਉਹਨਾਂ ਨੂੰ ਆਪਣੀ ਜਗ੍ਹਾ ਦਿੱਤੀ ਸੀ। ਭੈਣ ਅਤੇ ਭਾਈ ਕਿੱਡ ਨੇ ਕੁਝ ਦੇਰ ਪਹਿਲਾਂ ਉਹਨਾਂ ਨੂੰ ਹਦਾਇਤਾਂ ਦਿੱਤੀਆਂ ਸਨ, ਕੀ ਕਰਨਾ ਹੈ ਅਤੇ ਕੀ ਸੁਣਨਾ ਹੈ। ਅਤੇ ਜਦ ਉਹ ਬੱਚੀ ਇੱਥੋਂ ਗਈ ਤਾਂ ਉਸਨੇ ਆਪਣੇ ਘਰ ਜਾਣ ਦੇ ਰਾਹ ਵਿੱਚ ਆਪਣਾ ਭੋਜਨ ਖਾਧਾ।

23 ਅਤੇ ਇਸ ਤੋਂ ਦੋ ਜਾਂ ਤਿੰਨ ਦਿਨ ਬਾਦ ਉਹ ਆਪਣੇ ਸਕੂਲ ਵਿੱਚ ਸੀ। ਅਤੇ ਜਦ ਉਸਨੂੰ ਡਾਕਟਰ ਦੇ ਕੋਲ ਲਿਜਾਇਆ ਗਿਆ ਤਾਂ ਡਾਕਟਰ ਬੜਾ ਹੈਰਾਨ ਸੀ। ਅਤੇ ਡਾਕਟਰ ਨੇ ਆਖਿਆ ਕਿ, " ਬੱਚੀ ਵਿੱਚ ਬਲੱਡ ਕੈਂਸਰ ਦਾ ਨਾਮੋ ਨਿਸ਼ਾਨ ਤੱਕ ਨਹੀਂ ਪਾਇਆ ਜਾਂਦਾ ਹੈ। " ਸਮਝੇ? ਹੁਣ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੀ ਸਮਰੱਥਾ ਨੇ ਉਸ ਬੱਚੀ ਦੇ ਖੂਨ ਦੇ ਪ੍ਰਵਾਹ ਨੂੰ ਲੈ ਕੇ ਸਾਫ ਕਰ ਦਿੱਤਾ ਸੀ ਅਤੇ ਨਵੇਂ ਜੀਵਨ ਦੀ ਧੜਕਨ ਉਸਦੇ ਅੰਦਰ ਪਾ ਦਿੱਤੀ ਸੀ। ਕਿਉਂਕਿ ਤੁਹਾਡੇ



[ਭਾਈ ਬ੍ਰਾਨਹਾਮ ਬਹੁਤ ਹੋਲੀ-ਹੋਲੀ ਕਿਸੇ ਦੇ ਨਾਲ ਗੱਲ ਕਰਦੇ ਹਨ-ਸੰਪਾ] [ਭਾਈ ਬ੍ਰਾਨਹਾਮ, "ਮੈਂ ਉਸਦੇ ਨਾਲ ਪਿਆਰ ਕਰਦਾ ਹਾਂ, "ਵਾਲਾ ਗੀਤ ਗੁਣ-ਗੁਣਾਉਂਦੇ ਹਨ]

459 ਹੁਣ ਤੁਸੀਂ ਪਰਮੇਸ਼ੁਰ ਦੇ ਸਾਹਮਣੇ ਚੁੱਪ-ਚਾਪ ਅਤੇ ਡਰਦੇ ਹੋਏ ਗੰਭੀਰਤਾ ਨਾਲ ਬਣੇ ਰਹੋ ਜਿਵੇਂ ਕਿ ਇਹ ਮੋਹਰ ਸਾਡੇ ਤੇ ਖੁੱਲ੍ਹੀ ਹੈ, ਅਸੀਂ ਵੇਖਿਆ ਕਿ ਪ੍ਰਮੇਸ਼ੁਰ ਨੇ ਆਪਣੇ ਹੀ ਪਿਆਰੇ ਬੱਚਿਆਂ ਨੂੰ ਲੈ ਕੇ ਉਨ੍ਹਾਂ ਨੂੰ ਅੰਨ੍ਹੇ ਕੀਤਾ ਅਤੇ ਉਹਨਾਂ ਨੂੰ ਭੇਜਿਆ ਕਿਉਂਕਿ ਉਹਨੇ ਆਪਣੇ ਨਿਆਂ ਦੀ ਮੰਗ -ਨਿਆਂ ਦੀ ਮੰਗ, ਪਾਪ ਦਾ ਨਿਆਂ ਕਰਨਾ ਹੈ। ਇਹਦੇ ਬਾਰੇ ਵਿੱਚ ਸੋਚੋ। ਉਸਦੇ ਨਿਆਂ ਅਤੇ ਉਸਦੀ ਪਵਿੱਤਰਤਾ ਦੀ ਮੰਗ ਨਿਆਂ ਹੈ। ਕੋਈ ਵੀ ਕਨੂੰਨ ਬਿਨਾਂ ਕਿਸੇ ਸਜਾ ਤੋਂ ਨਹੀਂ ਹੁੰਦਾ ਹੈ। ਅਤੇ ਉਹ ਖੁਦ ਹੀ ਆਪਣੇ ਨਿੱਜੀ ਕਨੂੰਨਾਂ ਦਾ ਉਲੰਘਣ ਨਹੀਂ ਕਰ ਸੱਕਦਾ ਹੈ ਅਰ ਉਹਨਾਂ ਦਾ ਉਲੰਘਣ ਕਰਕੇ ਉਹ ਕਦੇ ਵੀ ਖੁਦਾ ਨਹੀਂ ਰਹਿ ਸੱਕਦਾ ਹੈ।

460 ਇਹ ਹੀ ਕਾਰਨ ਸੀ ਕਿ ਪ੍ਰਮੇਸ਼ੁਰ ਨੇ ਮਨੁੱਖ ਬਣਨਾ ਸੀ। ਉਹ ਕੋਈ ਹੋਰ ਚੀਜ਼ ਨਹੀਂ ਲੈ ਸੱਕਦਾ ਸੀ, ਸਧਾਰਨ ਪੁੱਤਰ। ਉਹ ਅਪਣੇ ਲਈ ਕੋਈ ਸਧਾਰਨ ਪੁੱਤਰ ਜਾਂ ਕੁਝ ਹੋਰ ਨਹੀਂ ਲੈ ਸੱਕਦਾ ਸੀ। ਪ੍ਰਮੇਸ਼ੁਰ ਦੋਨੋਂ ਹੀ ਬਣ ਗਿਆ, ਯਿਸੂ ਪਰਮੇਸ਼ੁਰ ਅਤੇ ਪੁੱਤਰ ਦੋਨੋਂ ਹੀ ਬਣ ਗਿਆ, ਇਹ ਹੀ ਇੱਕ ਤਰੀਕਾ ਸੀ ਕਿ ਉਹ ਇਹਨੂੰ ਇਨਸਾਫ ਦੇ ਢੰਗ ਨਾਲ ਕਰ ਸਕੇ। ਪ੍ਰਮੇਸ਼ੁਰ ਨੇ ਖੁਦ ਆਪਣੇ ਉੱਤੇ ਸਜਾ ਲੈਣੀ ਸੀ।। ਉਹ ਨਿਆਂਈ ਬਣ ਕੇ ਇਹਨੂੰ ਕਿਸੇ ਹੋਰ ਤੇ ਜਾਂ ਕਿਸੇ ਹੋਰ ਆਦਮੀਂ ਤੇ ਨਹੀਂ ਲੱਦ ਸੱਕਦਾ ਸੀ। ਇਸ ਲਈ ਯਿਸੂ ਦਾ ਸ਼ਰੀਰ ਪ੍ਰਮੇਸ਼ੁਰ ਸੀ, ਪ੍ਰਮੇਸ਼ੁਰ ਸ਼ਰੀਰ ਵਿੱਚ ਪ੍ਰਗਟ ਹੋਇਆ ਅਤੇ ਇਮਾਨੂੰਏਲ ਅਖਵਾਇਆ।

461 ਅਤੇ ਉਸਨੂੰ ਕਰਨ ਲਈ,ਅਤੇ ਇੱਕ ਲਾੜੀ ਲੈਣ ਲਈ ਅਤੇ ਮੂਰਤੀਪੂਜਕ ਪਰਾਈਆਂ ਜਾਤੀਆਂ ਦੇ ਗੁਆਚੇ ਹੋਏ ਝੁੰਡ ਨੂੰ ਬਚਾਉਣ ਲਈ ਉਸਨੂੰ ਆਪਣੇ ਹੀ ਬੱਚਿਆਂ ਨੂੰ ਅੰਨ੍ਹੇ ਕਰਨਾ ਪਿਆ। ਅਤੇ ਫਿਰ ਉਸਨੇ ਉਹਨਾਂ ਨੂੰ ਯਿਸੂ ਨੂੰ ਰੱਦ ਦੇਣ ਕਾਰਨ ਸ਼ਰੀਰ ਵਿੱਚ ਸਜਾ ਦਿੱਤੀ ;ਪ੍ਰੰਤੂ ਉਸਦੀ ਕਿਰਪਾ ਨੇ ਉਹਨਾਂ ਨੂੰ ਚਿੱਟੇ ਵਸਤਰ ਪਹਿਨਾਏ। ਪ੍ਰੰਤੂ ਜੀਵਨ .....

462 ਅਤੇ ਜੇ ਉਹਨੂੰ ਇਹ ਇਸ ਲਈ ਕਰਨਾ ਪਿਆ ਕਿ ਸਾਨੂੰ ਮੌਕਾ ਮਿਲ ਸਕੇ ਤਾਂ ਅਸੀਂ ਪਿਆਰ ਵਿੱਚ ਦਿੱਤੇ ਗਏ ਇਸ ਮੌਕੇ ਨੂੰ ਕਿਵੇਂ ਰੱਦ ਕਰ ਸੱਕਦੇ ਹਾਂ? ਜੇ ਅੱਜ ਰਾਤ ਇੱਥੇ ਇਸ ਭਵਨ ਵਿੱਚ ਕੋਈ ਜਵਾਨ ਜਾਂ ਬੁੱਢਾ ਹੈ ਜਿਹਨੇ ਹੁਣ ਤੱਕ ਇਸ ਮੌਕੇ ਨੂੰ ਰੱਦਿਆ ਹੈ ਜਿਹਦੇ ਲਈ ਖੁਦਾ ਨੇ ਏਡਾ ਵੱਡਾ ਮੁੱਲ ਚੁਕਾਇਆ ਹੈ, ਅਰ ਤੁਸੀਂ ਅੱਜ ਰਾਤ ਪ੍ਰਮੇਸ਼ੁਰ ਨੂੰ ਸਵੀਕਾਰ ਕਰਨਾ ਚਾਹੋਗੇ, ਜਿੱਥੇ ਤੱਕ ਅਸੀਂ ਜਾਣਦੇ ਹਾਂ ਤੁਹਾਨੂੰ ਸ਼ਹੀਦ ਹੋਣ ਦੀ ਲੋੜ ਨਹੀਂ ਹੈ, ਭਾਵੇਂ ਤੁਸੀਂ ਹੋ ਸੱਕਦੇ ਹੋ। ਪਰ ਇੱਕ ਚਿੱਟਾ ਵਸਤਰ ਤੁਹਾਡੇ ਲਈ ਦਿੱਤਾ ਜਾ ਚੁੱਕਾ ਹੈ। ਅਤੇ ਹੁਣ ਜੇ ਪ੍ਰਮੇਸ਼ੁਰ ਤੁਹਾਡੇ ਹਿਰਦੇ ਤੇ ਖੜਕਾਉਂਦਾ ਹੈ ਤਾਂ ਤੁਸੀਂ ਇਹਨੂੰ ਕਿਉਂ ਕਬੂਲ ਨਹੀਂ ਕਰਦੇ ਹੋ। [ਭਾਈ ਬ੍ਰਾਨਹਾਮ ਪੁਲਪਿਟ ਤੇ ਤਿੰਨ ਵਾਰ ਖੜਕਾਉਂਦੇ ਹਨ-ਸੰਪਾ]

ਆਓ ਅਸੀਂ ਫਿਰ ਆਪਣੇ ਸਿਰਾਂ ਨੂੰ ਝੁਕਾਈਏ।

463 ਜੇ ਇੱਥੇ ਕੋਈ ਆਦਮੀਂ ਜਾਂ ਵਿਅਕਤੀ ਹੈ ਜਿਹੜੇ ਇਹ ਚਾਹੁੰਦੇ ਹਨ ਜਾਂ ਆਪਣੇ ਵਿਸ਼ਵਾਸ਼ ਦੇ ਅਧਾਰ ਤੇ ਉਸ ਬਹਾਏ ਹੋਏ ਲਹੂ ਵਿੱਚ ਜਿਹੜਾ ਖੁਦਾ ਨੇ ਤੁਹਾਡੇ ਲਈ ਬਹਾਇਆ

ਹੁਣ ਸਾਨੂੰ ਪਤਾ ਲੱਗਦਾ ਹੈ ਕਿ ਪ੍ਰਕਾਸ਼ ਦੀ ਪੋਥੀ 22:8 ਵੀ ਉਹ ਹੀ ਚੀਜ਼ ਹੈ।

455 ਹੁਣ ਉਹਨਾਂ ਦੇ ਲਈ ਇਸਦਾ ਨਬੇੜਾ ਕਰਨ ਵਾਸਤੇ ......ਉਹ ਜਾਨਾਂ (ਹੁਣ, ਧਿਆਨ ਦਿਓ। )ਇਸ ਮੋਹਰ ਨੂੰ ਤੋੜੇ ਜਾਣ ਨਾਲ ਇਹ ਪਤਾ ਲੱਗਦਾ ਹੈ ਉਹ ਜਾਨਾਂ ਜਿਹੜੀਆਂ ਜਗਵੇਦੀ ਦੇ ਹੇਠਾਂ ਹਨ ਉਹ ਉਹ ਹਨ ਜਿਹੜੇ ਮਸੀਹ ਦੀ ਮੌਤ ਅਤੇ ਕਲੀਸਿਯਾ ਦੇ ਉੱਪਰ ਜਾਣ ਦੇ ਸਮੇਂ ਵਿੱਚ ਆਇਕਮੈਨ ਦੇ ਝੁੰਢ ਦੇ ਰਾਹੀਂ ਮਾਰੇ ਗਏ ਸਨ ਅਤੇ ਇਹ ਸਾਰੇ ਸੱਚੇ ਯਹੂਦੀ ਹਨ ਜਿਹਨਾਂ ਦੇ ਨਾਮ ਪੋਥੀ ਵਿੱਚ ਲਿਖੇ ਹੋਏ ਹਨ। ਮੇਰੇ ਭਾਈ ਜੇ ਤੁਸੀਂ ਵਚਨ ਦੇ ਅਨੁਸਾਰ ਵੇਖੋਗੇ ਤਾਂ ਤੁਸੀਂ ਵੇਖੋਗੇ ਕਿ ਉਹ ਬੋਲ ਸੱਕਦੇ ਸਨ,ਉੱਚੀ ਅਵਾਜ ਨਾਲ ਪੁਕਾਰ ਸੱਕਦੇ ਸਨ,ਬੋਲ ਸੱਕਦੇ ਸਨ, ਸੁਣ ਸੱਕਦੇ ਸਨ ਅਤੇ ਉਨਾਂ ਦੀਆਂ ਪੰਜ ਚੇਤਨਾਵਾਂ ਸਨ। ਉਹ ਕਬਰਾਂ ਵਿੱਚ ਬੇਹੋਸ਼ ਸੁੱਤੇ ਹੋਏ ਨਹੀਂ ਹਨ। ਉਹ ਬਿਲਕੁੱਲ ਜਾਗਦੇ ਸਨ ਅਤੇ ਬੋਲ ਸੁਣ ਅਤੇ ਬਾਕੀ ਸੱਭ ਕੁਝ ਕਰ ਸੱਕਦੇ ਸਨ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਹੇ ਪਰਮੇਸ਼ੁਰ ਸਾਡੀ ਸਹਾਇਤਾ ਕਰ !

456 ਦੋ ਮਿੰਟ। ਆਮੀਨ। ਮੈਂ ਮਾਫੀ ਚਾਹੁੰਦਾ ਹਾਂ ਮੈਂ ਤੁਹਾਨੂੰ ਅੱਧਾ ਘੰਟਾ ਹੋਰ ਬਿਠਾ ਕੇ ਰੱਖਿਆ। ਨਹੀਂ,ਵੇਖੋ ਮੈਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ,ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ ਹਾਂ। ਸਮਝੇ? ਇਹ ਸਹੀ ਗੱਲ ਹੈ।

457 ਪ੍ਰੰਤੂ ਵੇਖੋ, ਇਹ ਉਹ ਹੈ ਜੋ ਮੈਂ ਆਪਣੀ ਵਧੀਆ ਸਮਝ ਨਾਲ ਜਾਣਦਾ ਹਾਂ ਕਿ ਇਹ ਠੀਕ ਹੈ। ਅਤੇ ਉਸ ਪ੍ਰਕਾਸ਼ ਦੇ ਅਨੁਸਾਰ ਜੋ ਇਸ ਸਵੇਰ ਦਿਨ ਚੜ੍ਹਨ ਤੋਂ ਪਹਿਲਾਂ ਪ੍ਰਭੂ ਯਿਸੂ ਦੁਆਰਾ ਮੈਨੂੰ ਮਿਲਿਆ, ਪੰਜਵੀਂ ਮੋਹਰ ਖੁੱਲ੍ਹ ਚੁੱਕੀ ਹੈ। ਅਤੇ ਇਹ ਦੂਸਰੀਆਂ ਚਾਰ ਮੋਹਰਾਂ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਆਪਣੀ ਕਿਰਪਾ ਦੇ ਨਾਲ ਉਸਨੇ ਇਹ ਮੈਨੂੰ ਦਿੱਤੀ ਉਸਦੀ ਕਿਰਪਾ ਮੇਰੇ ਉੱਤੇ ਅਤੇ ਤੁਹਾਡੇ ਉੱਤੇ ਹੋਈ ਹੈ। ਮੈਂ ਇਹਦੇ ਲਈ ਉਸਦਾ ਧੰਨਵਾਦ ਕਰਦਾ ਹਾਂ। ਅਤੇ ਉਸੇ ਦੀ ਮੱਦਦ ਦੇ ਨਾਲ ਮੈਂ ਉਨ੍ਹਾਂ ਗੱਲਾਂ ਦੇ ਅਨੁਸਾਰ ਜੀਵਨ ਜੀਉਣ ਦੀ ਕੋਸ਼ਿਸ਼ ਕਰਦਾ ਹਾਂ ਜੋ ਮੈਂ ਦੂਜਿਆਂ ਨੂੰ ਸਿਖਾਉਂਦਾ ਹਾਂ .....ਜਿਵੇਂ ਕਿ ਮੈਂ ਜੀ ਸਕਦਾ ਹਾਂ, ਜਦ ਤੱਕ ਕਿ ਮੈਂ ਤੁਹਾਡੇ ਨਾਲ ਉਸਦੇ ਨਾਲ ਮਹਿਮਾਂ ਵਿੱਚ ਨਹੀਂ ਮਿਲਦਾ ਹਾਂ ਜਦ ਇਹ ਸੱਭ ਚੀਜ਼ਾਂ ਖਤਮ ਹੋ ਜਾਣਗੀਆਂ। ਮੈਂ ਉਸਦੇ ਨਾਲ ਇਹਦੇ ਲਈ ਪਿਆਰ ਕਰਦਾ ਹਾਂ। ਅਤੇ ਮੇਰੀ ਸਮਝ ਨਾਲ ਇਸਦਾ ਸੱਭ ਤੋਂ ਵਧੀਆ ਪ੍ਰਕਾਸ਼ ਇਹ ਹੀ ਹੈ।

458 ਅਤੇ ਹੁਣ ਮੈਂ ਆਪਣੇ ਸਾਰੇ ਦਿਲ ਦੇ ਨਾਲ ਸੱਚਾਈ ਦੇ ਨਾਲ ਇਹ ਵਿਸ਼ਵਾਸ਼ ਕਰਦਾ ਹਾਂ ਕਿ ਪਹਿਲੀ, ਦੂਸਰੀ, ਤੀਸਰੀ, ਚੌਥੀ ਅਤੇ ਪੰਜਵੀਂ ਮੋਹਰ ਦੇ ਸੱਚੇ ਪ੍ਰਕਾਸ਼ ਨੇ ਇਹਨੂੰ ਹੁਣ ਸਾਡੇ ਲਈ ਪ੍ਰਗਟ ਕਰ ਦਿੱਤਾ ਹੈ।

ਮੈਂ ਉਹਦੇ ਨਾਲ ਪਿਆਰ ਕਰਦਾ ਹਾਂ
ਮੈਂ ਉਹਦੇ ਨਾਲ ਪਿਆਰ ਕਰਦਾ ਹਾਂ
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਕਰੂਸ ਤੇ ਖਰੀਦਿਆ।



ਖੂਨ ਦਾ ਪ੍ਰਵਾਹ ਤੁਹਾਡਾ ਮਰਨਹਾਰ ਜੀਵਨ ਹੈ - ਅਤੇ ਨਵੇਂ ਸੈੱਲਾਂ ਦੀ ਉਤਪਤੀ ਅਤੇ ਪੁਰਾਣੇ ਸੈੱਲਾ ਦਾ ਸਫਾਇਆ ਕਰਨਾ ਕੀ ਹੈ। ਇਹ ਕੀ ਹੈ, ਇਹ ਪੂਰੀ ਤਰ੍ਹਾਂ .......ਮੈਂ ਇਹ ਕਹਾਂਗਾ ਕਿ ਇਹ ਸਰਵ-ਸ਼ਕਤੀਮਾਨ ਪ੍ਰਮੇਸ਼ੁਰ ਦਾ ਰਚਨਾ ਕਰਨ ਦਾ ਇੱਕ ਕੰਮ ਹੈ-ਉਸ ਖੂਨ ਦੇ ਪ੍ਰਵਾਹ ਨੂੰ ਜੋ ਕੈਂਸਰ ਦੇ ਨਾਲ ਗੰਦਾ ਹੋ ਗਿਆ ਸੀ ਇੱਥੋਂ ਤੱਕ ਕਿ ਉਹ ਛੋਟੀ ਬੱਚੀ ਪੀਲੀ ਹੋ ਗਈ ਸੀ ਅਤੇ ਸੁੱਜ ਗਈ ਸੀ ਅਤੇ ਬਸ ਥੋੜੇ ਹੀ ਸਮੇਂ ਵਿੱਚ ਉਸਨੂੰ ਇੱਕ ਨਵੀਂ ਖੂਨ ਦੀ ਧਾਰਾ ਬਣਾ ਦਿੰਦਾ ਹੈ।

24 ਮੇਰਾ ਯਕੀਨ ਹੈ......ਮੈਂ ਇਹ ਖੁਦਾ ਦੇ ਨਾਮ ਤੇ ਨਹੀਂ ਕਹਿਣ ਜਾ ਰਿਹਾ ਹਾਂ ਬਲਕਿ ਮੈਂ ਤਾਂ ਇਸਨੂੰ ਆਪਣੇ ਵਿਸ਼ਵਾਸ਼ ਦੇ ਪ੍ਰਕਾਸ਼ ਨਾਲ ਕਹਿ ਰਿਹਾ ਹਾਂ ਕਿ ਉਸ ਦਿਨ ਸਬੀਨੋ ਕੈਨੀਅਨ ਵਿੱਚ ਕੀ ਹੋਇਆ ਸੀ ......ਮੈਂ ਜਾਣਦਾ ਹਾਂ ਕਿ ਸਮਾਂ ਆ ਰਿਹਾ ਹੈ ਜਦ ਗੁਆਚੇ ਹੋਏ ਅੰਗ ਰਚਨਹਾਰੇ ਦੀ ਮਹਿਮਾਂਮਈ ਸਮਰੱਥਾ ਦੇ ਨਾਲ ਬਹਾਲ ਕੀਤੇ ਜਾਣਗੇ .....ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਜੇ ਉਹ ਗਾਲੜਾਂ ਨੂੰ ਬਣਾ ਸੱਕਦਾ ਹੈ ਕਿ ਉਹ ਵਿਖਾਈ ਦੇਣ .....ਇੱਥੇ ਉਹ ਆਦਮੀ ਅਤੇ ਔਰਤ ਹਨ ਜਿਹਨਾਂ ਦਾ ਕੋਈ ਅੰਗ ਨਾਸ਼ ਹੋ ਚੁੱਕਾ ਹੈ। ਅਤੇ ਉਹ ਗਾਲੜ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਪਸ਼ੂ ਸੀ। ਔਹ, ਉਹ ਪ੍ਰਮੇਸ਼ੁਰ ਹੈ। ਮੈਂ ਉਸ ਨਾਲ ਪਿਆਰ ਕਰਦਾ ਹਾਂ।

25 ਠੀਕ ਹੈ, ਹੁਣ, ਮੈਂ ਉਹਨਾਂ ਵਿਸ਼ਿਆਂ ਤੇ ਬੋਲਣਾ ਸ਼ੁਰੂ ਕੀਤਾ ਹੈ ਅਤੇ ਅਸੀਂ ਉਹਨਾਂ ਤੇ ਹੀ ਬੋਲ ਰਹੇ ਹਾਂ। ਅਤੇ ਲੋਕ ਕੰਧਾਂ ਦੇ ਸਹਾਰੇ ਅਤੇ ਹਾਲ ਕਮਰੇ ਵਿੱਚ ਅਤੇ ਦੂਸਰੇ ਕਮਰਿਆਂ ਵਿੱਚ ਖੜ੍ਹੇ ਹਨ। ਇਸ ਲਈ ਮੈਂ ਸਿੱਧਾ ਸੰਦੇਸ਼ ਵੱਲ ਜਾਵਾਂਗਾ।

26 ਅਤੇ ਮੈਂ ਇਹ ਕਹਿਣਾ ਚਹੁੰਦਾ ਹਾਂ .....ਮੈਂ ਉਸਨੂੰ ਜੋ ਸਰਵ ਵਿਆਪੀ ਹੈ ਧੰਨਵਾਦ ਦੇਣਾ ਚਾਹੁੰਦਾ ਹਾਂ। ਅਰ ਅੱਜ ਤੱਕ ਮੈਂ ਇਸ ਪੰਜਵੀਂ ਮੋਹਰ ਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਸੀ, ਜਦ ਇਸ ਸਵੇਰ ਮੈਂ ਦੁਆ ਕਰ ਰਿਹਾ ਸੀ ਤਾਂ ਦਿਨ ਨਿਕਲਣ ਤੋਂ ਲੱਗ-ਭੱਗ ਇੱਕ ਘੰਟਾ ਪਹਿਲਾਂ ਇਹ ਉਸੇ ਹੀ ਭੇਦਭਰੇ ਢੰਗ ਦੇ ਨਾਲ ਪ੍ਰਗਟ ਹੋਈ। ਅਤੇ ਅੱਜ ......

27 ਮੈਂ ਇਹਨਾਂ ਪਿਛਲੇ ਪੰਜ ਛੇ ਦਿਨਾਂ ਤੋਂ ਇੱਕ ਛੋਟੇ ਜਿਹੇ ਕਮਰੇ ਵਿੱਚ ਸੀ ਅਤੇ ਮੈਂ ਕਿਸੇ ਨੂੰ ਵੀ ਨਹੀਂ ਮਿਲਿਆ। ਮੈਂ ਬਸ ਬਾਹਰ ਜਾਂਦਾ ਅਤੇ ਆਪਣੇ ਇੱਕ ਦੋਸਤ ਦੇ ਨਾਲ -ਆਪਣੇ ਕੁਝ ਦੋਸਤਾਂ ਦੇ ਨਾਲ ਖਾਣਾ ਖਾਂਦਾ ਹਾਂ। ਅਤੇ ਤੁਸੀਂ ਬੇਸ਼ੱਕ ਜਾਣਦੇ ਹੋ ਕਿ ਉਹ ਮਿੱਤਰ ਕੌਣ ਹਨ; ਉਹ ਭਾਈ ਵੁੱਡ ਅਤੇ ਭੈਣ ਵੁੱਡ ਹਨ। ਸਮਝੇ?ਅਰ ਤੁਸੀਂ ਜਾਣਦੇ ਹੋ ਕਿ ਮੈਂ ਉਹਨਾਂ ਦੇ ਕੋਲ ਗਿਆ ਅਤੇ ਉਹਨਾਂ ਦੇ ਨਾਲ ਰਿਹਾ ਅਤੇ ਹਰ ਕੋਈ ਮੇਰੇ ਨਾਲ ਵਧੀਆ ਵਤੀਰਾ ਕਰਦੇ ਸਨ। ਅਤੇ ਕੁਝ ਵੀ ਅਜਿਹਾ ਨਹੀਂ ਸੀ, ਬਸ ਇਸੇ ਤਰ੍ਹਾਂ ਹੀ ......

28 ਮੈਂ ਇਹਨਾਂ ਮੋਹਰਾਂ ਦੇ ਸੰਦੇਸ਼ ਨਾਲ ਹੀ ਟਿਕੇ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਹ ਮਹੱਤਵਪੂਰਣ ਹੈ। ਮੈਂ ਨਿਹਚਾ ਕਰਦਾ ਹਾਂ ਕਿ ਇਹ --ਇਹ ਸਮਾਂ ਇਸਨੂੰ ਪ੍ਰਗਟ ਕਰਨ ਦਾ ਹੈ।

29 ਅਤੇ ਹੁਣ ਇਸ ਤੋਂ ਪਹਿਲਾਂ ਕਿ ਮੈਂ ਪੰਜਵੀਂ ਮੋਹਰ ਤੇ ਬੋਲਾਂ, ਮੈਂ ਚਾਹੁੰਦਾ ਹਾਂ ਕਿ ਤੁਸੀਂ ਪੱਕ ਜਾਣ ਲਓ ਕਿ ਜੇ ਤੁਹਾਡੇ ਕੋਲ ਇਹਨਾਂ ਸੱਤਾਂ ਮੋਹਰਾਂ ਦੇ ਬਾਰੇ ਵਿੱਚ ਕੋਈ ਅਨਜਾਣੀ ਸਮਝ ਹੈ ਤਾਂ ਤੁਸੀਂ ਉਸਨੂੰ ਜਿੰਨੀ ਛੇਤੀ ਹੋ ਸਕੇ ਲਿਖ ਲਵੋ ਅਤੇ ਮੇਜ ਤੇ ਰੱਖ ਦਿਓ। ਅਤੇ ਹੋ ਸੱਕਦਾ ਹੈ ਕਿ ਭਾਈ ਨੇਵਿਲ ਜਾਂ ਕੋਈ ਹੋਰ ਇੱਥੇ ਉੱਪਰ ਇੱਕ ਬਾੱਕਸ ਰੱਖ ਦੇਣ। [ਕੋਈ ਆਖਦਾ ਹੈ ਕਿ,

"ਇੱਥੇ ਡਿੱਬਾ ਹੈਗਾ ਏ। "-ਸੰਪਾ]ਔਹ,ਹੁਣ ਮੈਂ ਉਹਨਾਂ ਨੂੰ ਇੱਥੇ ਵੇਖਦਾ ਹਾਂ। ਇਹ ਬਹੁਤ ਹੀ ਵਧੀਆ ਗੱਲ ਹੈ। ਅੱਜ ਰਾਤ ਮੈਂ ਤੁਹਾਡੇ ਇਹਨਾਂ ਪ੍ਰਸ਼ਨਾਂ ਨੂੰ ਲੈ ਲਵਾਂਗਾ ਤਾਂ ਕਿ ਐਤਵਾਰ ਸਵੇਰ ਲਈ ਮੈਂ ਇਹਨਾਂ ਦਾ ਅਧਿਐਨ ਕਰ ਸਕਾਂ। ਹੁਣ, ਇਸ ਸਮੇਂ, ਠੀਕ ਇਸ ਸਮੇਂ ਤੁਸੀਂ ਇਹ ਬੇਨਤੀਆਂ ਨਾ ਕਰਨਾ, "ਕੀ ਇਹ ਪਵਿੱਤਰ ਆਤਮਾ ਦਾ ਸਬੂਤ ਹੈ?" ਸਮਝੇ? ਹੁਣ ਮੈਂ ਉਸਦੇ ਬਾਰੇ ਵਿੱਚ ਜਾਨਣਾ ਚਾਹਾਂਗਾ ਜਿਹਦੇ ਬਾਰੇ ਵਿੱਚ ਮੈਂ ਸਿੱਖਿਆ ਦਿੱਤੀ ਹੈ। ਅਸੀਂ ਇਸਦਾ ਕਲੀਸਿਯਾਈ ਯੁੱਗਾਂ ਵਾਂਗ ਸਿੱਧਾ ਹੀ ਇੱਕ ਵਿਸ਼ੇ ਦੇ ਰੂਪ ਵਿੱਚ ਅਧਿਐਨ ਕਰ ਸੱਕਦੇ ਹਾਂ ਕਿਉਂਕਿ ਇਸੇ ਦੇ ਉੱਤੇ ਹੀ ਅਸੀਂ ਹੁਣ ਗੱਲ ਬਾਤ ਕਰ ਰਹੇ ਹਾਂ।

30 ਹੁਣ ਜਿਵੇਂ ਕਿ ਅਸੀਂ ਕਿਸੇ ਬਿਮਾਰ ਦੇ ਲਈ ਬੇਨਤੀ ਕਰਨ ਜਾਂਦੇ ਹਾਂ ਤਦ ਹੋ ਸੱਕਦਾ ਹੈ ਕਿ ਇਹ ਇੱਕ ਵੱਖਰੀ ਤਰ੍ਹਾਂ ਦੀ ਬੇਨਤੀ ਹੋਵੇ। ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਮਸ੍ਹਾ ਕੀਤੇ ਹੋਏ ਹੋ ਅਤੇ ਤੁਸੀਂ ਕਿਸੇ ਵੱਖਰੇ ਕੰਮ ਲਈ ਅੰਦਰ ਆਉਂਦੇ ਹੋ। ਅਤੇ ਤੁਸੀਂ ਇਹ ਜਾਨਣ ਲਈ ਖੁਦਾ ਦੀ ਖੋਜ ਕਰ ਰਹੇ ਹੋ, "ਪ੍ਰਭੂ ਅੱਜ ਰਾਤ ਉੱਥੇ ਕੋਈ ਹੋਵੇਗਾ?"

31 "ਜੀ ਹਾਂ, ਇਹ ਤਾਂ ਕੋਈ ਪੀਲੇ ਰੰਗ ਦੇ ਕੱਪੜੇ ਪਾ ਕੇ ਸੱਜੇ ਹੱਥ ਨੁੱਕਰ ਵਿੱਚ ਬੈਠਾ ਹੋਵੇਗਾ। ਅਤੇ ਜਦ ਤੁਸੀਂ ਉਸਨੂੰ ਬੁਲਾਓ ਤਾਂ ਉਸਨੂੰ ਇਸ ਨਾਮ ਨਾਲ ਬੁਲਾਉਣਾ ਹੈ ਅਤੇ ਆਖਣਾ ਕਿ ਉਸਨੇ ਇਹ-ਇਹ ਕੀਤਾ ਹੈ। ਅਤੇ ਉਸਦੇ ਕੋਲ ਫਲਾਣਾ-ਫਲਾਣਾ ਹੈ। " ਫਿਰ ਤੁਸੀਂ ਉੱਥੇ ਜਾਂਦੇ ਹੋ ਅਤੇ ਨਿਗਾਹ ਮਾਰਦੇ ਹੋ ਅਤੇ ਉਹ ਉੱਥੇ ਹੁੰਦੀ ਹੈ। ਸਮਝੇ? ਵੇਖੋ, ਇਸੇ ਤਰ੍ਹਾਂ ਹੀ ਹੁੰਦਾ ਹੈ।

32 ਅਤੇ ਮੈਂ ਇਸ ਢੰਗ ਨਾਲ ਦੁਆ ਕਰ ਰਿਹਾਂ ਹਾਂ, " ਪ੍ਰਭੂ ਯਿਸੂ ਇਸਦਾ ਕੀ ਅਰਥ ਹੈ? ਇਹ ਮੇਰੇ ਉੱਤੇ ਪ੍ਰਗਟ ਕਰ। ਆਮੀਨ। "

33 ਹੁਣ ਆਓ ਅਸੀਂ ਆਪਣੀਆਂ ਤਲਵਾਰਾਂ ਅਥਵਾ ਵਚਨ ਨੂੰ ਬਾਹਰ ਕੱਢੀਏ।

34 ਅਤੇ ਮੈਂ ਭਾਈ ਨੇਵਿਲ ਦੀ ਆਤਮਿਕ ਮੱਦਦ ਅਤੇ ਭਾਈਚਾਰੇ ਦੇ ਪਿਆਰ ਦੀ ਸ਼ਲਾਘਾ ਕਰਦਾ ਹਾਂ, ਉਸਨੇ ਇੱਥੇ ਮੈਨੂੰ ਸਹਾਰਾ ਦਿੱਤਾ ਅਤੇ ਮੇਰੇ ਲਈ ਦੁਆ ਕੀਤੀ ਹੈ। ਅਤੇ ਤੁਸੀਂ ਜੋ ਉੱਥੇ ਬਾਹਰ ਹੋ ਤੁਸੀਂ ਵੀ ਮੇਰੇ ਲਈ ਦੁਆਵਾਂ ਕੀਤੀਆਂ ਹਨ। ਅਤੇ ਇਸ ਵੇਲੇ -ਅੱਜ ਰਾਤ, ਸ਼ੁੱਕਰਵਾਰ ਦੀ ਰਾਤ ਹੋਣ ਕਰਕੇ ਅਸੀਂ ਕੋਸ਼ਿਸ਼ ਕਰਾਂਗੇ ਕਿ .....ਅਸੀਂ ......

35 ਤੁਸੀਂ ਸਾਰੀਆਂ ਗੱਲਾਂ ਹੀ ਨਹੀਂ ਦੱਸ ਸੱਕਦੇ ਹੋ। ਤੁਸੀਂ .....ਤੁਸੀਂ ਉਹਨਾਂ ਮੋਹਰਾਂ ਵਿੱਚੋਂ ਬਸ ਇੱਕ ਹੀ ਲੈ ਸੱਕਦੇ ਹੋ; ਅਤੇ ਉਸੇ ਤੇ ਲੱਗੇ ਰਹਿ ਸੱਕਦੇ ਹੋ ਅਤੇ ਤੁਸੀਂ ਉਸਦੇ ਬਾਰੇ ਵਿੱਚ ਅੰਤ ਤੱਕ ਦੱਸਦੇ ਵਚਨ ਵਿੱਚੋਂ ਦੱਸਦੇ ਜਾ ਸੱਕਦੇ ਹੋ। ਸਮਝੇ? ਮੈਂ ਇੱਕ ਹੀ ਮੋਹਰ ਤੇ ਮਹੀਨੇ-ਮਹੀਨੇ ਅਤੇ ਮਹੀਨੇ ਲੈ ਲਵਾਂ ਤਾਂ ਤਦ ਵੀ ਤੁਸੀਂ ਉਸਨੂੰ ਨਹੀਂ ਸਮਝ ਸੱਕਦੇ ਹੋ ਕਿਉਂਕਿ ਮੋਹਰ ਆਪਣੇ ਆਪ ਵਿੱਚ ਸੰਪੂਰਣ ਵਚਨ ਨਾਲ ਜੁੜੀ ਹੋਈ ਹੈ, ਉਹ ਤਾਂ ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਵਚਨ ਦੇ ਨਾਲ ਜੁੜੀ ਹੋਈ ਹੈ, ਇੱਕ ਹੀ ਮੋਹਰ।

36 ਇਸ ਲਈ ਮੈਂ ਆਪਣੇ ਆਪ ਨੂੰ ਇਸ ਤੋਂ ਲਾਂਭੇ ਹੋ ਜਾਣ ਤੋਂ ਬਚਾਉਣ ਲਈ ਇਹ ਕਰਨ ਦਾ ਯਤਨ ਕਰਦਾ ਹਾਂ ਕਿ ਮੈਂ ਵਚਨ ਦੇ ਵਿੱਚੋਂ ਇੱਕ ਵਿਸ਼ਾ ਲੈਂਦਾ ਹਾਂ ਜਾਂ ਕੋਈ ਹੋਰ ਛੋਟੀ ਜਿਹੀ



ਰਿਹਾ ਹੁੰਦਾ ਹੈ। ਹਾਲੇ ਇਹ ਛੋਟੀ ਦੇਹ ਇਕੱਲੀ ਹੈ ਪ੍ਰੰਤੂ ਜਦ ਉਹ ਜਨਮ ਲੈਂਦੀ ਹੈ ਤਾਂ ਆਤਮਿਕ ਦੇਹ ਸ਼ਰੀਰਕ ਅਥਵਾ ਕੁਦਰਤੀ ਦੇਹ ਦੇ ਨਾਲ ਮਿਲ ਜਾਂਦੀ ਹੈ।

450 ਅਤੇ ਫਿਰ ਬਾਈਬਲ ਸਿਖਾਉਂਦੀ ਹੈ ਕਿ ਹੁਣ ਅਸੀਂ ਖੁਦਾ ਤੋਂ ਜਨਮੇ ਹੋਏ ਹਾਂ। ਅਸੀਂ ਪਵਿੱਤਰ ਆਤਮਾ ਤੋਂ ਜਨਮ ਪਾਏ ਹੋਏ ਹਾਂ ਜਿਹਦਾ ਅਰਥ ਇਹ ਹੈ ਕਿ ਪ੍ਰਮੇਸ਼ੁਰ ਦਾ ਪੁੱਤਰ ਸਾਡੇ ਵਿੱਚ ਰੂਪ ਧਾਰ ਰਿਹਾ ਹੈ। ਜਦ ਇਹ ਧਰਤੀ ਦੀ ਦੇਹ -ਜਦ ਇਹ ਆਤਮਿਕ ਦੇਹ ਜੋ ਕਿ ਧਰਤੀ ਦੀ ਤਹਿ ਵਿੱਚੋਂ ਆਉਂਦੀ ਹੈ, ਨਸ਼ਟ ਹੋ ਜਾਂਦੀ ਹੈ ਤਾਂ ਉਸਨੂੰ ਕਬੂਲ ਕਰਨ ਲਈ ਇੱਕ ਹੋਰ ਦੇਹ ਉਡੀਕ ਕਰ ਰਹੀ ਹੁੰਦੀ ਹੈ। ਇਹ ਮਰਨਹਾਰ ਦੇਹ ਆਪਣੇ ਉੱਤੇ ਅਮਰਤਾ ਨੂੰ ਪਾ ਲੈਂਦੀ ਹੈ। ਇਹ ਸੰਸਾਰਕ ਦੇਹ ਸੁਰਗੀ ਦੇਹ ਨੂੰ ਪਹਿਨ ਲੈਂਦੀ ਹੈ। ਕੀ ਤੁਸੀਂ ਇਹਨੂੰ ਸਮਝੇ -ਕੀ ਤੁਸੀਂ ਸਮਝੇ ਕਿ ਮੇਰੇ ਕਹਿਣ ਦਾ ਕੀ ਅਰਥ ਹੈ?ਇੱਕ ਕੁਦਰਤੀ ਦੇਹ ਹੈ ਜੋ ਕਿ ਪਾਪੀ ਹੈ ਪਰ ਇਹਦੇ ਸਰੂਪ ਉੱਤੇ ਇਹਦੇ ਵਰਗੀ ਹੀ ਇੱਕ ਹੋਰ ਦੇਹ ਹੈ ਜਿਹਦੇ ਵਿੱਚ ਅਸੀਂ ਜਾਂਦੇ ਹਾਂ।

451 ਅਤੇ ਮੈਂ ਖੁਦਾ ਦਾ ਬਹੁਤ ਧੰਨਵਾਦੀ ਹਾਂ ਕਿ ਮੈਂ ਤੁਹਾਡੇ ਸੇਵਾਦਾਰ ਅਤੇ ਭਾਈ ਦੇ ਰੂਪ ਵਿੱਚ ਕਹਿ ਸੱਕਦਾ ਹਾਂ ਕਿ ਮੈਂ ਉਹਨਾਂ ਲੋਕਾਂ ਨੂੰ ਵੇਖਿਆ ਹੈ, ਮੇਰੀ ਉਸ ਦੇਹ ਵਿੱਚ ਬਹੁਤ ਮੱਦਦ ਕੀਤੀ ਅਤੇ ਮੈਂ ਉਹਨਾਂ ਨੂੰ ਆਪਣੇ ਹੱਥਾਂ ਦੇ ਨਾਲ ਛੂਹਿਆ ਹੈ। ਇਹ ਠੀਕ ਹੈ।

452 ਧਿਆਨ ਕਰੋ, ਧਿਆਨ ਦਿਓ। ਮੂਸਾ ਵੱਲ ਧਿਆਨ ਦਿਓ। ਜਦਕਿ ਮੂਸਾ ਮਰ ਚੁੱਕਾ ਸੀ ਅਤੇ ਏਲੀਯਾਹ ਸੁਰਗ ਤੇ ਉਠਾ ਲਿਆ ਗਿਆ ਸੀ,ਤਾਂ ਵੀ ਉਹ ਯਿਸੂ ਮਸੀਹ ਦੇ ਰੂਪ ਬਦਲ ਜਾਣ ਵਾਲੇ ਪਹਾੜ ਤੇ,ਉਹ ਆਪਣੀਆਂ ਬੋਲਣ, ਸੁਣਨ ਅਤੇ ਸਮਝਣ ਵਾਲੀਆਂ ਗਿਆਨ ਇੰਦਰੀਆਂ ਦੇ ਨਾਲ ਖੜ੍ਹੇ ਸਨ ਅਤੇ ਸੁਣ ਰਹੇ ਸਨ ਅਤੇ ਸਮਝ ਰਹੇ ਸਨ ਅਤੇ ਯਿਸੂ ਮਸੀਹ ਦੇ ਸਲੀਬ ਦਿੱਤੇ ਜਾਣ ਤੋਂ ਪਹਿਲਾ ਉਸ ਦੇ ਨਾਲ ਗੱਲਾਂ ਕਰ ਰਹੇ ਸਨ। ਹੁਣ ਉਸਦੇ ਕੋਲ ਕਿਸ ਤਰ੍ਹਾਂ ਦੀ ਦੇਹ ਸੀ?

453 ਸੈਮੂਏਲ ਤੇ ਨਿਗਾਹ ਮਾਰੋ। ਉਸਦੀ ਮੌਤ ਤੋਂ ਲੱਗ-ਭੱਗ ਦੋ ਮਹੀਨੇ ਬਾਦ, ਉਸਨੂੰ ਇੰਦੋਰ ਦੀ ਜਾਦੂਗਰਨੀ ਨੇ ਉਸ ਰਾਤ ਗੁਫਾ ਵਿੱਚ ਵਾਪਿਸ ਬੁਲਾ ਲਿਆ ਸੀ। ਉਸਨੇ ਭਾਸ਼ਾ ਵਿੱਚ ਸੈਮੂਏਲ ਦੇ ਨਾਲ ਗੱਲਾਂ ਕੀਤੀਆਂ ਸੀ, ਉਸਨੇ ਸ਼ਾਊਲ ਦੀਆਂ ਗੱਲਾਂ ਦਾ ਜਵਾਬ ਦਿੱਤਾ ਅਤੇ ਉਹਨਾਂ ਗੱਲਾਂ ਨੂੰ ਜਾਣ ਲਿਆ ਜਿਹੜੀਆਂ ਹੋਣ ਵਾਲੀਆਂ ਸਨ। ਹਾਲੇ ਵੀ ਉਸਦੀ ਅਤਮਾ ਨਹੀਂ ਬਦਲੀ ਸੀ। ਉਹ ਇੱਕ ਨਬੀ ਸੀ।

454 ਜਦ ਏਲੀਯਾਹ ਦਾ ਆਤਮਾ ਕਿਸੇ ਮਨੁੱਖ ਤੇ ਆਉਂਦਾ ਹੈ ਤਾਂ ਉਹ ਉਹਨੂੰ ਏਲੀਯਾਹ ਵਾਂਗ ਹੀ ਚਲਾਵੇਗਾ। ਉਹ ਜੰਗਲਾਂ ਵਿੱਚ ਜਾਵੇਗਾ। ਉਹ ਜੰਗਲਾਂ ਨਾਲ ਪਿਆਰ ਕਰੇਗਾ। ਉਹ ਨੈਤਿਕ ਪਤਨ ਵਾਲੀਆਂ ਔਰਤਾਂ ਨਾਲ ਘਿਰਣਾ ਕਰੇਗਾ। ਉਹ ਜੱਥੇਬੰਦੀਆਂ ਦੇ ਵਿਰੁੱਧ ਹੋਵੇਗਾ। ਉਹ ਕਿਸੇ ਨਾਲ ਕੋਈ ਖਿੱਚੋਤਾਣੀ ਨਹੀਂ ਕਰੇਗਾ। ਅਤੇ ਇਹ ਤਾਂ ਬਸ ......ਇਹ ਹੀ ਉਸਦਾ ਆਤਮਾ ਹੋਵੇਗਾ। ਹਰ ਵਾਰ ਜਦ ਵੀ ਉਹ ਆਤਮਾ ਆਇਆ ਤਾਂ ਉਹ ਇਹ ਹੀ ਸੀ।

ਮੂਸਾ ਉਹ ਹੀ ਮਨੁੱਖ ਹੋਵੇਗਾ।

ਬਲੀਦਾਨ ਨਹੀਂ ਹੈ ਤਾਂ ਪ੍ਰਾਥਨਾਵਾਂ ਕਬੂਲ ਨਹੀਂ ਕੀਤੀਆਂ ਜਾ ਸੱਕਦੀਆਂ ਹਨ। ਇਹ ਤਾਂ ਸਿਰਫ ਬਲੀਦਾਨ ਦੀ ਜਗਵੇਦੀ ਤੇ ਲਹੂ ਦੇ ਰਾਹੀਂ ਹੀ ਇਸ ਤਰਾਂ ਹੁੰਦਾ ਹੈ ਕਿ ਪ੍ਰਾਥਨਾਵਾਂ ਪ੍ਰਭੂ ਦੇ ਕੋਲ ਪਹੁੰਚਦੀਆਂ ਹਨ।

442 ਭਾਈ ਸਮਿੱਥ ਗਲਤ ਸਨ। ਮੈਂ ਉਸਦੇ ਨਾਲ ਸਹਿਮਤ ਨਹੀਂ ਹਾਂ, ਮੈਂ ਭਾਈਚਾਰੇ ਦਾ ਪਿਆਰ ਅਤੇ ਉਸਦੇ ਕੰਮ ਲਈ ਆਦਰ ਸਹਿਤ ਇਹ ਸੋਚਦਾ ਹਾਂ ਕਿ ਮੈਂ ਖੁਦ ਆਪ ਵੀ ਆਪਣੀ ਸਮਝ ਨੂੰ ਸਪੱਸ਼ਟ ਕੀਤਾ ਹੈ। ਪਰ ਉਹ ਗਲਤੀ ਵਿੱਚ ਸਨ। ਸਮਝੇ?

443 ਪੰਜਵੀਂ ਮੋਹਰ ਨੇ ਹੋਰ ਕਈ ਦੂਸਰੀਆਂ ਗੱਲਾਂ ਦਾ ਖੁਲਾਸਾ ਕੀਤਾ ਹੈ ਜੇ ਤੁਸੀਂ ਇਸਨੂੰ ਸਮਝ ਗਏ ਹੋ। ਵੇਖੋ, ਮੈਂ ਆਪਣੇ ਲਈ ਪ੍ਰਸ਼ਨਾਂ ਦੀ ਉਡੀਕ ਕਰ ਰਿਹਾ ਹਾਂ, ਜੇ ਮੈਂ .......ਠੀਕ ਹੈ।

444 ਹੁਣ ਨੇਮ ਦਾ ਸੰਦੂਕ ਕਿੱਥੇ ਸੀ, ਪ੍ਰਾਸ਼ਚਿਤ ਲਈ ਲਹੂ-ਲੁਹਾਨ ਅਤੇ ਕੋਹੇ ਗਏ ਲੇਲੇ ਲਈ ਜਗਵੇਦੀ ਕਿੱਥੇ ਸੀ?

445 ਧਿਆਨ ਦਿਓ ਕਿ ਬਾਈਬਲ ਕਹਿੰਦੀ ਹੈ, "ਜੇ ਸਾਡਾ ਇਹ ਧਰਤੀ ਤੇ ਤੰਬੂ ਜਿਹਾ ਘਰ ਢਹਿ ਜਾਵੇ ਤਾਂ ਪ੍ਰਮੇਸ਼ੁਰ ਤੋਂ ਸਾਨੂੰ ਇੱਕ ਘਰ ਨਵਾਂ ਮਿਲੇਗਾ। ਇਹ ਉਹ ਥਾਂ ਸੀ ਜਿੱਥੇ ਮੈਂ ਉਹਨਾਂ ਸੰਤਾਂ ਨੂੰ ਵੇਖਿਆ ਸੀ। ਸਮਝੇ?

446 ਧਿਆਨ ਦਿਓ ਜਦ ਇੱਕ ਬੱਚਾ .......ਜਵਾਨ ਔਰਤਾਂ ਦੇ ਅੱਗੇ ਇਸ ਤਰ੍ਹਾਂ ਸਾਫ ਗੱਲ ਕਰਨ ਲਈ ਭੈਣੋ ਮੈਨੂੰ ਇੱਕ ਵਾਰ ਫਿਰ ਮਾਫ ਕਰਨਾ। ਪ੍ਰੰਤੂ ਵੇਖੋ, ਜਦ ਇੱਕ ਮਾਂ ਗਰਭਵਤੀ ਹੁੰਦੀ ਹੈ ਤਾਂ ਪੱਠਿਆਂ ਦਾ ਇੱਕ ਛੋਟਾ ਜਿਹਾ ਗੁੱਛਾ ਕੁੱਦਦਾ ਅਤੇ ਉਛਾਲੇ ਮਾਰਦਾ ਹੈ (ਤੁਸੀਂ ਸਮਝਦੇ ਹੋ)ਇਹ ਇੱਕ ਸ਼ਰੀਰਕ ਦੇਹ ਹੈ। ਅਤੇ ਬਿਲਕੁੱਲ ਇਸੇ ਤਰ੍ਹਾਂ ਹੀ ਜਿਵੇਂ ਕਿ ਕੁਦਰਤ ਸ਼ਰੀਰਕ ਦੇਹ ਨੂੰ ਬਣਾਉਂਦੀ ਜਾਂਦੀ ਹੈ ...........

447 ਕੀ ਤੁਸੀਂ ਕਦੇ ਉਸ ਛੋਟੇ ਜਿਹੇ ਬੱਚੇ ਦੇ ਜਨਮ ਤੋਂ ਪਹਿਲਾਂ ਆਪਣੀ ਪਤਨੀ ਵੱਲ ਧਿਆਨ ਦਿੱਤਾ ਸੀ? ਅਤੇ ਉਹ ਉਸ ਬੱਚੇ ਨੂੰ ਜਨਮ ਦੇਣ ਦੇ ਅੰਤਲੇ ਦਿਨਾਂ ਵਿੱਚ ਬਹੁਤ ਹੀ ਦਿਆਲੂ ਅਤੇ ਮਿੱਠੀ ਬਣ ਜਾਂਦੀ ਹੈ। ਜੇ ਉਹ ਆਪਣੇ ਜੀਵਨ ਭਰ ਕਦੇ ਮਿੱਠੀ ਨਹੀਂ ਰਹੀ ਹੈ ਤਾਂ ਉਹ ਉਸ ਵੇਲੇ ਮਿੱਠੀ ਬਣ ਜਾਵੇਗੀ। ਕੀ ਤੁਸੀਂ ਕਦੇ ਧਿਆਨ ਦਿੱਤਾ ਹੈ ਕਿ ਉਸ ਸਮੇਂ ਉਸਦੀ ਕਿੰਨੀ ਪਵਿੱਤਰ ਜਾਂ ਇਸੇ ਤਰ੍ਹਾਂ ਦੀਆਂ ਹੀ ਭਾਵਨਾਵਾਂ ਹੁੰਦੀਆਂ ਹਨ?

448 ਅਤੇ ਤੁਸੀਂ ਬਾਹਰ ਕੁਝ ਪਾਪੀਆਂ ਨੂੰ, ਇੱਕ ਮਾਂ ਦਾ, ਜਿਹੜੀ ਕਿ ਗਰਭਵਤੀ ਹੈ ਨੂੰ ਮਜਾਕ ਉਡਾਉਂਦੇ ਹੋਏ ਵੇਖਦੇ ਹੋ, ਮੈਂ ਸੋਚਦਾ ਹਾਂ ਕਿ ਇਸ ਤਰ੍ਹਾਂ ਕਰਨਾ ਇੱਕ ਭੱਦੀ ਗੱਲ ਹੈ। ਇਹ ਤਾਂ ਜੀਵਨ ਹੈ ਜੋ ਜਗਤ ਵਿੱਚ ਆ ਰਿਹਾ ਹੈ।

449 ਪਰ ਕੀ ਤੁਸੀਂ ਧਿਆਨ ਦਿੱਤਾ ਹੈ ਕਿ ਉਸ ਮਾਂ ਦੇ ਆਲੇ-ਦੁਆਲੇ ਇੱਕ ਮਿੱਠੀ ਭਾਵਨਾ ਹੁੰਦੀ ਹੈ?ਇਹ ਕੀ ਹੈ? ਇਹ ਇੱਕ ਛੋਟੀ ਆਤਮਿਕ ਦੇਹ ਹੈ, ਇਹ ਇੱਕ ਛੋਟਾ ਜਿਹਾ ਆਤਮਿਕ ਜੀਵਨ ਹੈ ਜੋ ਉਸ ਛੋਟੀ ਦੇਹ ਵਿੱਚ ਜਿਉਂ ਹੀ ਉਹ ਜਨਮ ਲੈਂਦੀ ਹੈ ਆਉਣ ਦੀ ਉਡੀਕ ਕਰ



ਪਰਚੀ ਲੈਂਦਾ ਹਾਂ ਅਤੇ ਉਸੇ ਤੇ ਹੀ ਰਹਿੰਦਾ ਹਾਂ। ...ਮੈਂ ਬਸ ਉਸੇ ਹੀ ਇੱਕ ਵਿਸ਼ੇ ਤੇ ਰਹਿੰਦਾ ਹਾਂ, ਮੈਂ ਪਿਛਲੀਆਂ ਗੱਲਾਂ ਨੂੰ ਵੀ ਵੇਖਣਾ ਹੁੰਦਾ ਹੈ, ਕਿਉਂਕਿ ਮੈਂ ਬਸ ......ਬੋਲ ਰਿਹਾ ਹਾਂ, ਮੈਂ ਇਸੇ ਤਰ੍ਹਾਂ ਹੀ ਬੋਲਦਾ ਹਾਂ, ਮੈਂ ਸੋਚਦਾ ਹਾਂ ਕਿ ਇਹ ਹੀ ਠੀਕ ਪ੍ਰੇਰਣਾ ਹੈ। ਅਤੇ ਫਿਰ ਜਦ ਮੈਂ ਵੇਖਣ ਲਈ ਥੱਲੇ ਨਿਗਾਹ ਮਾਰਦਾ ਹਾਂ ......ਅਤੇ ਮੈਂ ਬੋਲਣਾ ਸ਼ੁਰੂ ਕਰਦਾ ਹਾਂ ਅਤੇ ਜੇ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਵਿਸ਼ੇ ਤੋਂ ਦੂਰ ਜਾ ਰਿਹਾ ਹਾਂ ਤਾਂ ਵਾਪਿਸ ਆਉਂਦਾ ਹਾਂ ਅਤੇ ਕੋਈ ਹੋਰ ਵਚਨ ਦੀ ਲਿਖਤ ਨੂੰ ਲੈਣ ਦਾ ਯਤਨ ਕਰਨ ਲਈ ਕਿਸੇ ਹੋਰ ਤਰ੍ਹਾਂ ਵਾਪਿਸ ਪਿੱਛੇ ਵੇਖਦਾ ਹਾਂ ਤਾਂ ਕਿ ਆਪਣੇ ਵਿਸ਼ੇ ਤੇ ਆ ਜਾਵਾਂ ਅਤੇ ਫਿਰ ਮੈਂ ਇਹਦੀ ਬਜਾਏ ਕਿ ਮੈਂ ਆਪਣੇ ਵਿਸ਼ੇ ਤੋਂ ਬਾਹਰ ਹੀ ਚਲਾ ਜਾਵਾਂ ਮੈਂ ਉਸ ਉੱਤੇ ਕਿਸੇ ਹੋਰ ਦ੍ਰਿਸ਼ਟੀਕੋਣ ਨਾਲ ਥੋੜਾ ਹੋਰ ਪ੍ਰਕਾਸ਼ ਪਾਉਂਦਾ ਹਾਂ।

37 ਹੁਣ ਅੱਜ ਰਾਤ ਅਸੀਂ ਪ੍ਰਮੇਸ਼ੁਰ ਦੀ ਕਿਰਪਾ ਅਤੇ ਮੱਦਦ ਨਾਲ ਪੰਜਵੀਂ ਮੋਹਰ ਦਾ ਅਧਿਐਨ ਕਰਾਂਗੇ। ਅਤੇ ਇਹ ਛੋਟੀ ਹੀ ਹੈ। ਇਹ ਦੂਜੀਆਂ ਨਾਲੋਂ ਕੁਝ ਲੰਬੀ ਹੈ। ਚਾਰ ਘੋੜ ਸਵਾਰਾਂ ਦੀਆਂ ਦੋ-ਦੋ ਆਇਤਾਂ ਸਨ ਪ੍ਰੰਤੂ ਇਸ ਵਿੱਚ ਤਿੰਨ ਆਇਤਾਂ ਹਨ। ਹੁਣ, ਪੰਜਵੀਂ ਮੋਹਰ ਪ੍ਰਕਾਸ਼ ਪੋਥੀ ਦੇ 6ਵੇਂ ਬਾਬ ਦੀ 9ਵੀਂ ਆਇਤ ਤੋਂ ਸ਼ੁਰੂ ਹੁੰਦੀ ਹੈ।

38 ਅਤੇ ਹੁਣ, ਜੇ ਤੁਸੀਂ ਨਵੇਂ ਆਏ ਹੋ ਅਤੇ ਤੁਸੀਂ ਇਹਨਾਂ ਚਾਰਾਂ ਘੋੜ ਸਵਾਰਾਂ ਦੇ ਬਾਰੇ ਵਿੱਚ ਨਹੀਂ ਸੁਣਿਆ ਹੈ ਤਾਂ, ਠੀਕ ਹੈ, ਤੁਸੀਂ ........ਵੇਖੋ, ਕਦੇ-ਕਦੇ ਤੁਸੀਂ ਕੁਝ ਪਿੱਛੇ ਰਹਿ ਜਾਂਦੇ ਹੋ ਅਤੇ ਇੱਕ ਤਰ੍ਹਾਂ ਨਾਲ ਕਿਸੇ ਇੱਕ ਗੱਲ ਤੇ ਹੀ ਰਹਿ ਜਾਂਦੇ ਹੋ ਅਤੇ ਜਦ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਲੋਕਾਂ ਤੋਂ ਉਮੀਦ ਕਰਦੇ ਹੋ ਕਿ ਉਹ ਇਸਨੂੰ ਸਮਝ ਜਾਣ। ਅਤੇ ਇਸ ਲਈ ਜੇ ਕੋਈ ਅਜਿਹੀ ਛੋਟੀ ਜਿਹੀ ਗੱਲ ਜਿਹਨੂੰ ਤੁਸੀਂ ਸਮਝ ਨਹੀਂ ਰਹੇ ਹੋ ਤਾਂ ਤੁਸੀਂ ਇੱਕ ਤਰ੍ਹਾਂ ਦੇ ਨਾਲ ਥੋੜਾ ਜਿਹਾ ਸਹਿਣ ਕਰ ਲਓ। ਜਾਂ ਫਿਰ ਟੇਪ ਲੈ ਕੇ ਇਸਨੂੰ ਸੁਣੋ ਅਤੇ ਮੈਨੂੰ ਯਕੀਨ ਹੈ ਇਸ ਨਾਲ ਤੁਹਾਨੂੰ ਬਰਕਤ ਮਿਲੇਗੀ। ਮੈਨੂੰ ਉਮੀਦ ਹੈ -ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸੇ ਤਰ੍ਹਾਂ ਹੀ ਕਰਦੇ ਹੋ।

39 ਹੁਣ, ਹਰ ਇੱਕ ਮਨੁੱਖ 9 ਤੋਂ 11 ਵੀਂ ਆਇਤ ਤੱਕ ਪੜ੍ਹਨ ਲਈ ਤਿਆਰ ਹੋ ਜਾਵੇ।

*ਜਾਂ ਉਹ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ ਪ੍ਰਮੇਸ਼ੁਰ ਦੇ ਬਚਨ ਦੇ ਕਾਰਨ ਅਤੇ ਓਸ ਸਾਖੀ ਦੇ ਕਾਰਨ ਜੋ ਉਹਨਾਂ ਭਰੀ ਸੀ ਵੱਢੇ ਗਏ ਸਨ।*

*ਅਤੇ ਉਹਨਾਂ ਵੱਡੀ ਅਵਾਜ਼ ਨਾਲ ਪੁਕਾਰ ਕੇ ਇਹ ਆਖਿਆ ਭਈ ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸੱਤ ਹੈ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ ?*

*ਅਤੇ ਉਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

40 ਹੁਣ, ਇਹ ਇੱਕ ਭੇਦਭਰੀ ਹੈ .....ਅਤੇ ਹੁਣ, ਮੈਂ ਇਹ ਟੇਪ ਲਈ ਅਤੇ ਉਹਨਾਂ ਵਿਦਵਾਨਾਂ ਅਤੇ ਬਾਈਬਲ ਦੇ ਸਿਖਾਉਣ ਵਾਲਿਆਂ ਲਈ ਕਹਿ ਰਿਹਾ ਹਾਂ ਜੋ ਇੱਥੇ ਇਸ ਸਮੇਂ ਬੈਠੇ ਹੋਏ ਹਨ, ਹੋ ਸੱਕਦਾ ਹੈ ਕਿ ਇਹਦੇ ਬਾਰੇ ਵਿੱਚ ਤੁਹਾਡਾ ਵਿਚਾਰ ਵੱਖਰਾ ਹੋਵੇ, ਮੇਰਾ ਵੀ ਸੀ। ਪ੍ਰੰਤੂ ਮੈਂ ਤਾਂ ਇਹਨੂੰ ਪ੍ਰੇਰਣਾ ਦੇ ਦੁਆਰਾ ਲੈ ਰਿਹਾਂ ਹਾਂ ਜਿਸਨੇ ਮੇਰੇ ਵਿਚਾਰ ਨੂੰ ਜੋ ਮੇਰਾ ਇਸ ਤੇ ਸੀ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਸਮਝੇ?

41 ਅਤੇ ਮੈਨੂੰ ਇਹ ਪਤਾ ਲੱਗਾ ਕਿ ਜਿਵੇਂ-ਜਿਵੇਂ ਤੁਸੀਂ ਇਹਨਾਂ ਮੋਹਰਾਂ ਨੂੰ ਪ੍ਰਗਟ ਹੁੰਦੇ ਵੇਖਦੇ ਹੋ ਉਸੇ ਤਰ੍ਹਾਂ ਤੁਸੀਂ ਇਹ ਜਾਣ ਜਾਓਗੇ ਕਿ ਇਹ ਮੋਹਰਾਂ ਪਿਛਾਂਹ ਜੁੜਦੀਆਂ ਹਨ ਅਤੇ ਉਹਨਾਂ ਕਲੀਸਿਯਾ ਦੇ ਯੁੱਗਾਂ ਨੂੰ ਅਤੇ ਲਿਖਤਾਂ ਨੂੰ ਇੱਕ ਜਗ੍ਹਾ ਇਕੱਠਾ ਕਰਦੀਆਂ ਹਨ। ਸਮਝੇ ? ਅਰ ਇਹੋ ਹੀ ਕਾਰਨ ਹੈ ਕਿ ਮੈਂ ਇਹ ਵਿਸ਼ਵਾਸ਼ ਕਰਦਾ ਹਾਂ ਕਿ ਇਹ ਖੁਦਾ ਦੇ ਵੱਲੋਂ ਆਉਂਦੀਆਂ ਹਨ। ਹੁਣ ਅਸੀਂ ਇਹ ਮਹਿਸੂਸ ਕਰਦੇ ਹਾਂ।

42 ਅਤੇ ਮੈਂ ਇਹ ਸੋਚ ਰਿਹਾ ਹਾਂ ਕਿ ਅਸੀਂ ਕਦੇ-ਕਦੇ ਉਸੇ ਤੇ ਹੀ ਨਿਰਭਰ ਕਰਦੇ ਹਾਂ ਜੋ ਕਿਸੇ ਮਹਾਨ ਸਿੱਖਿਅਕ ਨੇ ਇਹਦੇ ਬਾਰੇ ਵਿੱਚ ਕਿਹਾ ਹੋਇਆ ਹੁੰਦਾ ਹੈ। ਸਮਝ ਲੱਗੀ? ਅਤੇ ਇਹ ਠੀਕ ਗੱਲ ਹੈ। ਮੈਂ ਕਿਸੇ ਵੀ ਤਰ੍ਹਾਂ ਸਿੱਖਿਆ ਦੇਣ ਵਾਲੇ ਦੀ ਨਿਖੇਧੀ ਨਹੀਂ ਕਰ ਰਿਹਾ ਹਾਂ। ਅਰ ਮੈਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਹਾਂ। ਮੈਂ ਤਾਂ ਬਸ ਪਾਪ ਨੂੰ ਜੋ ਕਿ ਬੇਪ੍ਰਤੀਤੀ ਹੈ ਦੋਸ਼ੀ ਠਹਿਰਾਉਂਦਾ ਹਾਂ, ਹੋਰ ਕਿਸੇ ਨੂੰ ਨਹੀਂ।

43 ਅਤੇ ਕੁਝ ਲੋਕਾਂ ਨੇ ਕਿਹਾ ਸੀ, "ਤੂੰ ਤਾਂ ਜੱਥੇਬੰਦੀਆਂ ਨੂੰ ਦੋਸ਼ ਦਿੰਦਾ ਹੈਂ। " ਨਹੀਂ, ਮੈਂ ਇੰਝ ਨਹੀਂ ਕਰਦਾ ਹਾਂ। ਮੈਂ ਤਾਂ ਸਿਰਫ ਜੱਥੇਬੰਦੀਆਂ ਦੀ ਪ੍ਰਣਾਲੀ ਨੂੰ ਦੋਸ਼ ਦਿੰਦਾ ਹਾਂ ਨਾ ਕਿ ਉਹਨਾਂ ਲੋਕਾਂ ਨੂੰ ਦੋਸ਼ ਦਿੰਦਾ ਹਾਂ ਪ੍ਰੰਤੂ ਤੁਸੀਂ ਵੇਖੋ ਕਿ ਇਹ ਲੋਕਾਂ ਦਾ ਝੁੰਡ ਹੈ ਜੋ ਜੱਥੇਬੰਦੀ ਬਣਾਉਂਦਾ ਹੈ। ਪ੍ਰੰਤੂ ਇਹ ਪ੍ਰਣਾਲੀ ਹੈ ਜਿਹਦੇ ਦੁਆਰਾ ਉਹਨਾਂ ਉੱਤੇ ਹਕੂਮਤ ਕੀਤੀ ਜਾਂਦੀ ਹੈ,ਬਸ ਉਸ ਪ੍ਰਣਾਲੀ ਦਾ ਹੀ ਮੈਂ ਖੰਡਨ ਕਰਦਾ ਹਾਂ। ਅਰ ਕੈਥੋਲਿਕ ਅਤੇ ਪ੍ਰੋਟੈਸਟੈਂਟ ਇੱਕੋ ਹੀ ਤਰ੍ਹਾਂ ਦੀਆਂ ਪ੍ਰਣਾਲੀਆਂ ਹਨ।

44 ਮੇਰੇ ਹਨ .......ਕੁਝ ਕੁ ਵਧੀਆ ਅਤੇ ਚੰਗੇ ਮਿੱਤਰ ਜਿਹਨਾਂ ਨੂੰ ਮੈਂ ਜਾਣਦਾ ਹਾਂ ਕੈਥੋਲਿਕ ਹਨ, ਬਸ ਦੁਨੀਆਂ ......?.... ਕੀ ਤੁਸੀਂ ਮਹਿਸੂਸ ਕਰਦੇ ਹੋ ......ਹੋ ਸੱਕਦਾ ਹੈ ਕਿ ਅੱਜ ਰਾਤ ਸ਼ਾਇਦ ਇੱਥੇ ਉਹ ਆਦਮੀ ਬੈਠਾ ਹੋਵੇ, ਅਸੀਂ ਇਸ ਭਵਨ ਦਾ ਨਿਰਮਾਣ ਇੱਕ ਹੀ ਤਰੀਕੇ ਨਾਲ ਕਰਵਾ ਸਕੇ ਕਿਉਂਕਿ ਇੱਕ ਰੋਮਨ ਕੈਥੋਲਿਕ ਉੱਥੇ ਕਚਹਿਰੀ ਵਿੱਚ ਦ੍ਰਿੜਤਾ ਨਾਲ ਮੇਰੇ ਪੱਖ ਵਿੱਚ ਖੜ੍ਹਾ ਹੋਇਆ, ਮੁੰਡਿਆ, ਉਹ ਇੰਝ ਮੇਰੇ ਲਈ ਖੜਾ ਹੋਇਆ ਕੋਈ ਵੀ ਨਹੀਂ ਖੜਾ ਹੋ ਸੱਕਦਾ। ਇਹ ਸੱਚ ਹੈ। ਅਤੇ ਉਹ ਇਹਨੂੰ ਰੱਦ ਨਾ ਸਕੇ ਸਨ। ਇਹ ਸਹੀ ਗੱਲ ਹੈ।

ਅਤੇ ਉਹਨਾਂ ਨੇ ਆਖਿਆ ਕਿ ਉਹਨਾਂ ਨੇ ਬਹੁਤ ਸਾਰੇ ਲੋਕਾਂ ਦੀ ਗਿਣਤੀ ਕੀਤੀ ਹੈ।

45 ਉਸਨੇ ਕਿਹਾ ਕਿ "ਔਹ, ਇਸ ਤਰ੍ਹਾਂ ਤਾਂ ਉਸ ਕਲੀਸਿਯਾ ਵਿੱਚ ਲੋਕਾਂ ਦੀ ਗਿਣਤੀ ਅੱਸੀ ਵੀ ਨਹੀਂ ਹੋਵੇਗੀ। " "ਪ੍ਰੰਤੂ ਕਲੀਸਿਯਾ ਉੱਥੇ ਹੈ ਤੇ ਮੈਂ ਪਾਦਰੀ ਨੂੰ ਜਾਣਦਾ ਹਾਂ ਤੇ ਇਸੇ ਤਰ੍ਹਾਂ ਸੱਭ ਕਲੀਸਿਯਾ ਉੱਥੇ ਰਹੀ ਹੈ-ਜੇ ਤੁਸੀਂ ਅਪਣੀਆਂ ਕਲੀਸਿਯਾਵਾਂ ਵਿੱਚ ਲੋਕਾਂ ਦੀ ਗਿਣਤੀ ਵਧਾ



ਸੌਂ ਰਹੀਆਂ ਹਨ। ਮੈਂ ਸੋਚਦਾ ਹਾਂ ਕਿ ਪੰਜਵੀਂ ਮੋਹਰ ਦਾ ਖੁੱਲ੍ਹਣਾ ਇਸਨੂੰ ਗਲਤ ਸਾਬਤ ਕਰਦਾ ਹੈ। ਉਹ ਸੌਂ ਨਹੀਂ ਰਹੇ ਹਨ। ਉਹ ਜੀਉਂਦੇ ਹਨ। ਉਹਨਾਂ ਦੀ ਦੇਹ ਸੌਂ ਰਹੀ ਹੈ। ਪ੍ਰੰਤੂ ਉਹਨਾਂ ਦੀਆਂ ਜਾਨਾਂ ਕਬਰ ਵਿੱਚ ਨਹੀਂ ਹਨ, ਉਹ ਖੁਦਾ ਦੀ ਹਜ਼ੂਰੀ ਵਿੱਚ ਹਨ, ਉਹ ਜਗਵੇਦੀ ਦੇ ਹੇਠਾਂ ਹਨ।

437 ਇੱਥੇ ਮੈਂ ਆਪਣੇ ਇੱਕ ਬੇਸ਼ਕੀਮਤੀ ਭਾਈ ਜੋ ਕਿ ਸਿਖਾਉਣ ਵਾਲਾ ਹੈ ਨਾਲ ਸਹਿਮਤ ਨਹੀਂ ਹਾਂ। ਅਤੇ ਮੈਂ ਧਿਆਨ ਦਿੱਤਾ ਹੈ ਅਤੇ ਮੈਂ ਜਾਣਦਾ ਵੀ ਹਾਂ ਕਿ ਮੈਂ ਉਹਦੇ ਕੁਝ ਲੋਕਾਂ ਨੂੰ ਇੱਥੇ ਬੈਠੇ ਹੋਏ ਵੇਖਦਾ ਹਾਂ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਉਹ ਇੱਕ ਮਹਾਨ ਸਿੱਖਿਆ ਦੇਣ ਵਾਲਾ ਹੈ। ਉਹ ਡਾਕਟਰ ਆੱਫ ਡਵਿਨਟੀ, ਪੀ.ਐਚ, ਐਲ.ਐਲ.ਡੀ ਹੈ, ਅਤੇ ਉਹ ਬਹੁਤ ਹੀ ਭਲਾ ਆਦਮੀ ਹੈ। ਮੈਂ ਸੋਚਦਾ ਹਾਂ ਕਿ ਉਹ ਇਸ ਸਮੇਂ ਦੁਨੀਆਂ ਵਿੱਚੋਂ ਜਾ ਚੁੱਕਾ ਹੈ। ਪ੍ਰੰਤੂ ਉਹ ਭਲਾ ਮਨੁੱਖ ਸੀ ਅਤੇ ਉਹ ਇੱਕ ਵਧੀਆ ਲੇਖਕ ਸੀ। ਅਤੇ ਇਹ ਭਾਈ ਓਰੀਯਾਹ ਸਮਿੱਥ ਹੈ ਜਿਹੜਾ, "ਦਾਨੀਏਲ ਦਾ ਪ੍ਰਕਾਸ਼ " ਕਿਤਾਬ ਦਾ ਲਿਖਾਰੀ ਹੈ। ਹੁਣ ਤੁਸੀਂ ਜਿਹੜੇ ਉਸਦੀ ਸਿੱਖਿਆ ਦੇ ਮੰਨਣ ਵਾਲੇ ਹੋ, ਵੇਖੋ ਹੁਣ ਮੈਂ ਨਹੀਂ ਚਾਹੁੰਦਾ ਹਾਂ ਕਿ ......ਮੈਂ ਬਸ ਨਹੀਂ ....ਮੈਂ ਇਹਨੂੰ ਘੁਮੰਡ ਨਾਲ ਨਹੀਂ ਕਹਿਣਾ ਚਾਹੁੰਦਾ ਹਾਂ, ਪ੍ਰੰਤੂ ਮੈਂ ਬਸ .........

438 ਵੇਖੋ, ਪਰ ਭਾਈ ਸਮਿੱਥ ਸਮਰਥਨ ਕਰਨ ਦਾ ਯਤਨ ਕਰ ਰਹੇ ਸਨ .....ਉਹ, "ਜਾਨਾਂ ਦੇ ਸੌਣ "ਦੇ ਤੱਥ ਦਾ ਸਮਰਥਨ ਕਰ ਰਹੇ ਸਨ ਅਤੇ ਉਨ੍ਹਾਂ ਨੇ ਉਸ ਵਿੱਚ ਇਹ ਦੱਸਿਆ ਸੀ ਕਿ, ਜਾਨ ਸਾਉਂਦੀ ਹੈ ਅਤੇ ਸੁਰਗ ਵਿੱਚ ਬਲੀਦਾਨ ਦੀ ਕੋਈ ਵੀ ਜਗਵੇਦੀ ਨਹੀਂ ਹੈ। ਸਿਰਫ ਇੱਕ ਹੀ ਵੇਦੀ ਹੈ ਜੋ ਕਿ ਧੂਪ ਦੀ ਜਗਵੇਦੀ ਹੈ। " ਉਹਨਾਂ ਦਾ ਵਿਸ਼ਵਾਸ਼ ਸੀ ਕਿ ਇਹ ਜਗਵੇਦੀ ਸੁਰਗ ਵਿੱਚ ਹੈ। ਪ੍ਰੰਤੂ ਤੁਸੀਂ ਪਿਆਰੇ ਲੋਕੋ ......ਮੈਂ ਆਪਣੇ ਭਾਈ ਨਾਲ ਕੋਈ ਅਸਿਹਮਤੀ ਨਹੀਂ ਰੱਖ ਰਿਹਾਂ ਹਾਂ। ਮੈਂ ਸ਼ਾਇਦ ...ਮੈਂ ਉਹਦੇ ਨਾਲ ਦੂਸਰੇ ਪਾਸੇ ਮਿਲਣ ਦੀ ਆਸ ਕਰਦਾ ਹਾਂ। ਮੈਂ ਉਸ ਮਹਾਨ ਟੀਚਰ ਨਾਲ ਮੱਤ-ਭੇਤ ਨਹੀਂ ਰੱਖ ਰਿਹਾ ਹਾਂ।

439 ਪ੍ਰੰਤੂ ਮੈਂ ਤਾਂ ਤੁਹਾਨੂੰ ਇਹ ਵਿਖਾਉਣ ਦਾ ਯਤਨ ਕਰ ਰਿਹਾ ਹਾਂ ਕਿ ਇਸ ਪੰਜਵੀਂ ਮੋਹਰ ਦਾ ਖੁੱਲ੍ਹਣਾ ਇਸਨੂੰ ਕਿਵੇਂ ਗਲਤ ਸਾਬਤ ਕਰ ਰਿਹਾ ਹੈ। ਵੇਖੋ, ਇਹ ਇਸਨੂੰ ਗਲਤ ਸਿੱਧ ਕਰਦੀ ਹੈ। ਇਸ ਅੰਤ ਦੇ ਦਿਨਾਂ ਵਿੱਚ ਇਸ ਮੋਹਰ ਦੇ ਖੁੱਲ੍ਹਣ ਦੁਆਰਾ, 'ਜਾਨਾਂ ਸੌਂ ਰਹੀਆਂ ਹਨ' ਇਸ ਸਿੱਖਿਆ ਦਾ ਖੁਲਾਸਾ ਹੋ ਗਿਆ ਹੈ। ਸਮਝੇ?ਉਹ ਜਾਨਾਂ ਮਰੀਆਂ ਹੋਈਆਂ ਨਹੀਂ ਹਨ। ਉਹ ਜਾਨਾਂ ਜੀਉਂਦੀਆਂ ਹਨ। ਸਮਝੇ?

440 ਹੁਣ ਇਸ ਤੇ ਧਿਆਨ ਦਿਓ। ਹੁਣ ਜੇ ਸੁਰਗ ਵਿੱਚ ਬਲੀਦਾਨ ਲਈ ਕੋਈ ਜਗਵੇਦੀ ਨਹੀਂ ਹੈ ਤਾਂ ਪਾਪ ਦੇ ਬਲੀਦਾਨ ਲਈ ਲੇਲਾ ਕਿੱਥੇ ਪਿਆ ਹੋਇਆ ਹੈ? ਉੱਥੇ ਕੋਈ ਇੱਕ ਐਸੀ ਜਗ੍ਹਾ ਹੋਣੀ ਚਾਹੀਦੀ ਹੈ ਜਿੱਥੇ ਕੋਹਿਆ ਹੋਇਆ, ਖੂਨ ਨਾਲ ਲੱਥ-ਪੱਥ ਹੋਇਆ ਲੇਲਾ ਪਿਆ ਹੋਣਾ ਚਾਹੀਦਾ ਹੈ, ਜਿੱਥੇ ਲਹੂ ਹੈ।

441 ਹੁਣ, ਧੂਪ ਤਾਂ ਸੁਗੰਧ ਸੀ ਜਿਹਨੂੰ ਉਹ ਜਲਾਉਂਦੇ ਸਨ ਜਿਹਦੇ ਬਾਰੇ ਵਿੱਚ ਬਾਈਬਲ ਆਖਦੀ ਹੈ ਕਿ "ਉਹ ਪਵਿੱਤਰ ਲੋਕਾਂ ਦੀਆਂ ਪ੍ਰਾਥਨਾਵਾਂ ਹਨ। ਜੇ ਉੱਥੇ ਜਗਵੇਦੀ ਤੇ ਕੋਈ

ਪੈਰਾਡਾਈਜ਼ ਵਰਗੀ ਜਗ੍ਹਾ ਸੀ ਕਿਉਂਕਿ ਮਸੀਹ ਹਾਲੇ ਵੀ ਉਤਾਂਹ ਸੀ। ਪ੍ਰੰਤੂ ਜੇ ਇਹਦੇ ਨਾਲ ਤੁਹਾਡੀ ਤਸੱਲੀ ਹੋ ਜਾਂਦੀ ਹੈ ਤਾਂ ਤੁਸੀਂ ਪ੍ਰਕਾਸ਼ ਦੀ ਪੋਥੀ 19 ਬਾਬ ਨੂੰ ਪੜ੍ਹਿਓ। ਅਤੇ ਜਦੋਂ ਯਿਸੂ ਸੁਰਗਾਂ ਦੇ ਸੁਰਗ ਵਿੱਚੋਂ ਆਉਂਦਾ ਹੈ ਤਾਂ ਉਹ ਚਿੱਟੇ ਘੋੜੇ ਤੇ ਸਵਾਰ ਹੈ ਅਤੇ ਸਾਰੇ ਸੰਤ ਉਸਦੇ ਨਾਲ ਘੋੜਿਆਂ ਤੇ ਹਨ। "ਇਹ ਬਿਲਕੁੱਲ ਸੱਚ ਹੈ। ਹਾਂ ਅਸਲ ਵਿੱਚ ਹੀ ਇਹ ਸੱਚਾਈ ਹੈ।

431 ਅਤੇ ਉੱਥੇ ਠੀਕ ਉਤਾਂਹ, ਉਸੇ ਹੀ ਥਾਂ ਤੇ ਉੱਥੇ ਇੱਕ ਸੀ ਜਿਹੜਾ ਉਕਾਬ ਵਰਗਾ ਸੀ, ਤੇ ਇੱਕ ਬੈਲ ਵਰਗਾ ਸੀ ਅਤੇ ਇੱਕ ......ਚੰਗਾ, ਉਹ ਘੋੜੇ ਕਿੱਥੋਂ ਆਏ ਸਨ ਜੋ ਏਲੀਯਾਹ ਨੂੰ ਚੁੱਕ ਕੇ ਲੈ ਗਏ ਸਨ? ਹੁਣ ਇਹ ਵਿਖਾਉਂਦਾ ਹੈ ਕਿ ਮਨੁੱਖੀ ਦਿਮਾਗ ਤਾਂ ਕੁਝ ਨਾ ਕੁਝ ਫੜ੍ਹਨਾ ਚਾਹੁੰਦਾ ਹੈ। ਇਹ ਠੀਕ ਹੈ।

432 ਹੁਣ ਧਿਆਨ ਦਿਓ। ਪ੍ਰੰਤੂ ਮੈਂ ਜਿਵੇਂ ਕਿ ਮੈਂ ਇਸ ਪਿਆਰੇ ਅਤੇ ਪ੍ਰਮੇਸ਼ੁਰ ਦੇ ਦਾਸ ਯੂਹੰਨਾ ਦੇ ਵਾਰੇ ਵਿੱਚ ਸੋਚ ਰਿਹਾ ਸੀ .....ਮੈਂ ਬਸ ਸੋਚਿਆ ਕਿ ਇਸ ਤੋਂ ਪਹਿਲਾਂ ਕਿ ਮੈਂ ਇਹ ਦੀ ਸਮਾਪਤੀ ਕਰਾਂ ਇੱਥੇ ਇਹ ਦੱਸਣਾ ਜਰੂਰੀ ਹੋਵੇਗਾ ਕਿ ਜੇ ਯੂਹੰਨਾ ਨੇ ਉੱਥੇ ਨਿਗਾਹ ਮਾਰੀ ਸੀ ਤਾਂ ਉਸਨੇ ਆਪਣੇ ਭਾਈਆਂ ਨੂੰ ਵੇਖਿਅ ਸੀ ਜਿਹਨਾਂ ਨੇ ਥੋੜੀ ਦੇਰ ਹੋਰ ਇੰਤਜ਼ਾਰ ਕਰਨਾ ਸੀ ਤਾਂ ਖੁਦਾ ਨੇ ਮੈਨੂੰ ਆਪਣੇ ਉਹਨਾਂ ਭਾਈਆਂ ਅਤੇ ਸੰਤਾਂ ਨੂੰ ਵੇਖਣ ਦੀ ਅਗਿਆ ਦਿੱਤੀ ਜਿਹੜੇ ਪ੍ਰਭੂ ਦੀ ਆਮਦ ਦੀਉਡੀਕ ਕਰ ਰਹੇ ਹਨ। ਧਿਆਨ ਦਿਓ ਕਿ ਉਹ ਅਰਥਾਤ ਮੇਰੇ ਲੋਕ ਸ਼ਹੀਦਾਂ ਦੀ ਜਗਵੇਦੀ ਦੇ ਹੇਠਾਂ ਨਹੀਂ ਸਨ।

433 ਹੁਣ ਮੈਂ ਚਹੁੰਦਾ ਹਾਂ ਕਿ ਤੁਸੀਂ ਜਰਾ ਧਿਆਨ ਨਾਲ ਸੁਣੋ। ਅਤੇ ਮੈਂ ਇਮਾਨਦਾਰੀ ਨਾਲ ਦਸ ਮਿੰਟਾਂ ਵਿੱਚ ਦਸ ਵਜੇ ਖਤਮ ਕਰ ਦਿਆਂਗਾ ਭਾਵੇਂ ਮੈਨੂੰ ਇਹ ਛੱਡਣਾ ਹੀ ਕਿਉਂ ਨਾ ਪਵੇ ਅਤੇ ਕੱਲ ਇਸਦਾ ਖਾਤਮਾ ਕਰਨਾ ਪਵੇ।

434 ਵੇਖੋ, ਉਹ ਮੇਰੇ ਨਹੀਂ ਸਨ .......ਪ੍ਰਭੂ ਨੇ ਜਿਹੜੇ ਲੋਕ ਮੈਨੂੰ ਵਿਖਾਏ ਉਹ ਲਾੜੀ ਸੀ, ਉਹ ਸ਼ਹੀਦਾਂ ਦੇ ਝੁੰਢ ਵਿੱਚ ਨਹੀਂ ਸਨ,ਨਹੀਂ, ਉਹ ਜਗਵੇਦੀ ਦੇ ਹੇਠਾਂ ਨਹੀਂ ਸਨ ਪਰ ਉਹਨਾਂ ਨੇ ਜੀਉਂਦੇ ਵਚਨ ਦੀ ਮਾਫ ਕਰਨ ਵਾਲੀ ਕਿਰਪਾ ਨੂੰ ਕਬੂਲ ਕਰਨ ਰਾਹੀਂ ਚਿੱਟੇ ਵਸਤਰ ਪਾਏ ਸਨ। ਮਸੀਹ ਨੇ ਹੀ ਉਹਨਾਂ ਵਿੱਚੋਂ ਹਰ ਇੱਕ ਨੂੰ ਇੱਕ ਚਿੱਟਾ ਵਸਤਰ ਦਿੱਤਾ ਸੀ। ਮੈਂ ਨਹੀਂ ਜਾਣਦਾ ਕਿ ਖੁੱਲ੍ਹਣ ਦੇ ਰਾਹੀਂ .......

435 ਮੈਂ ਅਸਲ ਵਿੱਚ ਇਸ ਪੰਜਵੀਂ ਮੋਹਰ ਦੇ ਖੁੱਲ੍ਹਣ ਦੇ ਦੁਆਰਾ ਇਹ ਸੋਚਦਾ ਹਾਂ, ਜਿਵੇਂ ਕਿ ਮੈਂ ਇਹ ਨਿਹਚਾ ਕਰਦਾ ਹਾਂ ਕਿ ਇਹ ਸਾਡੇ ਲਈ ਖੁੱਲ੍ਹ ਗਈ ਹੈ। ਮੈਂ ਇਹ ਖੁਦਾ ਦੇ ਅੱਗੇ ਸ਼ੁੱਧ ਅੰਤਹਕਰਨ ਨਾਲ ਸਾਫ ਪ੍ਰਕਾਸ਼ ਨਾਲ ਕੀਤਾ ਹੈ। ਮੈਂ ਕਦੇ ਇਹ ਨਹੀਂ ਕੀਤਾ ਕਿ ਮੈਂ ਇਹਨੂੰ ਸੋਚਣ ਦੀ ਕੋਸ਼ਿਸ਼ ਕਰਾਂ ਕਿਉਂਕਿ ਮੈਂ ਹਮੇਸ਼ਾਂ ਹੀ ਜੱਥੇਬੰਦੀਆਂ ਦੇ ਵਿਰੁੱਧ ਰਿਹਾ ਹਾਂ ਅਤੇ ਮੈਂ ਕਦੇ ਵੀ ਉਹਨਾਂ ਦੇ ਨਾਲ ਸਬੰਧਤ ਨਹੀਂ ਰਿਹਾਂ ਹਾਂ, ਪ੍ਰੰਤੂ ਹੁਣ ਇਹ ਮੇਰੇ ਲਈ ਖੁੱਲ੍ਹ ਗਈ ਹੈ।

436 ਅਤੇ ਇੱਕ ਹੋਰ ਗੱਲ ਮੈਂ ਸੋਚਦਾ ਹਾਂ ;ਕਿ ਇਸ ਪੰਜਵੀਂ ਮੋਹਰ ਦੇ ਖੁੱਲ੍ਹਣ ਦੇ ਰਾਹੀਂ ਇੱਥੇ ਇੱਕ ਸਿੱਖਿਆ ਵਿੱਚ ਵੀ ਸੁਧਾਰ ਹੋਇਆ ਹੈ,ਮੈਂ ਸ਼ਾਇਦ ਜਾਨਾਂ ਦੇ ਸੌਂ ਜਾਣ ਦੀ ਗੱਲ ਕਰਦਾ ਸੀ,ਹੁਣ ਮੈਂ ਸੋਚਦਾ ਹਾਂ ਕਿ ਇੱਥੇ ਉਹ ਲੋਕ ਹਨ ਜਿਹੜੇ ਇਸਦਾ ਵਿਸ਼ਵਾਸ਼ ਕਰਦੇ ਹਨ ਕਿ ਜਾਨਾਂ



ਸੱਕਦੇ ਹੋ ਤਾਂ ਉਹ ਕਿਉਂ ਨਹੀਂ ਵਧਾ ਸੱਕਦਾ ਹੈ। " ਅਤੇ ਉਸੇ ਨੇ ਇਸੇ ਤਰ੍ਹਾਂ ਦੀਆਂ ਹੀ ਗੱਲਾਂ ਆਖੀਆਂ ਸਨ। ਉਹ ਇੱਕ ਰੋਮਨ ਕੈਥੋਲਿਕ ਹੈ ਅਤੇ ਮੇਰਾ ਵਧੀਆ ਦੋਸਤ ਹੈ। ਸਮਝੇ? ਜੀ ਹਾਂ, ਸ਼੍ਰੀਮਾਨ।

46 ਇੱਕ ਮੁੰਡਾ ਜੋ ਕਿ ਰੋਮਨ ਕੈਥੋਲਿਕ ਹੈ ਅਤੇ ਮੇਰਾ ਇੱਕ ਸੱਚਾ ਵਫਾਦਾਰ ਮਿੱਤਰ ਹੈ, ਮੇਰੇ ਨਾਲ ਗੱਲਾਂ ਕਰ ਰਿਹਾ ਸੀ। ਮੇਰੇ ਉੱਥੋਂ ਆਉਣ ਤੋਂ ਪਹਿਲਾਂ ਉਹਦੀ ਹਾਰਡਵੇਅਰ ਦੀ ਦੁਕਾਨ ਸੀ। ਉਸਨੇ ਕਿਹਾ ਸੀ, " ਬਿਲੀ, ਮੈਂ ਜਾਣਦਾ ਹਾਂ ਕਿ ਤੂੰ ਸਾਡੇ ਧਰਮ ਦੀ ਪ੍ਰਣਾਲੀ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਹੈਂ, " ਉਸਨੇ ਆਖਿਆ, " ਪ੍ਰੰਤੂ ਮੈਂ ਤੈਨੂੰ ਹੁਣ ਕਹਿ ਰਿਹਾ ਹਾਂ ਕਿ ਪ੍ਰਮੇਸ਼ੁਰ ਨੇ ਸਾਡੇ ਲਈ ਤੇਰੀਆਂ ਦੁਆਵਾਂ ਦਾ ਬਹੁਤ ਸਨਮਾਨ ਕੀਤਾ ਹੈ। ਅਤੇ ਮੇਰਾ ਵਿਸ਼ਵਾਸ਼ ਹੈ ਕਿ ਜੇ ਤੂੰ ਦੇਸ਼ ਵਿੱਚ ਕਿਤੇ ਵੀ ਕਿਸੇ ਮੁਸੀਬਤ ਵਿੱਚ ਹੋਵੇਂ ਤਾਂ ਦੇਸ਼ ਦਾ ਹਰ ਇੱਕ ਕੈਥੋਲਿਕ ਤੇਰੇ ਕੋਲ ਤੇਰੀ ਮੱਦਦ ਲਈ ਆਵੇਗਾ। " ਇਸ ਲਈ ਤੁਸੀਂ ਵੇਖੋ ਕਿ ਇਹ ਹੈ .........

47 ਉਸਨੇ ਕਿਹਾ, "ਹਰ ਪਿੱਠ ਤੇ ਸਲੀਬ ਦਾ ਨਿਸ਼ਾਨ ਰੱਖਣ ਵਾਲਾ, " ਉਸਨੇ ਇਹਨੂੰ ਇਸੇ ਤਰ੍ਹਾਂ ਹੀ ਕਿਹਾ ਸੀ। ਮੈਂ ਤੁਹਾਨੂੰ ਇਹਦੇ ਬਾਰੇ ਦੱਸਣ ਵਾਲਾ ਹਾਂ ਕਿ ਉਸਨੇ ਇਸ ਤਰ੍ਹਾਂ ਕਿਉਂ ਕਿਹਾ ਸੀ। ਬੇਸ਼ੱਕ ਉਹ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਹ ਹੀ ਉਹ ਸ਼ੁਰੂ ਦੇ ਮਸੀਹੀ ਸਨ ਜਿਹੜੇ ਜਿੱਥੇ-ਕਿਤੇ ਵੀ ਜਾਂਦੇ ਸਨ ਉਹ ਆਪਣੀ ਪਿੱਠ ਤੇ ਸਲੀਬ ਚੁੱਕ ਕੇ ਲੈ ਜਾਂਦੇ ਸਨ। ਅਤੇ ਅਸੀਂ ਇਹ ਇਤਿਹਾਸ ਵਿੱਚੋਂ ਵੀ ਜਾਣਦੇ ਹਾਂ ਕਿ ਉਹ ਸ਼ੁਰੂ ਦੇ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਉਹ ਸੱਚ ਵਿੱਚ ਹੀ ਅਰੰਭ ਦੇ ਮਸੀਹੀ ਸਨ ਪ੍ਰੰਤੂ ਜਿਹੜੀ ਉਹਨਾਂ ਦੀ ਪ੍ਰਣਾਲੀ ਹੈ ਉਸਨੇ ਉਹਨਾਂ ਨੂੰ ਉਸ ਰਾਹ ਤੋਂ ਉਖੇੜ ਦਿੱਤਾ ਹੈ। ਸਮਝੇ?

48 ਅਤੇ ਉਹ ਲੋਕ ਭਾਵੇਂ ਉਹ ਕੈਥੋਲਿਕ ਹੋਣ ਜਾਂ ਯਹੂਦੀ ਹੋਣ ਉਹ ਜੋ ਕੁਝ ਵੀ ਹੋਣ ਉਹ ਉਸੇ ਹੀ ਇੱਕ ਰੁੱਖ ਦੇ ਪ੍ਰਾਣੀ ਹਨ ਜਿਹੜੇ ਰੁੱਖ ਦੇ ਅਸੀਂ ਹਾਂ। ਇਹ ਠੀਕ ਹੈ। ਇਹ ਲੋਕ ਉਹ ਲੋਕ ਹਨ ਜੋ ਪਿਆਰ ਕਰਦੇ ਹਨ ਅਤੇ ਖਾਂਦੇ-ਪੀਂਦੇ ਹਨ ਅਤੇ ਸੌਂਦੇ ਹਨ ਅਤੇ ਕਿਸੇ ਵੀ ਦੂਜੇ ਮਨੁੱਖ ਵਰਗੇ ਹਨ। ਇਸ ਲਈ ਸਾਨੂੰ ਨਿੱਜੀ ਤੋਰ ਤੇ ਕਿਸੇ ਵੀ ਮਨੁੱਖ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੀਦਾ ਹੈ।

49 ਪ੍ਰੰਤੂ ਤੁਸੀਂ ਵੇਖੋ ਕਿ ਇੱਕ ਪ੍ਰਚਾਰਕ ਹੋਣ ਦੇ ਕਾਰਨ ਉਸ ਸੱਪ ਨੂੰ ਜੋ ਉੱਥੇ ਹੈ ਮੈਂ ਸੱਟ ਮਾਰਨੀ ਹੀ ਹੈ ਜੋ ਕਿ ਲੋਕਾਂ ਨੂੰ ਉੱਥੇ ਕੱਟ ਰਿਹਾ ਹੈ। ਅਰ ਮੈਂ ਨਹੀਂ ਕਰਦਾ ......ਇਹ ਹੈ ....ਮੈਂ ਤਾਂ ਬਸ ......ਜੇ ਖੁਦਾ ਵਲੋਂ ਮੈਨੂੰ ਇਹ ਕਰਨ ਦਾ ਅਧਿਕਾਰ ਨਾ ਦਿੱਤਾ ਗਿਆ ਹੁੰਦਾ ਤਾਂ ਮੈਂ ਇਸ ਤਰ੍ਹਾਂ ਆਪਣੇ ਆਪ ਕਦੇ ਵੀ ਨਾ ਕਰਦਾ ਪ੍ਰੰਤੂ ਤੁਸੀਂ ਵੇਖੋ ਕਿ ਮੈਂ ਇਸ ਤਰ੍ਹਾਂ ਕਰਨ ਲਈ ਵਚਨਬੱਧ ਹਾਂ (ਸਮਝੇ?) ਅਤੇ ਮੈਨੂੰ ਜਰੂਰੀ ਚਾਹੀਦਾ ਹੈ ਕਿ ਮੈਂ ਇਹਦੇ ਨਾਲ ਸੱਚਿਆਈ ਅਤੇ ਵਫਾਦਾਰੀ ਨਾਲ ਟਿਕਿਆ ਰਹਾਂ।

50 ਪਰ ਜੇ ਇੱਥੇ ਕੋਈ ਕੈਥੋਲਿਕ, ਯਹੂਦੀ ਜਾਂ ਉਹ ਕੋਈ ਮੁਸਲਮਾਨ, ਯੂਨਾਨੀ ਜਾਂ ਕੱਟੜਪੰਥੀ ਜਾਂ ਉਹ ਕੋਈ ਵੀ ਹੋਵੇ, ਜੇ ਉਹ ਦੁਆ ਕਰਵਾਉਣ ਲਈ ਆਉਂਦਾ ਹੈ ਤਾਂ ਉਸਦੇ ਲਈ ਉਸੇ ਤਰ੍ਹਾਂ ਹੀ ਇਮਾਨਦਾਰੀ ਦੇ ਨਾਲ ਦੁਆ ਕਰਾਂਗਾ ਜਿਵੇਂ ਮੈਂ ਆਪਣੇ ਲੋਕਾਂ ਲਈ ਕਰਦਾ ਹਾਂ। ਇਹ ਸਹੀ ਗੱਲ ਹੈ। ਬਿਲਕੁੱਲ ਮੈਂ ਇਸ ਤਰ੍ਹਾਂ ਕਰਾਂਗਾ ਕਿਉਂਕਿ ਉਹ ਵੀ ਮਨੁੱਖ ਹੀ ਹਨ। ਅਤੇ ਤੁਸੀਂ

ਜਾਣਦੇ ਹੋ ਕਿ ਮੈਂ ਬੋਧੀ ਅਤੇ ਸਿੱਖਾਂ, ਜੈਨੀਆਂ, ਮੁਸਲਮਾਨਾਂ ਅਤੇ ਹਰ ਇੱਕ ਧਰਮ ਦੇ ਲੋਕਾਂ ਲਈ ਇਸੇ ਢੰਗ ਦੇ ਨਾਲ ਦੁਆਵਾਂ ਕੀਤੀਆਂ ਹਨ। ਅਤੇ ਮੈਂ ਉਹਨਾਂ ਤੋਂ ਕੋਈ ਵੀ ਸਵਾਲ ਨਹੀਂ ਪੁੱਛਦਾ ਹਾਂ ਮੈਂ ਤਾਂ ਬਸ ਉਹਨਾਂ ਲਈ ਦੁਆ ਕਰਦਾ ਹਾਂ ਕਿਉਂਕਿ ਉਹ ਕੋਈ ਹਨ -ਉਹ ਕੋਈ ਮਨੁੱਖ ਹਨ ਜੋ ਚੰਗੇ ਹੋਣਾ ਚਾਹੁੰਦੇ ਹਨ,ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਜੀਵਨ ਦੇ ਰਾਹ ਤੇ ਹੋਰ ਥੋੜਾ ਸੌਖਾ ਬਣਾਉਣ ਦਾ ਯਤਨ ਕਰਦੇ ਹਨ।

51 ਅਤੇ ਮੈਨੂੰ ਇਹਦਾ ਅਹਿਸਾਸ ਹੈ ਕਿ ਜੋ ਇੱਥੇ ਹਨ ਉਹਨਾਂ ਵਿੱਚੋਂ ਅਨੇਕਾਂ ਲੋਕਾਂ ਨੂੰ ਮੈਂ ਜਾਣਦਾ ਹਾਂ, ਅਤੇ ਮੈਂ ਜਾਣਦਾ ਹਾਂ ਕਿ ਇੱਥੇ ਦੋ ਜਾਂ ਤਿੰਨ ਬਾਈਬਲ ਦੇ ਵਿਦਵਾਨ ਬੈਠੇ ਹੋਏ ਹਨ। ਅਤੇ ਉਹ ਤੇਜ਼ ਬੁੱਧੀ ਵਾਲੇ ਲੋਕ ਹਨ ਅਤੇ ਉਹਨਾਂ ਨੇ ਇਸ ਵਿਸ਼ੇ ਤੇ ਦੂਸਰੇ ਲੋਕਾਂ ਦੀਆਂ ਸਿੱਖਿਆਵਾਂ ਨੂੰ ਪੜ੍ਹਿਆ ਹੋਇਆ ਹੈ। ਅਤੇ ਇਹਨਾਂ ਭਾਈਆਂ ਨੂੰ ਮੈਂ ਇਹ ਦੱਸਣਾ ਚਹੁੰਦਾ ਹਾਂ ਕਿ ਮੈਂ ਇਹਨਾਂ ਦੀ ਨਿੰਦਾ ਨਹੀਂ ਕਰ ਰਿਹਾ ਹਾਂ। ਮੈਂ ਤਾਂ ਬਸ ਉਸਦਾ ਪ੍ਰਗਟਾਵਾ ਕਰ ਰਿਹਾ ਹਾਂ ਜੋ ਪ੍ਰਭੂ ਨੇ ਮੈਨੂੰ ਵਿਖਾਇਆ ਹੈ। ਅਤੇ ਇਹੋ ਹੀ ਕੁਝ ਮੈਂ ਜਾਣਦਾ ਹਾਂ।

52 ਹੁਣ, ਅਸੀਂ ਇਹ ਕਦੇ ਵੀ ਸੋਚਣਾ ਨਹੀਂ ਚਹੁੰਦੇ ਕਿ ਕੱਪੜੇ ਧੋਣ ਵਾਲੀ ਕਿਸੇ ਔਰਤ ਜਾਂ ਫਿਰ ਕਿਸੇ ਹਲ ਵਾਉਣ ਵਾਲੇ ਕਿਸੇ ਮੁੰਡੇ ਨੂੰ ਪ੍ਰਮੇਸ਼ੁਰ ਦੇ ਵਲੋਂ ਪ੍ਰਕਾਸ਼ ਨਹੀਂ ਮਿਲ ਸੱਕਦਾ ਹੈ। ਕਿਉਂਕਿ ਤੁਸੀਂ ਇਹ ਵੇਖਿਆ ਹੈ .......ਅਸਲ ਵਿੱਚ ਖੁਦਾ ਆਪਣੇ ਆਪ ਨੂੰ ਸਾਦਗੀ ਵਿੱਚ ਪ੍ਰਗਟ ਕਰਦਾ ਹੈ। ਇਹੋ ਹੀ ਅਸੀਂ ਸ਼ੁਰੂ ਵਿੱਚ ਐਤਵਾਰ ਨੂੰ ਵੇਖਿਆ ਸੀ, ਅਸੀਂ ਵੇਖਿਆ ਸੀ ਕਿ ਖੁਦਾ ਕਿਵੇਂ ਆਪਣੇ ਆਪ ਨੂੰ ਸਧਾਰਨਤਾ ਵਿੱਚ ਪ੍ਰਗਟ ਕਰਦਾ ਹੈ। ਇਹ ਹੀ ਚੀਜ਼ ਹੈ ਜਿਹੜੀ ਉਸਨੂੰ ਮਹਾਨ ਬਣਾਉਂਦੀ ਹੈ।

53 ਹੁਣ ਮੈਨੂੰ ਜਰਾ ......ਮੈਂ ਇੱਕ ਪਲ ਲਈ ਇਹਨੂੰ ਦੁਹਰਾਉਂਦਾ ਹਾਂ। ਪ੍ਰਮੇਸ਼ੁਰ ਨੂੰ ਕੀ ਮਹਾਨ ਬਣਾਉਂਦਾ ਹੈ, ਪ੍ਰਮੇਸ਼ੁਰ ਨੂੰ ਇਹੋ ਹੀ ਮਹਾਨ ਬਣਾਉਂਦਾ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਹੀ ਸਧਾਰਨ ਬਣਾ ਲੈਂਦਾ ਹੈ। ਇਹ ਹੀ ਗੱਲ ਖੁਦਾ ਨੂੰ ਮਹਾਨ ਬਣਾਉਂਦੀ ਹੈ। ਪ੍ਰਮੇਸ਼ੁਰ ਮਹਾਨ ਹੈ ਅਰ ਉਹ ਆਪਣੇ ਆਪ ਨੂੰ ਏਨਾ ਸਧਾਰਣ ਬਣਾ ਸੱਕਦਾ ਹੈ ਕਿ ਇਸ ਸੰਸਾਰ ਦੇ ਗਿਆਨੀ ਉਸਨੂੰ ਲੱਭ ਨਹੀਂ ਸੱਕਦੇ ਹਨ। ਹੁਣ ਧਿਆਨ ਦਿਓ। ਇਹ ਆਪਣੇ ਆਪ ਵਿੱਚ ਯਿਸੂ ਮਸੀਹ ਦੇ ਪ੍ਰਕਾਸ਼ ਦਾ ਇੱਕ ਭੇਤ ਹੈ। ਸਮਝੇ? ਇਹ ਆਪਣੇ ਆਪ ਵਿੱਚ ਇਹ ਹੈ ਕਿ -ਕਿ .....ਕੋਈ ਵੀ ਅਜਿਹਾ ਨਹੀਂ ਹੈ ਕਿ ਆਪਣੇ ਆਪ ਨੂੰ ਪ੍ਰਮੇਸ਼ੁਰ ਤੋਂ ਵੱਧ ਮਹਾਨ ਬਣਾ ਸਕੇ। ਅਤੇ ਨਾ ਹੀ ਤੁਸੀਂ ਕਿਸੇ ਨੂੰ ਇੰਨਾ ਸਾਦਾ ਬਣਾ ਸੱਕਦੇ ਹੋ ਜਿੰਨਾ ਕਿ ਪ੍ਰਮੇਸ਼ੁਰ ਆਪਣੇ ਆਪ ਨੂੰ ਬਣਾ ਲੈਂਦਾ ਹੈ। ਇਹ ਹੀ ਉਹ ਹੈ ਜੋ ਖੁਦਾ ਨੂੰ ਮਹਾਨ ਬਣਾਉਂਦਾ ਹੈ। ਸਮਝੇ?

54 ਹੁਣ, ਇੱਕ ਆਦਮੀਂ ਜੋ ਮਹਾਨ ਹੈ ਉਹ ਥੋੜਾ ਵੱਧ ਮਹਾਨ ਬਣ ਸੱਕਦਾ ਹੈ ਜਾਂ ਹੋ ਸੱਕਦਾ ਹੈ ਕਿ ਥੋੜਾ ਜਿਹਾ ਝੁਕ ਜਾਏ ਅਤੇ ਤੁਹਾਨੂੰ ਕਹੇ, " ਤੁਹਾਡਾ ਕੀ ਹਾਲ ਹੈ?" ਜਾਂ ਉਹ ਤੁਹਾਡੇ ਨਾਲ ਇਸ ਤਰ੍ਹਾਂ ਦੀ ਕੋਈ ਗੱਲ ਕਰੇ। ਪ੍ਰੰਤੂ ਉਹ ਆਪਣੇ ਆਪ ਨੂੰ ਛੋਟਾ ਨਹੀਂ ਬਣਾ ਸੱਕਦਾ ਹੈ। ਉਸਦੇ ਬਾਰੇ ਵਿੱਚ ਇਹੋ ਹੀ ਇੱਕ ਗੱਲ ਹੈ। ਉਹ ਮਨੁੱਖ ਹੀ ਹੈ। ਅਤੇ ਉਹ ਆਪਣੇ ਆਪ ਨੂੰ ਛੋਟਾ ਨਹੀਂ ਬਣਾ ਸੱਕਦਾ ਹੈ। ਕਿਉਂਕਿ ਜਦ ਉਹ ਨਮਰ ਬਣਨ ਲਈ ਛੋਟਾ ਬਣਦਾ ਹੈ ਤਾਂ ਸੱਭ ਤੋਂ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ ਕਿ ਉਹ ਉਹਨਾਂ ਗੱਲਾਂ ਦਾ ਹਵਾਲਾ ਦੇਣ ਲੱਗਦਾ ਹੈ ਜੋ ਉਸਨੇ ਕਿਸੇ



ਜਾਂਦੀ ਹੈ। ਅਤੇ ਮੈਂ ਸੋਚਦਾ ਹਾਂ ਕਿ ਅੱਜ ਰਾਤ ਭਾਈ ਨਾੱਰਮਨ ਇੱਥੇ ਕਿਤੇ ਹੀ ਬੈਠੇ ਹੋਏ ਹਨ। ਅਤੇ ਉਹਨੇ ਇਹਦਾ ਅਨੁਵਾਦ ਕਰਕੇ ਇਸਦੇ ਪਰਚੇ ਬਣਾ ਕੇ ਭੇਜੇ ਸਨ। ਇਹ ਗੱਲ ਸੱਭ ਜਗ੍ਹਾ ਪਹੁੰਚ ਗਈ ਸੀ। ਅਤੇ ਸੇਵਕਾਂ ਨੇ-ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਇਸਦੇ ਉੱਤੇ ਟਿੱਪਣੀ ਕੀਤੀ ਸੀ। ਅਤੇ ਕਿਹਾ ਸੀ ......

424 ਮੇਰੇ ਕੋਲ ਇੱਕ ਘਟਨਾ ਹੈ ਜੋ ਮੈਂ ਦੱਸਾਂਗਾ। ਅਸਲ ਵਿੱਚ ਇਹ ਸੈਕੜਿਆਂ ਦੀ ਤਦਾਦ ਵਿੱਚ ਹਨ। ਇਹ ਭੱਜਾ ਆਇਆ ਅਤੇ ਕਿਹਾ, " ਭਾਈ ਬ੍ਰਾਨਹਾਮ ਤੁਹਾਡਾ ਦਰਸ਼ਣ ਬਿਜਨੈੱਸ ਮੈਨਸ ਵਾੱਇਸ ਵਿੱਚ ਛਪਿਆ ਹੈ। "

425 ਅਤੇ ਮੈਂ ਟੋਮੀ ਨਿਕਲਸ ਦੀ ਸਰਾਹਨਾ ਕਰਦਾ ਹਾਂ ਭਾਵੇਂ ਕਿ ਹੁਣ ਉਹ ਬਿਜਨੈੱਸ ਮੈਨ ਐਸੋਸੀਏਸ਼ਨ ਦੇ ਨਾਲ ਨਹੀਂ ਹੈ। ਮੈਂ ਨਹੀਂ ਜਾਣਦਾ ਕਿ ਉਹ ਬਿਜਨੈੱਸ ਮੈਨ ਐਸੋਸੀਏਸ਼ਨ ਦੇ ਨਾਲ ਕਿਉਂ ਨਹੀਂ ਹੈ, ਪ੍ਰੰਤੂ ਉਹ ਉਨ੍ਹਾਂ ਦੇ ਨਾਲ ਨਹੀਂ ਹੈ। ਪ੍ਰੰਤੂ ਉਸਨੇ ਉਸ ਮੈਗਜ਼ੀਨ ਵਿੱਚ ਇਹ ਲਿਖਿਆ ਸੀ ਜੋ ਮੈਂ ਕਿਹਾ ਸੀ। ਤਸਲੀਸ ਦੇ ਨਾਲ ਸਬੰਧਤ ਉਸ ਮੈਗਜ਼ੀਨ ਵਿੱਚ ਉਸਨੇ ਕਿਹਾ ਸੀ, " ਜਿੱਥੇ ਮੈਂ ......ਜਿੱਥੇ ਪੌਲੁਸ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਸੀ ਅਤੇ ਉਸਨੇ ਲੋਕਾਂ ਨੂੰ ਵੀ ਇਸੇ ਤਰ੍ਹਾਂ ਹੀ ਕਰਨ ਦੀ ਅਗਿਆ ਦਿੱਤੀ ਸੀ, ਮੈਂ ਵੀ ਉਹ ਹੀ ਕੀਤਾ ਹੈ। " ਵੇਖੋ, ਉਸਨੇ ਆਪਣੇ ਮੈਗਜ਼ੀਨ ਵਿੱਚ ਇਹ ਨੂੰ ਇਸੇ ਤਰ੍ਹਾਂ ਹੀ ਲਿਖਿਆ ਸੀ। ਸਮਝੇ?ਅਤੇ ਤਦ ਮੈਂ ਸੋਚਿਆ, "ਮੈਂ...."

426 ਇਸ ਸੇਵਾਦਾਰ ਨੇ ਲਿਖਿਆ ਅਤੇ ਕਿਹਾ, " ਭਾਈ ਬ੍ਰਾਨਹਾਮ ਤੁਹਾਡਾ ਦਰਸ਼ਣ ....."

427 ਜੋ ਕਿ ਇਹ ਦਰਸ਼ਣ ਹੋ ਸੱਕਦਾ ਹੈ। ਕਿਹਾ ਹੁਣ ਮੈਂ ਬਦਲ ਜਾਣ ਦੇ ਵਾਰੇ ਵਿੱਚ ਨਹੀਂ ਕਹਿਣਾ ਚਾਹੁੰਦਾ ਹਾਂ। ਜੇ ਪੌਲੁਸ ......ਜੇ ਮੈਂ ਇਸ ਪਹਿਲੇ ਅਕਾਸ਼ ਤੇ ਉਠਾ ਲਿਆ ਗਿਆ ਸੀ ਅਰ ਇਹ ਸੱਭ ਵੇਖਿਆ ਤਾਂ ਤੁਸੀਂ ਪੌਲੁਸ ਦੇ ਵਾਰੇ ਵਿੱਚ ਕੀ ਕਹੋਗੇ ਜੋ ਤੀਸਰੇ ਅਕਾਸ਼ ਤੇ ਉਠਾ ਲਿਆ ਗਿਆ ਸੀ? ਇਹ ਕੀ ਸੀ? ਪੌਲੁਸ ਨੇ ਤਾਂ ਆਖਿਆ ਕਿ ਉਹ ਇਸਦੇ ਵਾਰੇ ਵਿੱਚ ਦੱਸ ਨਹੀਂ ਸੱਕਦਾ ਸੀ, ਜੇ ਉਹ ਉਠਾ ਲਿਆ ਗਿਆ ਸੀ। ਸਮਝੇ?ਜੇ ਇਹ ਉੱਪਰ ਉਠਾਇਆ ਜਾਣਾ ਸੀ ਤਾਂ ਫਿਰ ਮੈਂ ਨਹੀਂ ਜਾਣਦਾ। ਮੈਂ ਨਹੀਂ ਆਖ ਸੱਕਦਾ। ਮੈਂ ਤੁਹਾਨੂੰ ਦੱਸ ਨਹੀਂ ਸੱਕਦਾ ਹਾਂ।

428 ਪ੍ਰੰਤੂ ਇਸ ਸੇਵਾਦਾਰ ਨੇ ਕਿਹਾ, "ਭਾਈ ਬ੍ਰਾਨਹਾਮ ਤੁਹਾਡਾ ਦਰਸ਼ਣ ਬਿਲਕੁੱਲ ਵਚਨ ਦੇ ਅਨੁਸਾਰ ਲੱਗਦਾ ਹੈ ਜਿੰਨਾ ਚਿਰ ਤੱਕ ਤੁਸੀਂ ਇਹ ਨਹੀਂ ਕਿਹਾ ਕਿ ਉੱਥੇ ਘੋੜਾ ਵੀ ਸੀ। ਕਿ ਉੱਥੇ ਇੱਕ ਘੋੜਾ ਸੀ। ਉਸਨੇ ਕਿਹਾ, "ਕੀ ਇੱਕ ਘੋੜਾ ਸੁਰਗ ਦੇ ਵਿੱਚ ਹੋ ਸੱਕਦਾ ਹੈ?" ਕਿਹਾ .....ਕੀ ਤੁਸੀਂ ਪਾਦਰੀ ਵਰਗ ਦੇ ਉਸ ਆਦਮੀ ਦੀ ਬੁੱਧੀ ਅਤੇ ਦਿਮਾਗ ਨੂੰ ਵੇਖਦੇ ਹੋ? ਸਮਝੇ?ਉਸਨੇ ਕਿਹਾ, "ਸੁਰਗ ਮਨੁੱਖਾਂ ਦੇ ਲਈ ਬਣਾਇਆ ਗਿਆ ਹੈ ਘੋੜਿਆਂ ਦੇ ਲਈ ਨਹੀਂ। "

429 ਠੀਕ ਹੈ, ਮੈਂ ਬੈਠ ਗਿਆ। ਮੇਰਾ ਪੁੱਤਰ ਬਿਲੀ, ਜੋ ਕਿ ਇੱਥੇ ਹੈ, ਉਸਨੇ ਲੱਗ-ਭੱਗ ਤਿੰਨ ਜਾਂ ਚਾਰ ਮਹੀਨੇ ਪਹਿਲਾਂ ਪੁਰਾਣੇ ਗਿਰਜੇ ਦੇ ਦਫਤਰ ਵਿੱਚੋਂ ਇੱਕ ਪੱਤਰ ਲਿਖਿਆ।

430 ਮੈਂ ਕਿਹਾ, " ਮੇਰੇ ਬੇਸ਼ਕੀਮਤੀ ਭਾਈ, ਮੈਨੂੰ ਤੇਰੀ ਬੁੱਧੀ ਅਤੇ ਵਚਨ ਦੇ ਗਿਆਨ ਤੇ ਹੈਰਾਨੀ ਹੁੰਦੀ ਹੈ। ਮੈਂ ਇਹ ਨਹੀਂ ਕਿਹਾ ਸੀ ਕਿ ਮੈਂ ਸੁਰਗ ਵਿੱਚ ਸੀ। ਮੈਂ ਕਿਹਾ ਸੀ ਇਹ ਤਾਂ ਇੱਕ

ਸੀ। ਜਦ ਤੂੰ ਬੁੱਢਾ ਹੋ ਜਾਂਦਾ ਤਾਂ ਮੈਂ ਤੇਰੀ ਦੇਖਭਾਲ ਕਰਦਾ। ਅਤੇ ਹੁਣ ਉਨ੍ਹਾਂ ਨੇ ਤੈਨੂ ਮਾਰ ਦਿੱਤਾ ਹੈ। ਮੈਂ ਕਿਹਾ, "ਫ੍ਰਿਟਜ਼ ਮੈਂ ਤੇਰੇ ਨਾਲ ਵਾਇਦਾ ਕਰਦਾ ਹਾਂ ਕਿ ਉਹ ਜੀਉਂਦਾ ਨਹੀਂ ਰਹੇਗਾ। ਮੈਂ ਉਹਨੂੰ ਕਿਸੇ ਵੇਲੇ ਜਦ ਉਹ ਗਲੀ ਵਿੱਚ ਤੁਰਿਆ ਹੋਵੇਗਾ ਤਾਂ ਫੜ ਲਵਾਂਗਾ। ਅਤੇ ਮੈਂ ਉਹਨੂੰ ਤੇਰੇ ਲਈ ਮਾਰ ਸੁੱਟਾਂਗਾ। "

417 ਪਰ ਕੀ ਤੁਸੀਂ ਜਾਣਦੇ ਹੋ ਕਿ ਮੈਂ ਉਸਦੇ ਨਾਲ ਕੀ ਕੀਤਾ ਸੀ? ਮੈਂ ਉਸ ਆਦਮੀਂ ਨੂੰ ਮਸੀਹ ਦੇ ਕੋਲ ਲੈ ਆਇਆ ਅਤੇ ਉਹਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਅਤੇ ਜਦ ਉਹ ਮਰਿਆ ਤਾਂ ਉਸਦਾ ਜਨਾਜਾ ਕੀਤਾ। ਜੀ ਹਾਂ, ਸ਼੍ਰੀਮਾਨ। ਮੈਂ ਉਸ ਘਟਨਾ ਤੋਂ ਲੱਗ-ਭੱਗ ਕਝ ਸਾਲਾਂ ਬਾਦ ਮਸੀਹੀ ਬਣ ਗਿਆ ਸੀ। ਇਸ ਤੋਂ ਬਾਦ ਮੈਂ ਚੀਜ਼ਾਂ ਨੂੰ ਫਰਕ ਢੰਗ ਨਾਲ ਵੇਖਣ ਲੱਗਾ। ਮੈਂ ਉਸਦੇ ਨਾਲ ਘਿਰਣਾ ਕਰਨ ਦੀ ਬਜਾਏ ਉਹਦੇ ਨਾਲ ਪਿਆਰ ਕਰਨ ਲੱਗਾ।

418 ਸੋ ਤਦ, ਉੱਥੇ ਫ੍ਰਿਟਜ ਖੜਾ ਸੀ ਅਤੇ ਮੇਰਾ ਹੱਥ ਚੱਟ ਰਿਹਾ ਸੀ। ਅਤੇ ਮੈਂ ਸੀ .....ਮੈਂ ਵੇਖਿਆ ......

419 ਮੈਂ ਰੋ ਨਹੀਂ ਸੱਕਦਾ ਸੀ। ਕੋਈ ਵੀ ਰੋ ਨਹੀਂ ਸੱਕਦਾ ਸੀ। ਉੱਥੇ ਅਨੰਦ ਹੀ ਅਨੰਦ ਸੀ। ਤੁਸੀਂ ਉੱਥੇ ਉਦਾਸ ਨਹੀਂ ਹੋ ਸੱਕਦੇ ਹੋ,ਕਿਉਂਕਿ ਉਥੇ ਅਨੰਦ ਹੀ ਅਨੰਦ ਹੈ। ਤੁਸੀਂ ਉੱਥੇ ਮਰ ਨਹੀਂ ਸੱਕਦੇ ਹੋ ਕਿਉਂਕਿ ਉੱਥੇ ਜੀਵਨ ਹੀ ਜੀਵਨ ਹੈ। ਸਮਝੇ?ਵੇਖਿਆ? ਉੱਥੇ ਤੁਸੀਂ ਬੁੱਢੇ ਨਹੀਂ ਹੋ ਸੱਕਦੇ ਹੋ ਕਿਉਂਕਿ ਉੱਥੇ ਜੁਆਨੀ ਹੀ ਹੈ। ਅਤੇ ਇਹ ਹੀ ਉਹ ਸੀ ......ਉਹ ਤਾਂ ਬਸ ਸੰਪੂਰਨ ਹੈ। ਮੈਂ ਸੋਚਿਆ, " ਓਹ ਕੀ ਇਹ ਅਜੀਬ ਨਹੀਂ ਹੈ?" ਅਤੇ ਲੱਖਾਂ ਹੀ ....ਹੇ ਮੇਰੇ, ਪ੍ਰਭੂ। ਮੈਂ ਆਪਣੇ ਘਰ ਸੀ।

420 ਅਤੇ ਫਿਰ ਮੈਂ ਇੱਕ ਅਵਾਜ ਸੁਣੀ ਅਤੇ ਉਸਨੇ ਉੱਚੀ ਪੁਕਾਰ ਕੇ ਕਿਹਾ, " ਜਿਸ ਕਿਸੇ ਨੂੰ ਤੂੰ ਕਦੇ ਪਿਆਰ ਕੀਤਾ ...." ( ਇਹ ਮੇਰੀ ਸੇਵਕਾਈ ਦਾ ਇਨਾਮ ਸੀ)। ਮੈਨੂੰ ਕੋਈ ਇਨਾਮ ਨਹੀਂ ਚਾਹੀਦਾ। ਉਸਨੇ ਕਿਹਾ, " ਜਿਸ ਕਿਸੇ ਦੇ ਨਾਲ ਤੂੰ ਕਦੇ ਪਿਆਰ ਕੀਤਾ, ਉਨ੍ਹਾਂ ਸਭਨਾਂ ਨੂੰ ਖੁਦਾ ਨੇ ਤੈਨੂੰ ਦੇ ਦਿੱਤਾ ਹੈ। "

ਮੈਂ ਕਿਹਾ, " ਪ੍ਰਮੇਸ਼ੁਰ ਦੀ ਸਤੂਤੀ ਹੋਵੇ। "

421 ਮੈਨੂੰ ਬੜਾ ਅਜੀਬ ਮਹਿਸੂਸ ਹੋਇਆ। ਮੈਂ ਸੋਚਿਆ ਕੀ ਗੱਲ ਹੈ? ਮੈਨੂੰ ਅਜੀਬ ਜਿਹਾ ਲੱਗ ਰਿਹਾ ਸੀ। " ਮੈਂ ਪਿੱਛੇ ਮੁੜਿਆ ਅਤੇ ਨਿਗਾਹ ਮਾਰੀ, ਬਿਸਤਰੇ ਉੱਤੇ ਮੇਰਾ ਸ਼ਰੀਰ ਹਿੱਲ ਰਿਹਾ ਸੀ। ਮੈਂ ਕਿਹਾ, ਓਹ, ਯਕੀਨਨ ਮੈਨੂੰ ਵਾਪਸ ਜਾਣ ਦੀ ਲੋੜ ਨਹੀਂ ਹੈ। ਮੈਨੂੰ ਵਾਪਸ ਨਾ ਜਾਣ ਦਿਓ।"

422 ਪ੍ਰੰਤੂ ਖੁਸ਼ਖਬਰੀ ਦਾ ਪ੍ਰਚਾਰ ਤਾਂ ਹੋਣਾ ਹੀ ਹੈ। ਵੇਖੋ, ਇੱਕ ਸੈਕਿੰਡ ਵਿੱਚ ਮੈਂ ਫਿਰ ਦੁਬਾਰਾ ਉਸੇ ਤਰ੍ਹਾਂ ਪਲੰਘ ਉੱਤੇ ਸੀ।

423 ਇਸ ਤੋਂ ਬਾਦ ਲੱਗ-ਭੱਗ ਦੋ ਮਹੀਨੇ ਵੀ ਨਹੀਂ ਹੋਏ ਹੋਣੇ ਕਿ .......ਤੁਸੀਂ ਇਹਨੂੰ ਸੁਣਿਆ ਸੀ ਅਤੇ ਵਾਇਸ ਆੱਫ ਬਿਜਨੈੱਸ ਪੱਤ੍ਰਿਕਾ ਵਿੱਚ ਪੜ੍ਹਿਆ ਸੀ। ਇਹ ਪੱਤ੍ਰਿਕਾ ਸਾਰੀ ਦੁਨੀਆਂ ਵਿੱਚ



ਦੂਸਰੇ ਲਈ ਕੀਤਾ ਸੀ ਅਤੇ ਉਹ ਇਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ। ਅਤੇ ਉਹ ਫਿਰ ਆਪਣੇ ਆਪ ਨੂੰ ਉੱਚਾ ਬਣਾਉਣ ਲੱਗਦਾ ਹੈ। ਪ੍ਰੰਤੂ ਪ੍ਰਮੇਸ਼ੁਰ ਵਿੱਚ ਉੱਪਰ ਜਾਣ ਦਾ ਰਾਹ ਹੇਠਾਂ ਜਾਣਾ ਹੈ। ਜੀ ਹਾਂ।

55 ਇਸ ਸੰਸਾਰ ਦੇ ਬੁੱਧੀਮਾਨ ਲੋਕ ਪ੍ਰਮੇਸ਼ੁਰ ਨੂੰ ਆਪਣੇ ਗਿਆਨ ਨਾਲ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਤਰ੍ਹਾਂ ਕਰਨ ਨਾਲ ਉਹ ਹੋਰ ਵੀ ਉਸ ਤੋਂ ਦੂਰ ਚਲੇ ਜਾਂਦੇ ਹਨ। ਜੇ ਤੁਸੀਂ ਕਿਸੇ ਨੂੰ ਗਣਿਤ ਜਾਂ ਕਿਸੇ ਹੋਰ ਦੁਆਰਾ ਸਮਝਾਉਣ ਦਾ ਯਤਨ ਕਰ ਰਹੇ ਹੋ ਤਾਂ ਤੁਸੀਂ ਸੰਸਾਰ ਦੇ ਗਿਆਨ ਤੇ ਨਿਗਾਹ ਲਗਾ ਰਹੇ ਹੋ। ਯਾਦ ਰੱਖੋ ਕਿ ਪ੍ਰਮੇਸ਼ੁਰ ਨੇ ਇਸਨੂੰ ਬਾਈਬਲ ਵਿੱਚ ਪ੍ਰਕਾਸ਼ ਦੀ ਪੋਥੀ .......ਵਿੱਚ ਵੀ ਦੱਸ ਦਿੱਤਾ ਹੈ ....ਨਹੀਂ, ਮੈਨੂੰ ਮਾਫ ਕਰਨਾ।

56 ਮੇਰਾ ਯਕੀਨ ਹੈ ਕਿ ਇਹ ਯਸਾਯਾਹ 35 ਹੈ, ਇੱਥੋਂ ਤੱਕ ਕਿ ਇਹ ਇੰਨਾ ਸਧਾਰਨ ਹੈ ਕਿ ਇੱਕ ਮੂਰਖ ਵੀ ਇਸਨੂੰ ਸਮਝ ਸੱਕਦਾ ਹੈ। ਸਮਝੇ? ਇਹ ਸੱਚ ਹੈ ਕਿ ਭਾਵੇਂ ਉਹ ਮੂਰਖ ਵੀ ਹੋਵੇ ਤਾਂ ਵੀ ਕਦੇ ਨਾ ਭਟਕੇਗਾ।

57 ਬੁੱਧੀਮਾਨ ਲੋਕ ਆਪਣੀ ਬੁੱਧ ਦੇ ਨਾਲ ਇਹਨੂੰ ਗੁਆ ਬੈਠਦੇ ਹਨ ਉਹ ਉਸਨੂੰ ਆਪਣੇ ਗਿਆਨ ਨਾਲ ਲੱਭਣ ਦਾ ਯਤਨ ਕਰਦੇ ਹਨ ਅਤੇ ਉਸ ਤੋਂ ਬਹੁਤ ਦੂਰ ਚਲੇ ਜਾਂਦੇ ਹਨ। ਸਮਝੇ? ਜੇ ਉਹ ਬਹੁਤ ਮਹਾਨ ਹੋ ਸਕਣ ਕਿ ਉਹ ਸਧਾਰਨ ਬਣ ਜਾਣ ਤਾਂ ਉਹ ਉਸਨੂੰ ਲੱਭ ਸੱਕਦੇ ਹਨ ਕਾਸ਼ ਤੁਸੀਂ ਬਹੁਤ ਮਹਾਨ ਬਣਨ ਲਈ ਬਹੁਤ ਸਾਦਾ ਹੁੰਦੇ ......ਸਮਝੇ?ਅਤੇ ਤੁਸੀਂ ਜਾਣਦੇ ਹੋ ਕਿ ਇਹ ਅਸਲ ਵਿੱਚ ਸੱਚ ਹੈ।

58 ਮੈਂ ਲੋਕਾਂ ਦੇ ਵਿੱਚ ਗਿਆ ਹਾਂ, ਉਹਨਾਂ ਵੱਡੇ-ਵੱਡੇ ਲੋਕਾਂ ਦੇ ਦਫਤਰਾਂ ਆਦਿ ਵਿੱਚ ਗਿਆ ਹਾਂ ਜੋ ਰਾਜੇ ਅਤੇ ਹਾਕਮ ਅਤੇ ਸਮਰਾਟ ਅਤੇ ਉੱਚੀਆਂ ਪਦਵੀਆਂ ਵਾਲੇ ਲੋਕ ਹਨ। ਅਤੇ ਇਸ ਤੋਂ ਇਲਾਵਾ ਮੈਂ ਉਹਨਾਂ ਥਾਵਾਂ ਤੇ ਵੀ ਗਿਆ ਹਾਂ ਜਿੱਥੇ ਕਿ ਵਿਅਕਤੀ ਦੇ ਵੱਖ-ਵੱਖ ਤਰ੍ਹਾਂ ਦੇ ਕੱਪੜੇ ਹਨ, ਹੋ ਸੱਕਦਾ ਹੈ ਕਿ ਕੋਈ ਸੇਵਾਦਾਰ ਮੇਰੇ ਨਾਲ ਥੋੜੀ ਦੇਰ ਬਹਿਸ ਕਰਨੀ ਚਾਹੇ, ਅਤੇ ਤੁਸੀਂ ਸੋਚੋਗੇ ਕਿ ਤੁਸੀਂ ਉਸ ਤੋਂ ਬਿਨਾਂ ਸੰਸਾਰ ਨੂੰ ਨਹੀਂ ਚਲਾ ਸੱਕਦੇ ਹੋ ਅਤੇ ਇਹ ਤਾਂ ਉਹ ਆਪਣੇ ਦਿਮਾਗ ਵਿੱਚ ਫੁੱਲਿਆ ਹੋਇਆ ਹੈ, ਸਮਝੇ। ਪਰ ਇੱਕ ਵੱਡਾ ਆਦਮੀ ਤਾਂ ਹੇਠਾਂ ਬੈਠਦਾ ਹੈ ਅਤੇ ਉਹ ਇਹ ਕੋਸ਼ਿਸ਼ ਕਰਦਾ ਹੈ ਕਿ ਤੁਸੀਂ ਇਹ ਸੋਚੋ ਕਿ ਤੁਸੀਂ ਇੱਕ ਮਹਾਨ ਅਦਮੀ ਹੋ। ਸਮਝੇ? ਇੱਕ ਮਹਾਨ ਆਦਮੀਂ ਆਪਣੇ ਆਪ ਨੂੰ ਨੀਵਾਂ ਬਣਾ ਸੱਕਦਾ ਹੈ।

59 ਅਤੇ ਤੁਸੀਂ ਸਮਝੋ ਪ੍ਰਮੇਸ਼ੁਰ ਇੰਨਾ ਮਹਾਨ ਹੈ ਕਿ ਉਹ ਆਪਣੇ ਆਪ ਨੂੰ ਨੀਵਾਂ ਕਰ ਸੱਕਦਾ ਹੈ, ਉਹ ਆਪਣੇ ਆਪ ਨੂੰ ਦੀਨ ਬਣਾ ਕੇ ਅਜਿਹੀ ਥਾਂ ਤੇ ਲਿਆ ਸੱਕਦਾ ਹੈ ਕਿ ਮਨੁੱਖ ਓਨਾ ਨੀਵਾਂ ਨਹੀਂ ਹੋ ਸੱਕਦਾ ਹੈ। ਬਸ ਏਨਾਂ ਹੀ ਹੈ। ਸਮਝੇ?

60 ਅਤੇ ਉਹ ਉਸਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਹੁਣ ਉਹ ਮੁੰਡਿਆਂ ਨੂੰ ਸਕੂਲ ਘੱਲ ਕੇ ਬੀ .ਏ ਦੀ ਡਿਗਰੀ ਕਰਾ ਕੇ ਉਸਨੂੰ ਲੱਭਣ ਦਾ ਯਤਨ ਕਰ ਰਹੇ ਹਨ। ਅਤੇ ਉਹ ਉਸਨੂੰ ਬਾਈਬਲ ਦੀ ਧਾਰਮਿਕ ਸ਼ਬਦਾਵਲੀ ਦੇ ਦੁਆਰਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਉਹ ਜੱਥੇਬੰਦੀਆਂ ਦੇ ਪ੍ਰੋਗਰਾਮਾਂ ਦੁਆਰਾ ਅਤੇ ਚੀਜ਼ਾਂ ਨੂੰ ਸੋਹਣਾ ਸੁੰਦਰ ਬਣਾਉਣ ਦੇ ਦੁਆਰਾ ਉਸਨੂੰ

ਲੱਭਣ ਦਾ ਯਤਨ ਕਰ ਰਹੇ ਹਨ। ਉਹ ਉੱਥੇ ਬਿਲਕੁੱਲ ਵੀ ਨਹੀਂ ਹੈ। ਤੁਸੀਂ ਤਾਂ ਬਸ ਹਵਾ ਦੇ ਨਾਲ ਲੜ੍ਹ ਰਹੇ ਹੋ। ਤੁਸੀਂ ਤਾਂ ਬਸ ਉਸ ਤੋਂ ਦੂਰ ਜਾ ਰਹੇ ਹੋ।

61 ਉਹ ਬਹੁਤ ਸਾਦਾ ਬਣਨ ਦੇ ਨਾਲ ਬਹੁਤ ਮਹਾਨ ਬਣ ਸੱਕਦੇ ਹਨ ਉਹ ਉਸਨੂੰ ਉਸ ਪਾਸੇ ਬਸ ਸਧਾਰਨ ਬਣ ਕੇ ਹੀ ਲੱਭ ਸੱਕਦੇ ਹਨ। ਪ੍ਰੰਤੂ ਜਦ ਤੱਕ ਤੁਸੀਂ ਉਸ ਪਾਸੇ ਆਪਣੇ ਗਿਆਨ ਦੇ ਨਾਲ ਚੱਲਦੇ ਰਹਿੰਦੇ ਹੋ ਤੁਸੀਂ ਉਸ ਤੋਂ ਦੂਰ ਹੀ ਜਾਂਦੇ ਰਹਿੰਦੇ ਹੋ।

62 ਹੁਣ ਤੁਸੀਂ ਮੈਨੂੰ ਇਹ ਵਿਸ਼ਾ ਲੈਣ ਦਿਓ ਤਾਂ ਕਿ ਤੁਸੀਂ ਇਸ ਤੋਂ ਖੁੰਝ ਨਾ ਜਾਓ। ਜਿੰਨੀ ਦੇਰ ਤੱਕ ਤੁਸੀਂ ਖੁਦਾ ਨੂੰ ਆਪਣੀ ਬੁੱਧ ਨਾਲ ਸਮਝਣ ਅਤੇ ਲੱਭਣ ਦਾ ਯਤਨ ਕਰਦੇ ਹੋ ਜਿਵੇਂ ਕਿ ਇਹ ਅਦਨ ਦੇ ਬਾਗ ਵਿੱਚ ਕੀਤਾ ਗਿਆ ਸੀ,ਜਿਵੇਂ ਇਹ ਮੂਸਾ ਦੇ ਦਿਨਾਂ ਵਿੱਚ ਕੀਤਾ ਗਿਆ ਸੀ,ਜਿਵੇਂ ਨੂਹ ਦੇ ਦਿਨਾਂ ਵਿੱਚ,ਜਿਵੇਂ ਇਹ ਮਸੀਹ ਦੇ ਦਿਨਾਂ ਵਿੱਚ ਕੀਤਾ ਗਿਆ ਸੀ, ਜਿਵੇਂ ਕਿ ਇਹ ਯੂਹੰਨਾ ਦੇ ਦਿਨਾਂ ਵਿੱਚ ਕੀਤਾ ਗਿਆ ਸੀ,ਜਿਵੇਂ ਕਿ ਇਹ ਚੇਲਿਆਂ ਦੇ ਦਿਨਾਂ ਵਿੱਚ ਕੀਤਾ ਗਿਆ ਸੀ ਅਤੇ ਜਿਵੇਂ ਇਹ ਅੱਜ ਕੀਤਾ ਜਾਂਦਾ ਹੈ,ਜਦੋਂ ਤੁਸੀਂ ਇਸਨੂੰ ਆਪਣੇ ਗਿਆਨ ਨਾਲ ਭਾਲਣ ਦਾ ਯਤਨ ਕਰਦੇ ਹੋ,ਜਦੋਂ ਤੁਸੀਂ ਖੁਦਾ ਨੂੰ ਆਪਣੀ ਬੁੱਧੀ ਨਾਲ ਲੱਭਣ ਦਾ ਯਤਨ ਕਰਦੇ ਹੋ ਤਾਂ ਹਰ ਬਾਰ ਤੁਸੀਂ ਉਸ ਤੋਂ ਦੂਰ ਹੀ ਹੁੰਦੇ ਜਾਂਦੇ ਹੋ। ਤੁਸੀਂ ਤਾਂ ਬਸ ਇਸਨੂੰ ਸਮਝਣ ਦਾ ਯਤਨ ਕਰ ਰਹੇ ਹੋ ਜਦਕਿ ਇਸਨੂੰ ਸਮਝਣ ਦਾ ਕੋਈ ਤਰੀਕਾ ਨਹੀਂ ਹੈ। ਤੁਸੀਂ ਬਸ ਇਸ ਨੂੰ ਕਬੂਲ ਕਰੋ। ਤੁਸੀਂ ਬਸ ਇਸਦਾ ਵਿਸ਼ਵਾਸ਼ ਕਰੋ। ਸਮਝੇ?ਤੁਸੀਂ ਇਸਨੂੰ ਸਮਝਣ ਦੀ ਕੋਸ਼ਿਸ਼ ਨਾ ਕਰੋ।

63 ਮੈਂ ਬਹੁਤ ਸਾਰੀਆਂ ਗੱਲਾਂ ਨੂੰ ਨਹੀਂ ਸਮਝ ਸੱਕਦਾ ਹਾਂ ....ਮੈਂ ਬਹੁਤ ਸਾਰੀਆਂ ਗੱਲਾਂ ਨੂੰ ਨਹੀਂ ਸਮਝਦਾ ਹਾਂ। ਮੈਂ ਇਹ ਨਹੀਂ ਸਮਝ ਸੱਕਦਾ ਹਾਂ ਕਿ ਇੱਥੇ ਸਾਹਮਣੇ ਬੈਠਾ ਹੋਇਆ ਮੁੰਡਾ ਕਿਵੇਂ ਉਹ ਹੀ ਭੋਜਨ ਖਾਂਦਾ ਹੈ ਜਿਹੜਾ ਮੈਂ ਖਾ ਸੱਕਦਾ ਹਾਂ। ਮੈਂ ਇਹ ਨਹੀਂ ਸਮਝ ਸੱਕਦਾ ਹਾਂ ਕਿ ਕਿਉਂ ਉਸਦੇ ਸਿਰ ਤੇ ਸੰਘਣੇ-ਸੰਘਣੇ ਵਾਲ ਹਨ ਜਦ ਕਿ ਮੇਰੇ ਸਿਰ ਤੇ ਕੋਈ ਵਾਲ ਨਹੀਂ ਹੈ। ਮੈਂ ਇਹ ਨਹੀਂ ਸਮਝਦਾ ਹਾਂ। ਲੋਕ ਮੈਨੂੰ ਦੱਸਦੇ ਹਨ ਕੈਲਸ਼ੀਅਮ ਇਸਦੀ ਰਚਨਾ ਕਰਦਾ ਹੈ ਅਤੇ ਮੈਂ ਆਪਣੇ ਨਹੂੰ ਕੱਟਣ ਲਈ ਲੰਬੇ ਨਹੀਂ ਰੱਖ ਸੱਕਦਾ ਹਾਂ ਅਤੇ ਕਟਵਾਉਣ ਲਈ ਮੇਰੇ ਕੋਲ ਵਾਲ ਨਹੀਂ ਹਨ। ਮੈਂ ਇਹ ਸੱਭ ਨਹੀਂ ਸਮਝਦਾ ਹਾਂ .......ਜਿਵੇਂ ਕਿ ਇੱਕ ਪੁਰਾਣੀ ਕਹਾਵਤ ਹੈ।

64 ਇਸ ਤਰ੍ਹਾਂ ਨਹੀਂ ਹੈ ਕਿ ਮੈਂ ਅਪਣੀ ਗੰਭੀਰਤਾ ਦੀ ਸਥਿਤੀ ਨੂੰ ਬਦਲ ਦਿੱਤਾ ਹੈ -ਇਹ ਗੰਭੀਰ ਹੈ ਪ੍ਰੰਤੂ ਮੈਂ ਹਾਲੇ ਤੀਕ ਮੋਹਰ ਤੇ ਨਹੀਂ ਆਇਆ ਹਾਂ।

65 ਕਿਵੇਂ ਇੱਕ ਕਾਲ਼ੀ ਗਾਂ ਹਰਾ ਘਾਹ ਖਾ ਕੇ ਚਿੱਟਾ ਦੁੱਧ ਦਿੰਦੀ ਹੈ ਅਤੇ ਰਿੜਕਣ ਨਾਲ ਪੀਲਾ ਮੱਖਣ ਬਣ ਜਾਂਦਾ ਹੈ। ਮੈਂ ਯਕੀਨਨ ਹੀ ਇਹ ਸਮਝਾ ਨਹੀਂ ਸੱਕਦਾ ਹਾਂ। ਕਿਉਂਕਿ ਤੁਸੀਂ ਵੇਖੋ ਕਿ ਹਰ ਇੱਕ ਚੀਜ਼ ਕਿਸੇ ਦੂਸਰੀ ਚੀਜ਼ ਦਾ ਉਤਪਾਦਨ ਹੈ। ਅਤੇ ਇਹ ਕਿਵੇਂ ਹੁੰਦਾ ਹੈ ਮੈਂ ਇਹਦੀ ਵਿਆਖਿਆ ਨਹੀਂ ਕਰ ਸੱਕਦਾ ਹਾਂ।

66 ਮੈਂ ਇਸਦੀ ਵਿਆਖਿਆ ਨਹੀਂ ਕਰ ਸੱਕਦਾ ਹਾਂ ਕਿ ਦੋ ਸੋਸਨ ਜਾਂ ਕੋਈ ਹੋਰ ਤਰ੍ਹਾਂ ਦੇ ਇੱਕ ਹੀ ਨਸਲ ਦੇ ਫੁੱਲ ਕਿਵੇਂ ਦੋ ਪ੍ਰਕਾਰ ਦੇ ਫੁੱਲ ਪੈਦਾ ਕਰਦੇ ਹਨ ਅਤੇ ਕਿਵੇਂ ਉਹਨਾਂ ਦਾ ਇੱਕ



410 ਮੈਂ ਸੋਚਿਆ, "ਔਹ, ਕੀ ਇਹ ਅਸ਼ਚਰਜ਼ ਨਹੀਂ। ਅਤੇ ਮੈਂ ਇਹਦੇ ਕੋਲੋਂ ਡਰਦਾ ਸੀ। ਮੈਂ ਇੱਥੇ ਆਉਣ ਤੋਂ ਕਿਉਂ ਮਰਨ ਤੋਂ ਡਰ ਰਿਹਾ ਸੀ? ਪ੍ਰੰਤੂ ਇਹ ਤਾਂ ਸੰਪੂਰਣ ਅਤੇ ਸੰਪੂਰਣ ਅਤੇ ਸੰਪੂਰਣ ਹੈ। ਔਹ, ਇਹ ਤਾਂ ਸ਼ਾਨਦਾਰ ਅਤੇ ਅਸ਼ਚਰਜ ਹੈ।

411 ਵੇਖੋ, ਅਸੀਂ ਬਿਲਕੁੱਲ ਜਗਵੇਦੀ ਦੇ ਥੱਲੇ ਸੀ। ਸਮਝੇ? ਵੇਖੋ ਇਹ ਉਹ ਸਨ ਕਿ ਉਹ ਜਗਵੇਦੀ ਦੇ ਹੇਠਾਂ ਸਨ ਅਤੇ ਉਸਦੇ ਆਉਣ ਦੀ ਉਡੀਕ ਕਰ ਰਹੇ ਸਨ ਕਿ ਇਹ ਉਨ੍ਹਾਂ ਦੇ ਕੋਲ ਜਾਣ ਜਿਹੜੇ ਸੌਂ ਰਹੇ ਹਨ ......ਕਿ ਉਹ ਆਏ ਅਤੇ ਸਾਨੂੰ ਫਿਰ ਦੁਬਾਰਾ ਉਠਾਉਣ ਲਈ ਸਾਡੇ ਸ਼ਰੀਰਾਂ ਨੂੰ ਜੋ ਮਿੱਟੀ ਵਿੱਚ ਸੌਂ ਰਹੇ ਹਨ ਜਿਵਾਏ।

412 ਜਿਵੇਂ ਕਿ ਯਿਸੂ ਫਿਰਦੌਸ ਥਾਣੀਂ ਆਇਆ (ਤੁਸੀਂ ਜਾਣਦੇ ਹੋ)ਅਤੇ ਉਹ ਅਬਰਾਹਾਮ, ਇਸਹਾਕ ਅਤੇ ਉਹਨਾਂ ਸਭਨਾਂ ਨੂੰ ਉੱਪਰ ਲੈ ਕੇ ਆਇਆ ਜੋ ਪਹਿਲੀ ਕਿਆਮਤ ਦੀ ਉਡੀਕ ਕਰ ਰਹੇ ਸਨ। ਉਹ ਸ਼ਹਿਰ ਵਿੱਚ ਦਾਖਲ ਹੋਏ ਅਤੇ ਕਈਆਂ ਨੂੰ ਵਿਖਾਲੀ ਦਿੱਤੇ ਸਨ।

413 ਇਹ ਪੂਰੀ ਤਰ੍ਹਾਂ ਲਿਖਤਾਂ ਦੇ ਅਨੁਸਾਰ ਹੈ। ਇਹ ਦਰਸ਼ਨ ਜਾਂ ਜੋ ਕੁਝ ਵੀ ਇਹ ਸੀ, ਇਹ ਤਾਂ ਪੂਰੀ ਤਰ੍ਹਾਂ ਲਿਖਤਾਂ ਦੇ ਅਨੁਸਾਰ ਸੀ।

414 ਅਤੇ ਮੈਂ ਕਿਹਾ, " "ਚੰਗਾ ਕੀ ਇਹ ਅਸ਼ਚਰਜ ਨਹੀਂ ਹੈ। " ਅਤੇ ਫਿਰ ਮੈਂ ਸੋਚਿਆ, "ਕੀ ਇਹ ਅਦਭੁਤ ਨਹੀਂ ਹੈ ....

415 ਮੈਂ ਕੁਝ ਘੋੜੇ ਵਾਂਗ ਹਿਣਹਿਣਾਉਂਦਾ ਸੁਣਿਆ। ਅਤੇ ਜਦ ਮੈਂ ਨਿਗਾਹ ਮਾਰੀ ਤਾਂ ਮੈਂ ਆਪਣੇ ਉਸ ਕਾਠੀ ਵਾਲੇ ਘੋੜੇ ਨੂੰ ਜਿਹਦਾ ਨਾਮ ਪ੍ਰਿੰਸ ਸੀ, ਜਿਹਦੇ ਤੇ ਮੈਂ ਸਵਾਰੀ ਕਰਦਾ ਹੁੰਦਾ ਸੀ ਵੇਖਿਆ। ਮੈਂ ਆਪਣੇ ਇਸ ਘੋੜੇ ਦੇ ਵਾਰੇ ਵਿੱਚ ਬਹੁਤ ਸੋਚਦਾ ਹੁੰਦਾ ਸੀ। ਅਤੇ ਇੱਥੇ ਹੁਣ ਉਹ ਮੇਰੇ ਕੋਲ ਖੜਾ ਸੀ ਅਤੇ ਉਹਨੇ ਮੇਰੇ ਨਾਲ ਲਿਪਟਣ ਲਈ ਆਪਣਾ ਸਿਰ ਮੇਰੇ ਮੋਢਿਆਂ ਤੇ ਰੱਖਿਆ। ਤੁਸੀਂ ਜਾਣਦੇ ਹੋ ਕਿ ਜਦ ਮੈਂ ਉਸਨੂੰ ਖੰਡ ਖੁਆਉਂਦਾ ਹੁੰਦਾ ਸੀ ਤਾਂ ਉਹ ......ਮੈਂ ਆਪਣੀਆਂ ਬਾਹਾਂ ਉਸਦੇ ਦੁਆਲੇ ਪਾ ਦਿੰਦਾ ਹੁੰਦਾ ਸੀ। ਮੈਂ ਕਿਹਾ, "ਪ੍ਰਿੰਸ, ਮੈਂ ਜਾਣਦਾ ਸੀ ਕਿ ਤੂੰ ਇੱਥੇ ਹੋਵੇਂਗਾ। "

ਫਿਰ ਮੈਂ ਕਿਸੇ ਨੂੰ ਆਪਣਾ ਹੱਥ ਚੱਟਦੇ ਮਹਿਸੂਸ ਕੀਤਾ। ਅਤੇ ਉੱਥੇ ਮੇਰਾ ਪੁਰਾਣਾ ਸ਼ਿਕਾਰੀ ਕੁੱਤਾ ਵੀ ਸੀ।

416 ਜਦ ਸ਼੍ਰੀਮਾਨ ਸ਼ਾੱਰਟ ਨੇ ਉਹਨੂੰ ਜ਼ਹਿਰ ਦੇ ਦਿੱਤੀ ਸੀ ਤਾਂ ਮੈਂ ਸਹੁੰ ਖਾਧੀ ਸੀ ਕਿ ਮੈਂ ਸ਼੍ਰੀਮਾਨ ਸ਼ਾੱਰਟ ਨੂੰ ਜਰੂਰ ਮਾਰ ਦਿਆਂਗਾ। ਉਸ ਵੇਲੇ ਮੈਂ ਲੱਗ-ਭੱਗ ਸੋਲਾਂ ਸਾਲ ਦਾ ਸੀ। ਉਸਨੇ ਉਹਨੂੰ ਜ਼ਹਿਰ ਦੇ ਦਿੱਤੀ ਸੀ, ਉਸਨੇ ਉਸ ਕੁੱਤੇ ਨੂੰ ਜ਼ਹਿਰ ਦੀ ਗੋਲੀ ਦੇ ਦਿੱਤੀ ਸੀ। ਜਦ ਮੈਂ ਉਹਨੂੰ ਪੁਲਿਸ ਸਟੇਸ਼ਨ ਗੋਲੀ ਮਾਰਨ ਲਈ ਜਾ ਰਿਹਾ ਸੀ ਤਾਂ ਮੇਰੇ ਡੈਡੀ ਨੇ ਮੈਨੂੰ ਬੰਦੂਕ ਸਹਿਤ ਫੜ ਲਿਆ ਸੀ। ਮੈਂ ਕਿਹਾ, " ਮੈਂ ਉਹਨੂੰ ਮਾਰ ਦਿਆਂਗਾ। "ਮੈਂ ਕਿਹਾ, " ਠੀਕ ਹੈ ......" ਮੈਂ ਕੁੱਤੇ ਦੀ ਕਬਰ ਤੇ ਪਹੁੰਚਿਆ ਅਤੇ ਮੈਂ ਉਹਨੂੰ ਕਿਹਾ, " ਫ੍ਰਿਟਜ਼ ਤੂੰ ਮੇਰੇ ਲਈ ਇੱਕ ਦੋਸਤ ਦੇ ਵਾਂਗ ਰਿਹਾਂ ਹੈਂ। ਤੂੰ ਮੇਰੇ ਨਾਲ-ਨਾਲ ਰਿਹਾ ਸੀ। ਤੂੰ ਮੈਨੂੰ ਵਸਤਰ ਪਹਿਨਾਉਂਦਾ ਅਤੇ ਸਕੂਲ ਭੇਜਦਾ ਹੁੰਦਾ

402 ਅਤੇ ਮੈਂ ਕਿਹਾ, " ਕੀ ਹਰ ਇੱਕ ਆਗੂ ਦਾ ਇਸੇ ਤਰ੍ਹਾਂ ਨਿਆਂ ਹੋਵੇਗਾ?"

ਉਸਨੇ ਕਿਹਾ, " ਹਾਂ। "

ਮੈਂ ਕਿਹਾ, " ਪੌਲੁਸ ਦੇ ਵਾਰੇ ਵਿੱਚ ਕੀ ਖਿਆਲ ਹੈ?"

ਉਸਨੇ ਕਿਹਾ, ਪੌਲੁਸ ਦਾ ਨਿਆਂ ਉਸਦੇ ਕੀਤੇ ਗਏ ਪ੍ਰਚਾਰ ਅਨੁਸਾਰ ਕੀਤਾ ਜਾਵੇਗਾ।"

403 ਮੈਂ ਕਿਹਾ, ਠੀਕ ਹੈ, ਜੇ ਉਸਦਾ ਸਮੂਹ ਅੰਦਰ ਜਾਵੇਗਾ ਤਾਂ ਮੇਰਾ ਸਮੂਹ ਵੀ ਅੰਦਰ ਜਾਵੇਗਾ ਕਿਉਂਕਿ ਮੈਂ ਤਾਂ ਬਿਲਕੁੱਲ ਉਹ ਹੀ ਵਚਨ ਪ੍ਰਚਾਰ ਕੀਤਾ ਹੈ। " ਇਸੇ ਤਰ੍ਹਾਂ ਹੀ ਹੈ। ਮੈਂ ਕਿਹਾ, " ਜਿੱਥੇ ਉਸਨੇ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਸੀ। ਉੱਥੇ ਮੈਂ ਵੀ ਯਿਸੂ ਦੇ ਨਾਮ ਵਿੱਚ ਹੀ ਬਪਤਿਸਮਾ ਦਿੱਤਾ ਹੈ। ਮੈਂ ਪ੍ਰਚਾਰ ਕੀਤਾ .........

404 ਫਿਰ ਇੱਕ ਦਮ ਕਰੋੜਾਂ ਹੀ ਲੋਕ ਪੁਕਾਰ ਉੱਠੇ ਅਤੇ ਆਖਿਆ, " ਅਸੀਂ ਉਸੇ ਤੇ ਹੀ ਅਰਾਮ ਕਰ ਰਹੇ ਹਾਂ। "

405 ਅਤੇ ਮੈਂ ਕਿਹਾ, " ਮੇਰੇ ਖੁਦਾ। ਜੇ ਮੈਨੂੰ ਇੱਥੇ ਆਉਣ ਤੋਂ ਪਹਿਲਾਂ ਸਿਰਫ ਇਹ ਪਤਾ ਹੁੰਦਾ ਤਾਂ ਮੈਂ ਇੱਥੇ ਬਹੁਤ ਸਾਰੇ ਲੋਕਾਂ ਨੂੰ ਬੁਲਾ ਲੈਂਦਾ ਤਾਂ ਉਹ ਇਸਨੂੰ ਗੁਆ ਨਹੀਂ ਸੱਕਦੇ ਸਨ। ਕਿਉਂ, ਇੱਧਰ ਵੇਖੋ। " ਅਤੇ ਫਿਰ .......

406 ਅਤੇ ਉਸਨੇ ਕਿਹਾ, " ਹੁਣ ਉਹ ਕਿਸੇ ਦਿਨ ਆਵੇਗਾ ਅਤੇ ਫਿਰ .....ਅਸੀਂ ਇੱਥੇ ਨਾ ਤਾਂ ਖਾਂਦੇ ਹਾਂ, ਨਾ ਹੀ ਪੀਂਦੇ ਹਾਂ ਨਾ ਸੌਂਦੇ ਹਾਂ, ਅਸੀਂ ਸਾਰੇ ਇੱਕ ਹੀ ਹਾਂ। "

407 ਚੰਗਾ, " ਇਹ ਨਾ ਸਿਰਫ ਸੰਪੂਰਨ ਹੈ ਬਲਕਿ ਇਹ ਤਾਂ ਸੰਪੂਰਨ ਤੋਂ ਵੀ ਅਗਾਂਹ ਹੈ। ਇਹ ਨਾ ਸਿਰਫ ਸ਼ਾਨਦਾਰ ਹੈ, ਇਹ ਤਾਂ ਸ਼ਾਨਦਾਰ ਤੋਂ ਵੀ ਵੱਧ ਹੈ। ਕੋਈ ਵੀ ਨਾਮ ਨਹੀਂ ਹੈ.....ਨਹੀਂ ਸੱਕਦਾ ਹੈ ......ਤੁਸੀਂ ਸੋਚ ਨਹੀਂ ਸੱਕਦੇ ਹੋ .....ਇਸਦਾ ਬਿਆਨ ਕਰਨ ਲਈ ਸ਼ਬਦਕੋਸ਼ ਵਿੱਚ ਸ਼ਬਦ ਨਹੀਂ ਹਨ।

408 ਅਤੇ ਮੈਂ ਸੋਚਿਆ, " ਠੀਕ ਹੈ, ਇਹ ਤਾਂ ਸੰਪੂਰਨ ਹੋਵੇਗਾ ਤਾਂ ਇਸ ਤੋਂ ਬਾਦ ਅਸੀਂ ਕੀ ਕਰਾਂਗੇ?"

409 ਉਸਨੇ ਕਿਹਾ, "ਫਿਰ ਜਦ ਮਸੀਹ ਆਵੇਗਾ, ਅਤੇ ਅਸੀਂ ਹਾਂ ......ਅਤੇ ਉਹ ਤੇਰੀ ਸੇਵਕਾਈ ਅਨੁਸਾਰ ਤੇਰਾ ਨਿਆਂ ਕਰੇਗਾ ਅਤੇ ਫਿਰ ਅਸੀਂ ਧਰਤੀ ਤੇ ਜਾਵਾਂਗੇ ਅਤੇ ਸ਼ਰੀਰ ਉਦਾਲੇ ਪਾਵਾਂਗੇ। ਚੰਗਾ, ਤਦ ਮੈਂ ਇਸਦੇ ਵਾਰੇ ਵਿੱਚ ਕਦੇ ਵੀ ਨਹੀਂ ਸੋਚਿਆ ਸੀ;ਇਹ ਬਿਲਕੁੱਲ ਵਚਨ ਦੇ ਅਨੁਸਾਰ ਹੈ। ਉਸਨੇ ਕਿਹਾ, "ਫਿਰ ਅਸੀਂ ਵਾਪਿਸ ਧਰਤੀ ਤੇ ਜਾਵਾਂਗੇ ਅਤੇ ਸ਼ਰੀਰ ਧਾਰਨ ਕਰਾਂਗੇ ਅਤੇ ਫਿਰ ਅਸੀਂ ਖਾਵਾਂਗੇ। " ਅਸੀਂ ਇੱਥੇ ਖਾਂਦੇ ਨਹੀਂ ਹਾਂ ਅਤੇ ਨਾ ਹੀ ਅਸੀਂ ਸੌਂਦੇ ਹਾਂ। ਪ੍ਰੰਤੂ ਅਸੀਂ ਜਦ ਧਰਤੀ ਤੇ ਜਾਵਾਂਗੇ ਤਾਂ ਅਸੀਂ ਹੇਠਾਂ ਧਰਤੀ ਤੇ ਖਾਵਾਂਗੇ। "



ਫੁੱਲ ਪੀਲਾ ਅਤੇ ਦੂਸਰਾ ਲਾਲ ਅਤੇ ਇੱਕ ਭੂਰਾ ਅਤੇ ਇੱਕ ਨੀਲਾ ਹੁੰਦਾ ਹੈ। ਮੈਂ ਇਹ ਨਹੀਂ ਸਮਝਦਾ ਹਾਂ। ਇੱਕ ਹੀ ਸੂਰਜ ਉਹਨਾਂ ਦੇ ਉੱਤੇ ਹੈ। ਕਿੱਥੋਂ ਰੰਗ ਆਉਂਦੇ ਹਨ?ਸਮਝੇ? ਮੈਂ ਇਹ ਸਮਝਾ ਨਹੀਂ ਸੱਕਦਾ ਹਾਂ ਪਰ ਤਦ ਵੀ ਮੈਨੂੰ ਇਹ ਸਵੀਕਾਰ ਕਰਨਾ ਹੋਵੇਗਾ।

67 ਮੈਂ ਚਹੁੰਦਾ ਹਾਂ ਕਿ ਬਾਈਬਲ ਦਾ ਕੋਈ ਵਿਦਵਾਨ ਮੈਨੂੰ ਇਹ ਸਮਝਾਏ ਕਿ ਕਿਵੇਂ ਇਹ ਧਰਤੀ ਬ੍ਰਹਿਮੰਡ ਵਿੱਚ ਸਥਿਤ ਹੈ। ਮੈਂ ਚਾਹੁੰਦਾ ਹਾਂ ਕਿ ਵਿਗਿਆਨਕ ਤੋਰ ਤੇ ਮੇਰੇ ਲਈ ਇੱਕ ਗੇਂਦ ਨੂੰ ਹਵਾ ਵਿੱਚ ਸੁੱਟੇ ਅਤੇ ਉਹ ਆਪਣਾ ਦੂਸਰਾ ਚੱਕਰ ਇੱਕ ਹੀ ਥਾਂ ਵਿੱਚ ਲਗਾਏ। ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਅਤੇ ਫਿਰ ਵੀ ਇਸਦਾ ਸਮਾਂ ਏਨਾ ਠੀਕ-ਠੀਕ ਨਿਰਧਾਰਤ ਹੈ ਕਿ ਵਿਗਿਆਨਕ ਅੱਜ ਤੋਂ ਵੀਹ ਸਾਲ ਬਾਦ ਸੂਰਜ ਗ੍ਰਹਿਮਣ ਦੇ ਬਾਰੇ ਵਿੱਚ ਮਿੰਟ ਤੱਕ ਦੱਸ ਸੱਕਦੇ ਹਨ। ਉਹਨਾਂ ਨੇ ਸੂਰਜ ਤੇ ਕੋਈ ਘੜੀ ਜਾਂ ਸਮਾਂ ਸੂਚਕ ਜਾਂ ਕੋਈ ਮਸ਼ੀਨ ਨਹੀਂ ਲਗਾਈ ਹੋਈ ਹੈ ਤਾਂ ਵੀ ਇਹ ਚੀਜ਼ਾਂ ਏਨੀਆਂ ਸੰਪੂਰਨ ਹਨ ਅਤੇ ਤਦ ਵੀ ਉਹ ਉੱਥੇ ਖਲੋਤਾ ਹੋਇਆ ਹੈ। ਅਤੇ ਕੀ ਹੋਵੇ ਜੇ ਇਹ ਆਪਣੀ ਜਗ੍ਹਾ ਤੋਂ ਥੋੜੀ ਜਿਹੀ ਹਿਲ ਜਾਵੇ ; ਕੀ ਹੋਵੇ ਜੇ ਇਹ ਆਪਣੀ ਜਗ੍ਹਾ ਤੇ ਥੋੜੀ ਜਿਹੀ ਸਿੱਧੀ ਹੋ ਜਾਵੇ? ਤੁਸੀਂ ਬਸ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਰਾਹੀਂ ਆਪਣੇ ਆਪ ਨੂੰ ਮੂਰਖ ਬਣਾ ਲਓਗੇ ....ਸਮਝੇ?

68 ਇਸ ਲਈ ਤੁਸੀਂ ਉਹਨੂੰ ਸਮਝਣ ਲਈ ਬੁੱਧੀ ਪਾਉਣ ਦੀ ਕੋਸ਼ਿਸ਼ ਨਾ ਕਰੋ। ਬਸ ਜੋ ਖੁਦਾ ਕਹਿੰਦਾ ਹੈ ਉਸਦਾ ਵਿਸ਼ਵਾਸ਼ ਕਰੋ। ਅਤੇ ਜਿੰਨੇ ਸਧਾਰਨ ਤੁਸੀਂ ਬਣਦੇ ਜਾਂਦੇ ਹੋ ਓਨੇ ਹੀ ਤੁਸੀਂ ਅਜਿਹੇ ਬਣ ਜਾਂਦੇ ਹੋ ਕਿ ਤੁਸੀਂ ਉਸਨੂੰ ਲੱਭ ਸੱਕਦੇ ਹੋ। ਹੁਣ ਮੈਂ ਇਹਦੇ ਲਈ ਬੜਾ ਹੀ ਧੰਨਵਾਦੀ ਹਾਂ ਕਿ ਉਸਨੇ ਆਪਣੇ ਆਪ ਨੂੰ ਸਧਾਰਨ ਬਣਾਇਆ ਹੈ। ਹੁਣ, ਆਓ ਅਸੀਂ ਪ੍ਰਕਾਸ਼ ਦੀ ਪੋਥੀ ਦੀ 6 ਬਾਬ ਦੀ 9ਵੀਂ ਆਇਤ ਤੋਂ ਸ਼ੁਰੂ ਕਰਾਂਗੇ।

*ਅਤੇ ਜਦ ਉਸਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਅਤੇ ਓਸ ਸਾਖੀ ਦੇ ਕਾਰਨ .....ਜੋ ਉਹਨਾਂ ਭਰੀ ਸੀ ਵੱਢੇ ਗਏ ਸਨ।*

69 ਧਿਆਨ ਦਿਓ, ਇੱਥੇ ਪੰਜਵੀਂ ਮੋਹਰ ਦੀ ਘੋਸ਼ਣਾ ਕਰਨ ਲਈ ਇੱਥੇ ਕਿਸੇ ਜੰਤੂ ਜਾਂ ਜਾਨਦਾਰ ਪ੍ਰਾਣੀ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਹੁਣ ਤੁਸੀਂ ਯਾਦ ਕਰੋ ਕਿ ਚੋਥੀ ਮੋਹਰ ਦੀ ਘੋਸ਼ਣਾ ਕਰਨ ਲਈ ਇੱਕ ਜੰਤੂ ਸੀ। ਪਹਿਲੀ, ਦੂਸਰੀ, ਤੀਸਰੀ ਅਤੇ ਚੋਥੀ ਮੋਹਰ ਦੀ ਘੋਸ਼ਣਾ ਕਰਨ ਲਈ ਇੱਕ-ਇੱਕ ਜੰਤੂ ਸੀ, ਪ੍ਰੰਤੂ ਇੱਥੇ ਨਹੀਂ ਹੈ। ਸਮਝੇ?

70 ਹੁਣ, ਜੇ ਧਿਆਨ ਤੁਸੀਂ ਦਿਓ .....ਆਓ ਅਸੀਂ ਉਹਨਾਂ ਪਿਛਲੀਆਂ ਮੋਹਰਾਂ ਵਿੱਚੋਂ ਸਿਰਫ ਕਿਸੇ ਇੱਕ ਦੇ ਬਾਰੇ ਪੜ੍ਹੀਏ। ਆਓ ਅਸੀਂ ਦੁਬਾਰਾ ਚੋਥੀ ਮੋਹਰ ਪੜ੍ਹੀਏ ਅਤੇ ਇਹ 7ਵੀਂ ਆਇਤ ਹੈ। (ਸਮਝੇ?)

*ਜਾਂ ਉਹਨੇ ਚੋਥੀ ਮੋਹਰ ਤੋੜੀ ਤਾਂ ਮੈਂ ਚੋਥੇ ਜੰਤੂ ਦੀ ਅਵਾਜ਼ ਇਹ ਆਖਦੇ ਹੋਏ ਸੁਣੀ ਆ .....ਵੇਖ।*

*ਜਾਂ ਉਹਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਦੀ ਅਵਾਜ਼ ਇਹ ਆਖਦੇ ਹੋਏ ਸੁਣੀ ਆ ਅਤੇ ਵੇਖ।*

*...ਦੂਸਰੇ ਜੰਤੂ ਨੂੰ ਇਹ ਆਖਦੇ ਹੋਏ ਸੁਣਿਆ ਆ ਅਤੇ ਵੇਖ ...*( ਅਤੇ ....ਪਹਿਲੇ ਜੰਤੂ ਨੇ ਆਖਿਆ )*...ਆ ਅਤੇ ਵੇਖ।*

71 ਪ੍ਰੰਤੂ ਜਦੋਂ ਅਸੀਂ ਪੰਜਵੀਂ ਮੋਹਰ ਤੇ ਆਉਂਦੇ ਹਾਂ ਤਾਂ ਇੱਥੇ ਕੋਈ ਵੀ ਜੰਤੂ ਨਹੀਂ ਹੈ। ਹੁਣ ਇਹਦੇ ਤੇ ਧਿਆਨ ਦਿਓ।

*ਜਾਂ ਉਹਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਹੇਠਾਂ ......*

72 ਹੁਣ ਛੇਤੀ ਨਾਲ ਅਸੀਂ ਇਹ ਵੇਖੀਏ ਕਿ ਇੱਥੇ ਕੋਈ ਵੀ ਜੰਤੂ ਨਹੀਂ ਹੈ। ਅਤੇ ਜੰਤੂ ਸ਼ਕਤੀ ਨੂੰ ਦਰਸਾਉਂਦਾ ਹੈ। ਵੇਖੋ ਅਸੀਂ ਇਹ ਜਾਣਦੇ ਹਾਂ।

73 ਅਸੀਂ ਕਲੀਸਿਯਾਈ ਯੁੱਗਾਂ ਦੇ ਪ੍ਰਕਾਸ਼ ਦਾ ਅਧਿਐਨ ਕਰਦੇ ਸਮੇਂ ਇਹਨਾਂ ਪ੍ਰਾਣੀਆਂ ਦਾ ਪਤਾ ਲਗਾਇਆ ਸੀ ਕਿ ਇਹਨਾਂ ਵਿੱਚੋਂ ਇੱਕ ---ਇੱਕ ਸ਼ੇਰ, ਦੂਸਰਾ ਬੈਲ ਅਤੇ ਤੀਸਰਾ ਮਨੁੱਖ ਅਤੇ ਚੋਥਾ ਇੱਕ ਉਕਾਬ ਵਰਗਾ ਸੀ। ਅਤੇ ਅਸੀਂ ਸੱਤਾਂ ਕਲੀਸਿਯਾ ਦੇ ਯੁੱਗਾਂ ਦੇ ਦੋਰਾਨ ਇਹ ਵੇਖਿਆ ਸੀ ਕਿ ਉਹਨਾਂ ਚਾਰ ਜੰਤੂਆਂ ਦਾ ਜਿਹੜੇ ਰਸੂਲਾਂ ਦੇ ਕਰਤੱਵ ਦੇ ਦੁਆਲੇ ਇਸ ਤਰ੍ਹਾਂ ਖੜੇ ਹੋਏ ਸਨ ਜਿਵੇਂ ਉਜਾੜ ਵਿੱਚ ਪ੍ਰਮੇਸ਼ੁਰ ਦੇ ਤੰਬੂ ਦੇ ਦੁਆਲੇ ਖੜੇ ਰਹਿੰਦੇ ਸਨ, ਉਹਨਾਂ ਚਾਰ ਜੰਤੂਆਂ ਦਾ ਅਰਥ ਚਾਰ ਸ਼ਕਤੀਆਂ ਹਨ। ਅਤੇ ਕਿਉਂਕਿ ਤੁਸੀਂ ਇਹ ਜਾਣਦੇ ਹੀ ਹੋ ਇਸ ਲਈ ਮੈਂ ਇਹਨੂੰ ਸਮਝਾਉਣ ਲਈ ਸਮਾਂ ਨਹੀਂ ਲਾਵਾਂਗਾ। ਤੁਸੀਂ ਜਾਣਦੇ ਹੀ ਹੋ ਕਿ ਅਸੀਂ ਇਸਨੂੰ ਇੱਥੇ ਵਾਹ ਕੇ ਕਿਵੇਂ ਬਿਆਨ ਕੀਤਾ ਸੀ। ਅਤੇ ਉਹ ਵਚਨ ਅਥਵਾ ਲੇਲੇ ਦੀ, ਵਚਨ ਨੂੰ ਪੂਰਾ ਕਰਨ ਲਈ ਰਖਵਾਲੀ ਕਰ ਰਹੇ ਸਨ ਉਹ ਵਚਨ ਤੇ ਉਸੇ ਤਰ੍ਹਾਂ ਹੀ ਧਿਆਨ ਲਗਾਏ ਹੋਏ ਸਨ ਜਿਵੇਂ ਜੰਗਲ ਵਿੱਚ ਅੱਤ ਪਵਿੱਤਰ ਸਥਾਨ ਵਿੱਚ ਨੇਮ ਦੇ ਸੰਦੂਕ ਦੇ ਉੱਤੇ ਨਿਗਾਹ ਲਗਾ ਕੇ ਰੱਖਦੇ ਸਨ।

74 ਹੁਣ, ਅਸੀਂ ਇਸਨੂੰ ਇਸਰਾਏਲ ਦੇ ਗੋਤਾਂ ਦੇ ਰੰਗਾਂ ਅਤੇ ਉਹਨਾਂ ਦੇ ਸਥਾਨਾਂ ਦੇ ਹਿਸਾਬ ਨਾਲ ਵੀ ਵਿਖਾਇਆ ਸੀ ਅਤੇ ......ਕਿੰਨਿਆਂ ਨੇ ਸੱਤ ਕਲੀਸਿਯਾਈ ਯੁੱਗਾਂ ਦਾ ਸੰਦੇਸ਼ ਸੁਣਿਆ ਹੈ? ਮੇਰਾ ਖਿਆਲ ਹੈ ਕਿ ਤੁਹਾਡੇ ਵਿੱਚੋਂ ਬਹੁਤਿਆਂ ਨੇ :ਤੁਹਾਡੇ ਵਿੱਚੋਂ ਦੋ ਤਿਹਾਈ ਲੋਕਾਂ ਨੇ ਇਸਦੇ ਬਾਰੇ ਵਿੱਚ ਸੁਣਿਆ ਸੀ। ਧਿਆਨ ਦਿਓ, ਇੱਥੋਂ ਤੱਕ ਕਿ ਜੰਤੂ ਦਾ ਸੁਭਾਅ ਵੀ ਆਪਣੇ ਨਿਸ਼ਾਨ ਦੇ ਗੋਤ ਦੇ ਅਨੁਸਾਰ ਸੀ ਅਤੇ ਇਸੇ ਤਰ੍ਹਾਂ ਚਾਰ ......ਬਾਰਾਂ ਗੋਤ ਹਨ ਅਤੇ ਹਰੇਕ ਪਾਸੇ ਤਿੰਨ ਜਾਂ ਚਾਰ ਗੋਤ ਹਨ। ਅਤੇ ਇਹ ਚਾਰੇ ਜੰਤੂ ਚਾਰੇ ਪਾਸੇ ਬੈਠੇ ਇਹਨਾਂ ਗੋਤਾਂ ਤੇ ਧਿਆਨ ਰੱਖ ਰਹੇ ਹਨ।

75 ਅਤੇ ਜਦੋਂ ਅਸੀਂ ਇਸ ਤੋਂ ਅਗਾਂਹ ਅਧਿਐਨ ਕੀਤਾ ਸੀ ਅਤੇ ਇੰਜ਼ੀਲਾਂ ਵਿੱਚ ਉਸੇ ਤਰ੍ਹਾਂ ਹੀ ਵਿਖਾਇਆ ਸੀ ਅਤੇ ਜਦ ਤੁਸੀਂ ਨੇਮ ਵਾਲੇ ਸੰਦੂਕ ਦੇ ਭਾਗ ਵਿੱਚ ਦਾਖਲ ਹੁੰਦੇ ਹੋ ਤਾਂ ਇਹ ਬਿਲਕੁੱਲ ਠੀਕ ਨੇਮ ਦੇ ਸੰਦੂਕ ਦੀ ਰਖਵਾਲੀ ਕਰ ਰਹੇ ਸਨ ਅਤੇ ਫਿਰ ਅਸੀਂ ਨਵੀਂ ਕਲੀਸਿਯਾ ਦਾ ਨੇਮ ਵੀ ਵੇਖਿਆ ਸੀ ਅਤੇ ਧਰਤੀ ਉੱਤੇ ਇਸਦਾ ਪ੍ਰਤੀਨਿਧੀ ਪਵਿੱਤਰ ਆਤਮਾ ਹੈ। ਸਾਡੇ ਲਈ ਲਹੂ ਨੇ ਪਵਿੱਤਰ ਆਤਮਾ ਨੂੰ ਵਾਪਿਸ ਧਰਤੀ ਤੇ ਭੇਜ ਦਿੱਤਾ। ਅਤੇ ਜਿਵੇਂ ਕਿ ਉਹ ਚਾਰ ਜੰਤੂ ਨੇਮ ਦੇ ਸੰਦੂਕ ਦੀ ਦੇਖਭਾਲ ਕਰਦੇ ਸਨ ਉਹ ਇਸਰਾਈਲ ਦੇ ਬਾਰਾਂ ਗੋਤਾਂ ਨੂੰ ਦਰਸਾਉਂਦੇ ਸਨ।



393 ਅਤੇ ਉਹ ਸਨ--ਅਤੇ ਉਹ ਸਾਰੇ ਉੱਥੇ ਸਨ ਅਤੇ ਉਹ ਮੇਰੇ ਕੋਲ ਆ ਰਹੇ ਸਨ। ਅਤੇ ਮੈਂ ਕਿਹਾ ......ਇਸ ਤਰ੍ਹਾਂ ਲੱਗਦਾ ਸੀ ਕਿ ਉਹ ਅਸਲ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਹਨ। ਮੈਂ ਉਹਨਾਂ ਨੂੰ ਕਦੇ ਵੀ ਨਹੀਂ ਵੇਖਿਆ ਸੀ ......ਅਤੇ ਜਦ ਮੈਂ ਉੱਥੇ ਬੈਠਾ ਹੋਇਆ ਸੀ ਤਾਂ ਇਹ ਆਦਮੀਂ ਅਤੇ ਔਰਤਾਂ ਹਾਲੇ ਵੀ ਮੇਰੇ ਕੋਲ ਆ ਰਹੇ ਸਨ ਅਤੇ ਮੇਰੇ ਗਲੇ ਮਿਲ ਰਹੇ ਸਨ ਅਤੇ ਮੈਨੂੰ ਭਾਈ ਕਹਿ ਰਹੇ ਸਨ। ਅਤੇ ਮੈਂ ਉੱਥੇ ਬੈਠਾ ਹੋਇਆ ਸੀ।

394 ਅਤੇ ਫਿਰ ਉਸ ਅਵਾਜ ਨੇ ਕਿਹਾ, "ਤੂੰ ਆਪਣੇ ਲੋਕਾਂ ਨਾਲ ਉਸੇ ਤਰ੍ਹਾਂ ਮਿਲਿਆਂ ਹੈ ਅਥਵਾ ਇਕੱਠਾ ਕੀਤਾ ਗਿਆ ਹੈਂ ਜਿਵੇਂ ਯਕੂਬ ਆਪਣੇ ਲੋਕਾਂ ਨਾਲ ਮਿਲਿਆ ਸੀ। "

ਮੈਂ ਕਿਹਾ, " ਕੀ ਇਹ ਸੱਭ ਮੇਰੇ ਲੋਕ ਹਨ?ਕੀ ਇਹ ਸਾਰੇ ਬ੍ਰਾਨਹਾਮ ਹਨ?"

395 ਮੈਂ ਚਾਰੇ ਪਾਸੇ ਵੇਖਿਆ ਅਤੇ ਉੱਥੇ ਇੱਕ ਬਹੁਤ ਸੁੰਦਰ ਔਰਤ ਭੱਜੀ ਆ ਰਹੀ ਸੀ ਅਤੇ ਉਹ ਵੀ ਉਸੇ ਤਰ੍ਹਾਂ ਦੀ ਹੀ ਲੱਗਦੀ ਸੀ। ਉਸਨੇ ਆਪਣੀਆਂ ਬਾਹਾਂ ਮੇਰੇ ਦੁਆਲੇ ਪਾਈਆਂ ਅਤੇ ਕਿਹਾ, "ਔਹ, ਮੇਰੇ ਬੇਸ਼ਕੀਮਤੀ ਭਾਈ। "ਉਸਨੇ ਮੇਰੇ ਵੱਲ ਨੂੰ ਵੇਖਿਆ।

396 ਮੈਂ ਸੋਚਿਆ, "ਮੈਂ। ਉਹ ਤਾਂ ਇੱਕ ਸਵਰਗੀ ਦੂਤ ਵਰਗੀ ਵਿਖਦੀ ਹੈ। " ਅਤੇ ਉਹ ਮੇਰੇ ਕੋਲਂ ਚਲੀ ਗਈ ਅਤੇ ਉਸ ਅਵਾਜ਼ ਨੇ ਕਿਹਾ, " ਕੀ ਤੂੰ ਉਸਨੂੰ ਪਛਾਣਦਾ ਹੈਂ ?ਮੈਂ ਕਿਹਾ ਨਹੀਂ ਮੈਂ ਉਹਨੂੰ ਨਹੀਂ ਪਛਾਣਿਆ। "

397 ਉਸ ਅਵਾਜ਼ ਨੇ ਕਿਹਾ, "ਜਦ ਉਹ ਨੱਬੇ ਸਾਲਾਂ ਤੋਂ ਵੱਧ ਉਮਰ ਦੀ ਹੋ ਚੁੱਕੀ ਸੀ ਤਾਂ ਤੂੰ ਉਸਦੀ ਮਸੀਹ ਵੱਲ ਅਗੁਵਾਈ ਕੀਤੀ ਸੀ। "ਉਸ ਅਵਾਜ ਨੇ ਆਖਿਆ ਕੀ ਤੂੰ ਜਾਣਦਾ ਹੈਂ ਕਿ ਉਹ ਕਿਉਂ ਤੇਰੇ ਵਾਰੇ ਵਿੱਚ ਇੰਨਾ ਜਿਆਦਾ ਸੋਚਦੀ ਹੈ?"

ਮੈਂ ਕਿਹਾ, ਕੀ ਇਹ ਸੁੰਦਰ ਕੁੜੀ ਨੱਬੇ ਸਾਲ ਦੀ ਸੀ?"

398 ਉਸਨੇ ਕਿਹਾ, " ਹਾਂ, ਹੁਣ ਉਹ ਕਦੇ ਵੀ ਬਿਲਕੁੱਲ ਨਹੀਂ ਬਦਲ ਸੱਕਦੀ ਹੈ। ਇਹ ਹੀ ਕਾਰਨ ਸੀ ਕਿ ਉਹ ਕਹਿ ਰਹੀ ਹੈ, ਬੇਸ਼ਕੀਮਤੀ ਭਾਈ। "

399 ਮੈਂ ਸੋਚਿਆ, " ਔਹ, ਮੇਰੇ ਖੁਦਾ। ਅਤੇ ਮੈਂ ਇਸ ਤੋਂ ਡਰਿਆ ਹੋਇਆ ਸੀ। ਕਿਉਂ, ਕੀ ਇਹ ਲੋਕ ਅਸਲੀ ਹਨ। " ਉਹ ਕਿਤੇ ਨਹੀਂ ਜਾ ਰਹੇ ਸਨ। ਉਹ ਉੱਥੇ ਹੋਣ ਹੋਣ ਕਾਰਨ ਬਿਲਕੁੱਲ ਵੀ ਥੱਕੇ ਨਹੀਂ ਸਨ।

ਅੱਛਾ, ਮੈਂ ਸੋਚਿਆ, " ਮੈਂ ਯਿਸੂ ਨੂੰ ਕਿਉਂ ਨਹੀਂ ਵੇਖ ਸੱਕਦਾ ਹਾਂ ?"

400 ਉਸਨੇ ਕਿਹਾ, " ਉਹ ਕਿਸੇ ਦਿਨ ਆਵੇਗਾ। ਅਤੇ ਉਹ ਪਹਿਲਾਂ ਤੇਰੇ ਕੋਲ ਆਵੇਗਾ ਅਤੇ ਫਿਰ ਤੇਰਾ ਨਿਆਂ ਕਰੇਗਾ। " ਉਸਨੇ ਕਿਹਾ, " ਇਹ ਉਹ ਬਦਲੇ ਹੋਏ ਲੋਕ ਹਨ ਜਿਹਨਾਂ ਦੀ ਤੂੰ ਮਸੀਹ ਵੱਲ ਅਗੁਵਾਈ ਕੀਤੀ ਸੀ। "

401 ਅਤੇ ਮੈਂ ਕਿਹਾ, " ਕੀ ਤੇਰਾ ਮਤਲਬ ਹੈ ਕਿ ਇੱਕ ਆਗੂ ਹੋਣ ਦੇ ਕਾਰਨ ਮੇਰਾ ......ਉਹ ਮੇਰਾ ਨਿਆਂ ਕਰੇਗਾ? ਉਸਨੇ ਕਿਹਾ, "ਹਾਂ। "

386 ਅਤੇ ਉਸਨੇ ਮੇਰੇ ਵੱਲ ਵੇਖਿਆ, ਅਤੇ ਉਸਨੇ ਕਿਹਾ, "ਔਹ, ਸਾਡੇ ਬੇਸ਼ਕੀਮਤੀ ਭਾਈ। " ਉਹਨੇ ਮੈਨੂੰ ਗਲਵੱਕੜੀ ਪਾਈ ਅਤੇ ਚਲੀ ਗਈ। ਕੁਝ ਹੋਰ ਇਸਤਰੀਆਂ ਆਈਆਂ ਅਤੇ ਫਿਰ ਉਹ ਮੈਨੂੰ ਗਲੇ ਮਿਲੀਆਂ।

387 ਅਤੇ ਮੈਂ ਇੱਕ ਅਵਾਜ਼ ਸੁਣੀ। ਅਤੇ ਦੂਸਰੇ ਪਾਸੇ ਵੇਖਿਆ ਤੇ ਆਦਮੀਆਂ ਦਾ ਇੱਕ ਟੋਲਾ ਆਇਆ, ਉਹ ਸੱਭ ਜਵਾਨ ਸਨ ਅਤੇ ਉਹ ਸਾਰੇ ਲੱਗਭੱਗ ਵੀਹ ਸਾਲ ਦੀ ਉਮਰ ਦੇ ਸਨ। ਉਹਨਾਂ ਦੇ ਵਾਲ ਕਾਲੇ ਅਤੇ ਸੁਨਹਿਰੇ ਸਨ। ਅਤੇ ਉਹਨਾਂ ਸਭਨਾਂ ਨੇ ਚਿੱਟੇ ਵਸਤਰ ਪਾਏ ਹੋਏ ਸਨ ਅਤੇ ਉਨ੍ਹਾਂ ਦੇ ਪੈਰ ਨੰਗੇ ਸਨ। ਅਤੇ ਉਹ ਮੇਰੇ ਵੱਲ ਨੂੰ ਦੌੜ ਕੇ ਆਏ ਅਤੇ ਮੇਰੇ ਗਲੇ ਮਿਲਣ ਲੱਗੇ ਅਤੇ ਉੱਚੀ ਅਵਾਜ ਵਿੱਚ ਕਹਿਣ ਲੱਗੇ, "ਸਾਡਾ ਬੇਸ਼ਕੀਮਤੀ ਭਾਈ। "

388 ਮੈਂ ਸੋਚਿਆ ਅਤੇ ਮੈਂ ਪਿਛਾਂਹ ਘੁੰਮਿਆ, ਮੈਂ ਅਜੇ ਵੀ ਉੱਥੇ ਹੀ ਪਿਆ ਹੋਇਆ ਸੀ। ਅਤੇ ਮੈਂ ਸੋਚਿਆ, ਠੀਕ ਹੈ ਇਹ ਤਾਂ ਬੜੀ ਅਜੀਬ ਗੱਲ ਹੈ।

389 ਤਦ ਉਸ ਵੇਲੇ ਇੱਕ ਅਵਾਜ਼ ਮੇਰੇ ਨਾਲ ਗੱਲਾਂ ਕਰਨ ਲੱਗ ਪਈ। ਮੈਂ ਉਸ ਅਵਾਜ਼ ਨੂੰ ਕਦੇ ਵੀ ਨਹੀਂ ਵੇਖਿਆ ਸੀ। ਉਸਨੇ ਕਿਹਾ, "ਤੂੰ ਮਿਲ ਚੁੱਕਾਂ ਹੈ, ਤੂੰ ਆਪਣੇ ਲੋਕਾਂ ਨਾਲ ਮਿਲ ਚੁੱਕਿਆ ਹੈਂ। " ਅਤੇ ਇਸ ਤੋਂ ਬਾਦ ਮੈਨੂੰ ਕੁਝ ਲੋਕ ਉੱਪਰ ਉਠਾ ਕੇ ਲੈ ਗਏ। ਅਤੇ ਮੈਨੂੰ ਉੱਪਰ ਕਿਸੇ ਉੱਚੀ ਜਿਹੀ ਚੀਜ਼ ਤੇ ਇਸ ਤਰ੍ਹਾਂ ਬਿਠਾ ਦਿੱਤਾ।

ਮੈਂ ਕਿਹਾ, " ਤੁਸੀਂ ਇਸ ਤਰ੍ਹਾਂ ਕਿਉਂ ਕੀਤਾ ਹੈ?"

ਉਸ ਆਖਿਆ, ਤੂੰ ਧਰਤੀ ਉੱਤੇ ਆਗੂ ਸੀ। "

ਅਤੇ ਮੈਂ ਕਿਹਾ, " ਚੰਗਾ, ਮੈਂ ਇਹ ਨਹੀਂ ਸਮਝਦਾ ਹਾਂ। "

390 ਅਤੇ ਉਹ ਅਵਾਜ਼ ਮੇਰੇ ਨਾਲ ਗੱਲਾਂ ਕਰ ਰਹੀ ਸੀ। ਮੈਂ ਉਸ ਅਵਾਜ਼ ਨੂੰ ਕਦੇ ਵੀ ਵੇਖ ਨਹੀਂ ਸਕਿਆ ਸਾਂ। ਹੁਣ, ਉਹ ਮੇਰੇ ਕੋਲੋਂ ਬਸ ਥੋੜੀ ਉਤਾਂਹ ਸੀ ਅਤੇ ਮੇਰੇ ਨਾਲ ਗੱਲਾਂ ਕਰ ਰਹੀ ਸੀ।

391 ਮੈਂ ਕਿਹਾ, " ਚੰਗਾ ਜੇ ਮੈਂ ਮਰ ਚੁੱਕਿਆ ਹਾਂ ਤਾਂ ਮੈਂ ਯਿਸੂ ਨਾਲ ਮਿਲਣਾ ਚਾਹੁੰਦਾ ਹਾਂ। ਮੈਂ ਕਿਹਾ, " ਮੈਂ .....ਉਹ ਏਦਾਂ ਸੀ.....ਉਹ ਮੇਰਾ ਸਾਰਾ ਜੀਵਨ ਸੀ। ਮੈਂ ਉਸ ਨਾਲ ਮਿਲਣਾ ਚਾਹੁੰਦਾ ਸੀ।

ਅਤੇ ਇਸ ਲਈ ਉਸਨੇ ਕਿਹਾ, "ਤੂੰ ਉਸਨੂੰ ਅਜੇ ਨਹੀਂ ਵੇਖ ਸੱਕਦਾ ਹੈਂ। ਉਹ ਹਾਲੇ ਵੀ ਉਤਾਂਹ ਹੈ। "

392 ਇਹ ਜਗਵੇਦੀ ਦੇ ਹੇਠਾਂ ਦਾ ਸਥਾਨ ਸੀ (ਸਮਝੇ?)ਇਹ ਛੇਵਾਂ ਸਥਾਨ ਸੀ ਜਿੱਥੇ ਹੁਣ ਮਨੁੱਖ ਜਾਂਦੇ ਹਨ,ਵੇਖੋ ਉਹ ਸੱਤਵੇਂ ਸਥਾਨ ਤੇ ਨਹੀਂ ਜਾਂਦੇ ਹਨ ਜਿੱਥੇ ਪ੍ਰਮੇਸ਼ੁਰ ਹੈ। ਸੱਤਵੇਂ ਸਥਾਨ(ਅਵਸਥਾ)ਵਿੱਚ ਤਾਂ ਪ੍ਰਮੇਸ਼ੁਰ ਹੈ। ਛੇਵਾਂ ਸਥਾਨ।



ਅਤੇ ਅਸੀਂ ਉਹਨਾਂ ਦੇ ਸੁਭਾਅ ਦੇਖੇ ਸਨ ਅਤੇ ਅਸੀਂ ਉਹਨਾਂ ਹੀ ਸੁਭਾਵਾਂ ਦੇ ਦੁਆਰਾ ਉਹਨਾਂ ਵਿੱਚੋਂ ਹਰ ਇੱਕ ਇੰਜ਼ੀਲ ਦਾ ਅਧਿਐਨ ਕੀਤਾ ਸੀ ਅਤੇ ਹਰ ਇੱਕ ਇੰਜ਼ੀਲ ਬਿਲਕੁੱਕ ਉਸੇ ਤਰ੍ਹਾਂ ਸੀ ਜਿਹਾ ਕਿ ਉਹਨਾਂ ਜੰਤੂਆਂ ਦਾ ਸੁਭਾਅ ਸੀ। ਇੱਕ ਸ਼ੇਰ ਦੇ ਬਾਰੇ ਵਿਚ ਦੱਸਦਾ ਹੈ, ਅਤੇ ਦੂਸਰਾ ਬੈਲ ਦੇ ਬਾਰੇ ਵਿੱਚ --ਅਤੇ ਬਾਕੀ ਚਾਰ ਇੰਜ਼ੀਲਾਂ ਹਨ। ਇਹ ਪਵਿੱਤਰ ਆਤਮਾ ਦੀ ਸੁਰੱਖਿਆ ਹੈ। ਆਮੀਨ।

76 ਮੈਂ ਸਦਾ ਹੀ ਹੈਰਾਨ ਹੁੰਦਾ ਸਾਂ ......ਇਹ ਮੇਰੇ ਨਾਲ ਹੀ ਚਿਪਕਿਆ ਰਿਹਾ ਹੈ। ਹੁਣ ਇਹ ਗੱਲ ਕੋਈ ਛੇ ਕੁ ਸਾਲ ਪੁਰਾਣੀ ਹੈ, ਜਦ ਮੈਂ ਇੱਕ ਮਹਾਨ ਆਦਮੀਂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ...... ਰਸੂਲਾਂ ਦੇ ਕਰਤੱਵ ਤਾਂ ਸਿਰਫ ਇੱਕ ਢਾਂਚਾ ਹੀ ਸੀ। ਮੈਂ ਇਸਨੂੰ ਕਈ ਵਾਰ ਆਖਦੇ ਸੁਣਿਆ ਹੈ। ਪਰ ਅਜਿਹੇ ਮਨੁੱਖ ਦੇ ਕੋਲੋਂ ਸੁਣਨਾ ਜਿਹੜਾ ਇੱਕ ਪ੍ਰਚਾਰਕ ਅਤੇ ਸਿੱਖਿਅਕ ਹੈ ਜਿਹਨੇ ਕਈ ਮਸ਼ਹੂਰ ਕਿਤਾਬਾਂ ਲਿਖੀਆਂ ਹਨ ਜਿਹਨਾਂ ਨੂੰ ਲੋਕ ਸਭਨੀਂ ਥਾਈਂ ਪੜ੍ਹਦੇ ਹਨ ਅਤੇ ਇਸ ਤਰ੍ਹਾਂ ਦੇ ਮਨੁੱਖ ਨੂੰ ਇਹ ਆਖਦੇ ਸੁਣਨਾ ਕਿ ਰਸੂਲਾਂ ਦੇ ਕਰਤੱਵ ਅਸਲ ਵਿੱਚ ਕਲੀਸਿਯਾ ਦੀ ਸਿੱਖਿਆ ਲਈ ਢੁੱਕਵੇਂ ਨਹੀਂ ਹਨ।

77 ਜਦਕਿ ਰਸੂਲਾਂ ਦੇ ਕਰਤੱਵ ਸਿਰਫ ਢਾਂਚਾ ਹੀ ਨਹੀਂ ਬਲਕਿ ਇਹ ਕਲੀਸਿਯਾ ਦੀ ਨੀਂਹ ਹੈ। ਇਹ ਨੀਂਹ ਹੈ ਕਿਉਂਕਿ ਬਾਈਬਲ ਨੇ ਆਖਿਆ ਹੈ ਕਿ ਪ੍ਰਮੇਸ਼ੁਰ ਦੀ ਨੀਂਹ ਰਸੂਲਾਂ ਦੀ ਸਿੱਖਿਆ ਤੇ ਬਣੀ ਹੈ ਜਿਹਦੇ ਕੋਨੇ ਦਾ ਪੱਥਰ -ਜਿਹਦਾ ਸਿਰ ਮਸੀਹ ਹੈ। ਇਹ ਠੀਕ ਹੈ।

78 ਅਤੇ ਜਦ ਉਹ ਮਨੁੱਖ ਉੱਥੇ ਖੜਾ ਸੀ ਉਸਨੇ ਉਸ ਤਰ੍ਹਾਂ ਦੀਆਂ ਗੱਲਾਂ ਆਖੀਆਂ ਸਨ ਤਾਂ ਮੈਂ ਬਸ ......ਮੇਰਾ ਦਿਲ ਬਸ ਡੁੱਬ ਹੀ ਗਿਆ। ਅਤੇ ਮੈਂ ਸੋਚਿਆ ਕਿ "ਇਹਦੇ ਵਿੱਚ ਕੋਈ ਹੈਰਾਨੀ ਨਹੀਂ ਹੈ ....." ਚੰਗਾ, ਪ੍ਰੰਤੂ ਹੁਣ ਮੈਂ ਇਹਨਾਂ ਮੋਹਰਾਂ ਵਿੱਚ ਸੱਚਾਈ ਨੂੰ ਵੇਖਦਾ ਹਾਂ। ਉਸ ਵੇਲੇ ਮੇਰੇ ਤੇ ਇਹ ਪ੍ਰਗਟ ਨਹੀਂ ਕੀਤਾ ਗਿਆ ਸੀ। ਇਸਦੇ ਬਾਰੇ ਵਿੱਚ ਇਹੋ ਕੁਝ ਹੀ ਹੈ। ਸਮਝੇ?

79 ਇਸ ਲਈ ਉਹ ਉੱਥੇ ਖੜੇ ਸਨ। ਪ੍ਰੰਤੂ ਉੱਥੇ ਕੋਈ ਸੀ ਜੋ ਇਹ ਕਹਿ ਰਿਹਾ ਸੀ। ਹੁਣ ਧਿਆਨ ਦਿਓ ਉਹ ਰਖਵਾਲੀ ਕਰਦੇ ਹਨ।

80 ਹੁਣ, ਜਦੋਂ ਅਸੀਂ ਮੱਤੀ 28:19 ਨੂੰ ਲੈ ਕੇ ਇਸਦਾ ਮੱਤੀ ਦੀ ਇੰਜ਼ੀਲ ਦੇ ਦੁਆਰਾ ਜੋ ਕਿ ਸ਼ੇਰ ਨੂੰ ਦਰਸਾਉਂਦੀ ਹੈ, ਬਰੀਕੀ ਦੇ ਨਾਲ ਅਧਿਐਨ ਕੀਤਾ ਤਾਂ ਅਸੀਂ ਉਸ ਨਤੀਜ਼ੇ ਤੇ ਪਹੁੰਚੇ ਕਿ ਉਹਨਾਂ ਨੇ ਕਿਉਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ। ਅਤੇ ਉੱਥੇ ਉਹ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮੇ ਦੇ ਪਵਿੱਤਰ ਵਿਸ਼ਵਾਸ਼ ਦੀ ਰੱਖਵਾਲੀ ਕਰਨ ਲਈ ਖੜਾ ਸੀ। ਇਹ ਸੱਚ ਹੈ। ਚੰਗਾ, ਠੀਕ ਹੈ, ਹੁਣ ਮੈਂ ਇਹਨਾਂ ਕਲੀਸਿਯਾ ਦੇ ਯੁੱਗਾਂ ਨੂੰ ਛੱਡ ਰਿਹਾ ਹਾਂ।

81 ਧਿਆਨ ਦਿਓ ਕਿ ਜਦ ਹੁਣ ਅਸੀਂ ਪੰਜਵੀਂ ਮੋਹਰ ਤੇ ਆਉਂਦੇ ਹਾਂ ਤਾਂ ਪੰਜਵੀਂ ਮੋਹਰ ਦੇ ਦੌਰਾਨ ਕੋਈ ਘੋੜ ਸਵਾਰ ਨਿੱਕਲ ਕੇ ਨਹੀਂ ਆਉਂਦਾ ਹੈ ਅਤੇ ਇਸਦਾ ਐਲਾਨ ਕਰਨ ਲਈ ਕੋਈ ਜੰਤੂ ਵੀ ਨਹੀਂ ਹੈ। ਯੂਹੰਨਾ ਬਸ .......ਉਹ ....ਲੇਲਾ ਇਸਨੂੰ ਖੋਲ੍ਹਦਾ ਹੈ ਅਤੇ ਯੂਹੰਨਾ ਵੇਖਦਾ ਹੈ। ਪੰਜਵੀਂ ਮੋਹਰ ਦੇ ਖੁੱਲ੍ਹਣ ਤੇ ਉੱਥੇ ਇਹ ਕਹਿਣ ਲਈ ਕੋਈ ਨਹੀਂ ਸੀ, " ਆ ਅਤੇ ਵੇਖ; ਆ ਅਤੇ ਵੇਖ। " ਧਿਆਨ ਦਿਓ ਕਿ ਜੰਤੂ ਦੀ ਕੋਈ ਵੀ ਸ਼ਕਤੀ ਨਹੀਂ ਹੈ। ਜਾਂ ਨਹੀਂ ..........

82 ਅਤੇ ਛੇਵੀਂ ਮੋਹਰ ਵਿੱਚ, ਇਸਦਾ ਐਲਾਨ ਕਰਨ ਲਈ ਕੋਈ ਵੀ ਜੰਤੂ ਨਹੀਂ ਹੈ। ਅਤੇ ਸੱਤਵੀਂ ਮੋਹਰ ਵਿੱਚ, ਇਹਦਾ ਐਲਾਨ ਕਰਨ ਲਈ ਕੋਈ ਨਹੀਂ ਹੈ। ਇਸਦਾ ਐਲਾਨ ਕਰਨ ਲਈ ਕੋਈ ਸ਼ਕਤੀ ਨਹੀਂ ਹੈ। ਸਮਝੇ? ਕੋਈ ਵੀ ਇਸਦੀ ਘੋਸ਼ਣਾ ਨਹੀਂ ਕਰਦਾ ਹੈ। ਇੱਥੋਂ ਤੱਕ .......ਚੌਥੀ ਮੋਹਰ ਤੋਂ ਬਾਦ ਕਿਸੇ ਵੀ ਜੰਤੂ ਦੀ ਸ਼ਕਤੀ ਦੇ ਦੁਆਰਾ ਕੋਈ ਐਲਾਨ ਨਹੀਂ ਕੀਤਾ ਜਾਂਦਾ ਹੈ, ਪੰਜਵੀਂ ਮੋਹਰ ਤੋਂ ਲੈ ਕੇ ਛੇਵੀਂ ਮੋਹਰ, ਸੱਤਵੀਂ ਮੋਹਰ ਤੱਕ ਕੋਈ ਵੀ ਐਲਾਨ ਨਹੀਂ ਹੁੰਦਾ ਹੈ।

83 ਹੁਣ ਧਿਆਨ ਦਿਓ। ਮੈਂ ਇਹਨੂੰ ਪਿਆਰ ਕਰਦਾ ਹਾਂ। ਚਾਰਾਂ ਘੋੜਿਆਂ ਦੇ ਸਵਾਰਾਂ ਦੇ ਸਮੇਂ ਵਿੱਚ, ਚਹੁੰ ਵੱਖ-ਵੱਖ ਘੋੜਿਆਂ ਦਾ ਸਵਾਰ ਇੱਕ ਹੀ ਹੈ, ਉੱਥੇ ਇੱਕ ਜੰਤੂ ਸੀ ਜਿਸਨੇ ਕਿ ਸ਼ਕਤੀ ਦਾ ਐਲਾਨ ਕੀਤਾ। ਹਰ ਵਾਰੀ ਸਵਾਰ ਕਿਸੇ ਦੂਜੇ ਘੋੜੇ ਉੱਤੇ ਸਵਾਰ ਹੋ ਕੇ ਅੱਗੇ ਵੱਧਦਾ ਤਾਂ ਇੱਕ ਦੂਸਰੀ ਤਰ੍ਹਾਂ ਦਾ ਜੰਤੂ ਬਾਹਰ ਆਉਂਦਾ ਹੈ ਅਤੇ ਇਹਦਾ ਐਲਾਨ ਕਰਦਾ ਹੈ। ਇਹ ਇੱਕ ਮਹਾਨ ਭੇਤ ਹੈ। ਸਮਝੇ?ਇਹ ਇੱਕ ਭੇਦ ਹੈ .....ਕਿਉਂ? ਉਹ ਭੇਤ ਦਾ ਐਲਾਨ ਕਰਦਾ ਹੈ।

84 ਪੰਜਵੀਂ ਮੋਹਰ ਦੀ ਘੋਸ਼ਣਾ ਕਰਨ ਲਈ ਕਿਉਂ ਕੋਈ ਜੰਤੂ ਨਹੀਂ ਹੈ? ਉਸ ਪ੍ਰਕਾਸ਼ ਦੇ ਅਨੁਸਾਰ ਜਿਹੜਾ ਕਿ ਪ੍ਰਭੂ ਯਿਸੂ ਨੇ ਅੱਜ ਸਵੇਰੇ ਮੈਨੂੰ ਦਿੱਤਾ ਹੈ ਉਸਦੇ ਅਨੁਸਾਰ ਇਸਦਾ ਕਾਰਨ ਇਹ ਹੈ ਕਿ ਇਸ ਸਮੇਂ ਤੱਕ ਕਲੀਸਿਯਾਈ ਯੁਗਾਂ ਦਾ ਭੇਤ ਪਹਿਲਾਂ ਹੀ ਖਤਮ ਹੋ ਚੁੱਕਿਆ ਹੈ। ਇਸ ਸਮੇਂ ਤੱਕ ਮਸੀਹ ਵਿਰੋਧੀ ਦਾ ਭੇਤ ਪ੍ਰਗਟ ਕੀਤਾ ਜਾ ਚੁੱਕਾ ਹੈ। ਅਸੀਂ ਵੇਖਿਆ ਸੀ ਕਿ ਜਦੋਂ ਮਸੀਹ ਵਿਰੋਧੀ ਆਪਣੇ ਪੀਲੇ ਘੋੜੇ ਤੇ, ਕਈ ਰੰਗਾਂ ਦੇ ਮਿਲੇ-ਜੁਲੇ ਘੋੜੇ ਤੇ ਸਵਾਰ ਸੀ ਤਾਂ ਉਹ ਆਪਣੀ ਆਖਰੀ ਸਵਾਰੀ ਕਰ ਲੈਂਦਾ ਹੈ ਅਤੇ ਸਿੱਧਾ ਨਰਕ ਨੂੰ ਚਲਾ ਜਾਂਦਾ ਹੈ।

85 ਅਸੀਂ ਇਹਨੂੰ ਤੁਰ੍ਹੀਆਂ ਅਤੇ ਹੋਰ -ਹੋਰ ਵਿੱਚ ਲਵਾਂਗੇ ਜਦ ਅਸੀਂ ਉਹਦੀ ਸਿੱਖਿਆ ਦੇਵਾਂਗੇ। ਮੈਂ ਹੁਣ ਇਹਦੇ ਵਿੱਚ ਜਾਂਦਾ ਪਰ ਹੁਣ ਅਸੀਂ ਵਿਸ਼ੇ ਤੋਂ ਦੂਰ ਚਲੇ ਗਏ ਹਾਂ। ਅਤੇ ਅਸੀਂ ਵੇਖਿਆ ਸੀ ਕਿ ......ਉਹ ਸਵਾਰੀ ਕਰਦਾ ਹੈ ......

86 ਇਹ ਹੀ ਕਾਰਨ ਹੈ ਕਿ ਉੱਥੇ ਕੋਈ ਜੰਤੂ ਨਹੀਂ ਹੈ। ਹੁਣ, ਅਸੀਂ ਜਾਣਦੇ ਹਾਂ ਕਿ ਅਸੀਂ ਬਿਨਾਂ ਕਿਸੇ ਕਾਰਨ ਹੀ ਕੁਝ ਨਹੀਂ ਲਿਖ ਲੈਂਦੇ ਹਾਂ ਹਰੇਕ ਚੀਜ਼ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ।। ਹੁਣ, ਤੁਹਾਨੂੰ ਯਾਦ ਹੈ ਮੈਂ ਸ਼ੁਰੂ ਵਿੱਚ ਆਖਿਆ ਸੀ ਕਿ " ਕੋਈ ਵੀ ਚੀਜ਼ ਬਿਨਾਂ ਕਾਰਨ ਤੋਂ ਨਹੀਂ ਹੈ। " ਕੀ ਤੁਹਾਨੂੰ ਸਿਆਹੀ ਦੀ ਛੋਟੀ ਜਿਹੀ ਬੂੰਦ ਬਾਰੇ ਯਾਦ ਹੈ? ਵੇਖਿਆ? ਹੁਣ, ਤੁਹਾਨੂੰ ਕਾਰਨ ਲੱਭਣਾ ਪੈਣਾ ਹੈ। ਕੋਈ ਨਾ ਕੋਈ ਕਾਰਨ ਤਾਂ ਜਰੂਰ ਹੈ ਜੋ ਇਸ ਮੋਹਰ ਦੇ ਤੋੜੇ ਜਾਣ ਤੇ ਇਸ ਮੋਹਰ ਦਾ ਐਲਾਨ ਕਰਨ ਲਈ ਕੋਈ ਵੀ ਜੰਤੂ ਨਹੀਂ ਹੈ। ਅਤੇ ਸਿਰਫ ਖੁਦਾ ਹੀ ਇਹਨੂੰ ਪ੍ਰਗਟ ਕਰ ਸੱਕਦਾ ਹੈ ਕਿਉਂਕਿ ਇਹ ਸੱਭ ਕੁਝ ਉਸਦੇ ਹੀ ਅੰਦਰ ਪਾਇਆ ਜਾਂਦਾ ਹੈ।

87 ਪ੍ਰੰਤੂ ਪ੍ਰਮੇਸ਼ੁਰ ਦਾ ਇਸਨੂੰ ਪ੍ਰਗਟ ਕਰਨ ਦਾ ਕਾਰਨ ਇਹ ਹੈ .....ਜਿਵੇਂ ਕਿ ਮੈਂ ਸਮਝਦਾ ਹਾਂ ਉਹ ਛੁਟਕਾਰੇ ਦੀ ਪੋਥੀ ਦਾ ਭੇਤ ਹੈ, ਇੱਥੋਂ ਤੱਕ ਕਿ ਮਸੀਹ ਵਿਰੋਧੀ ਪ੍ਰਗਟ ਕੀਤਾ ਜਾ ਰਿਹਾ ਹੈ .....ਅਤੇ ਉਸ ਸਮੇਂ ਕਲੀਸਿਯਾ ਜਾ ਚੁੱਕੀ ਹੋਵੇਗੀ ਅਤੇ ਇਹ ਗੱਲਾਂ ਕਲੀਸਿਯਾਈ ਯੁੱਗਾਂ ਵਿੱਚ ਨਹੀਂ ਵਾਪਰਨਗੀਆਂ। ਇਹ ਠੀਕ ਗੱਲ ਹੈ।। ਉਹ ਲੋਕ ਕਲੀਸਿਯਾਈ ਯੁੱਗ ਤੋਂ ਅਲੱਗ ਹਨ। ਇਸ ਸਮੇਂ ਕਲੀਸਿਯਾ ਪੂਰੀ ਤਰ੍ਹਾਂ ਉਠਾ ਲਈ ਗਈ ਹੈ। ਕਲੀਸਿਯਾ ਪਰਕਾਸ਼ ਦੀ ਪੋਥੀ ਦੇ ਚਾਰ ਬਾਬ ਵਿੱਚ ਹੀ ਉੱਪਰ ਚਲੀ ਜਾਂਦੀ ਹੈ ਅਤੇ ਉਹ ਤਦ ਤੱਕ ਵਾਪਿਸ ਨਹੀਂ ਆਉਂਦੀ ਹੈ ਜਦ ਤੱਕ



379 ਅਤੇ, ਔਹ, ਤੁਸੀਂ ਲੋਕ ਜਿਹਨਾਂ ਦੇ ਵਾਲ ਹਨ, ਤੁਸੀਂ ਨਹੀਂ ਜਾਣਦੇ ਕਿ ਵਾਲਾਂ ਲਈ ਤੁਹਾਨੂੰ ਕਿੰਨਾ ਧੰਨਵਾਦ ਕਰਨਾ ਚਾਹੀਦਾ ਹੈ। ਇਹ ਸਹੀ ਗੱਲ ਹੈ। ਸਮਝੇ?

380 ਅਰ ਇਸ ਤੋਂ ਬਾਦ ਮੈਂ ਵੇਖਿਆ ਕਿ ਮੈਂ ਜਾ ਰਿਹਾ ਹਾਂ .....ਜੇ ਮੈਨੂੰ ਮੇਰੇ ਦੰਦ ਨਹੀਂ ਮਿਲਦੇ ਹਨ ਤਾਂ ਇਹਨਾਂ ਦਿਨਾਂ ਵਿੱਚ ਹੀ ਕਿਸੇ ਦਿਨ ਮੈਨੂੰ ਉਹਨਾਂ ਵਿੱਚੋਂ ਕੁਝ ਦੰਦ ਮਿਲਣ ਵਾਲੇ ਹਨ।

381 ਇਸ ਲਈ ਜੇ ਕੋਈ ਆਦਮੀਂ -ਜੇਕਰ ਕੋਈ ਮਨੁੱਖ .....ਠੀਕ ਹੈ ਮੈਂ ਸੋਚਦਾ ਹਾਂ,ਉਨ੍ਹਾਂ ਆਦਮੀਆਂ ਲਈ ਜਿਹੜੇ ਆਪਣੇ ਸਿਰ ਤੇ ਵਾਲਾਂ ਦਾ ਵਿਗ ਲਗਾਉਣਾ ਚਾਹੁੰਦੇ ਹਨ,ਉਹਨਾਂ ਲਈ ਇਹ ਇਸ ਤੋਂ ਕਿਤੇ ਵੱਧ ਮਤਲਬ ਰੱਖਦਾ ਹੈ ਕਿਉਂਕਿ ਇਹ ਉਹਨਾਂ ਚੂਹਿਆਂ ਜਾਂ ਬਿੱਲੀਆਂ ਦੇ ਬਣੇ ਵਾਲਾਂ ਵਾਂਗੂ ਹੈ ਜਿਹੜਾ ਔਰਤਾਂ ਆਪਣੇ ਵਾਲਾਂ ਦੇ ਸ਼ਿੰਗਾਰ ਲਈ ਲਗਾਉਂਦੀਆਂ ਹਨ। ਸਮਝੇ? ਪ੍ਰੰਤੂ ਜੇ ਤੁਸੀਂ ਇਹ ਕਰਦੇ ਹੋ ਤਾਂ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਹ ਕਾਹਦੇ ਲਈ ਕਰਦੇ ਹੋ। ਸਮਝੇ? ਇਹ ਇਸ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਹ ਕਿਉਂ ਕਰ ਕਰੇ ਹੋ। ਅਤੇ ਇਸ ਲਈ .......

382 ਪ੍ਰੰਤੂ ਕੁਝ ਵੀ ਹੋਵੇ, ਜਦ ਮੈਂ ਉੱਥੇ ਖੜਾ ਸੀ ਤਾਂ ਮੈਂ ਇਹ ਮਹਿਸੂਸ ਕੀਤਾ ਕਿ ਮੇਰੇ ਸਿਰ ਤੇ ਫਿਰ ਦੁਬਾਰਾ ਵਾਲ ਆ ਗਏ ਹਨ। ਹੇ, ਮੇਰੇ ਖੁਦਾ। ਮੈਂ ਜਵਾਨ ਸੀ। ਅਤੇ ਇਹ ਸੱਭ ਕੁਝ ਜੁਆਨੀ ਵਾਲੀ ਹਾਲਤ ਵਿੱਚ ਆ ਗਿਆ ਸੀ। ਅਤੇ ਮੈਂ ਸੋਚਿਆ, " ਚੰਗਾ, ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ। ਉਹ ਇੱਥੇ ਹਨ। " ਅਤੇ ਉਹ ਸੱਭ ਦੌੜ .........

383 ਅਤੇ ਮੈਂ ਵੇਖਿਆ, ਅਤੇ ਮੈਂ ਹੋਪ ਨੂੰ ਆਉਂਦੇ ਹੋਏ ਵੇਖਿਆ। ਉਸਨੇ ਵੇਖਿਆ ......ਤੁਸੀਂ ਜਾਣਦੇ ਹੋ ਕਿ ਉਹ ਬਾਈ ਸਾਲ ਦੀ ਉਮਰ ਵਿੱਚ ਹੀ ਮਰ ਗਈ ਸੀ। ਉਹ ਹਾਲੇ ਵੀ ਉਸੇ ਤਰ੍ਹਾਂ ਹੀ ਸੁੰਦਰ ਸੀ ਜਿਵੇਂ ਕਿ ਉਹ ਕਦੇ ਸੀ। ਤੁਹਾਡੇ ਵਿੱਚੋਂ ਬਹੁਤ ਸਾਰੇ ਉਹਨੂੰ ਜਾਣਦੇ ਹਨ, ਤੁਹਾਨੂੰ ਉਹ ਦੀਆਂ ਵੱਡੀਆਂ-ਵੱਡੀਆਂ ਕਾਲੀਆਂ ਅੱਖਾਂ ਯਾਦ ਹੋਣਗੀਆਂ। ਉਹ ਜਰਮਨ ਦੀ ਸੀ ਉਸਦੇ ਕਾਲੇ ਲੰਬੇ ਵਾਲ ਉਸਦੀ ਕਮਰ ਤੇ ਲਟਕ ਰਹੇ ਸਨ। ਮੈਂ ਸੋਚਿਆ ਸੀ ਕਿ ਜਦ ਉਹ ਇੱਥੇ ਆਵੇਗੀ ਤਾਂ ਉਹ ਕਹੇਗੀ," "ਬਿਲ। " ਮੈਂ ਜਾਣਦਾ ਹਾਂ ਕਿ ਉਹ ਇਹ ਕਹੇਗੀ। ਮੈਂ ਜਾਣਦਾ ਹਾਂ ਕਿ ਜਦ ਉਹ ਇੱਥੇ ਅੱਪੜੇਗੀ ਤਾਂ ਉਹ ਆਖੇਗੀ, "ਬਿਲ। "

384 ਮੈਂ ਵੇਖ ਰਿਹਾ ਸੀ। ਅਤੇ ਇਹਨਾਂ ਵਿੱਚੋਂ ਹਰੇਕ ਇਸਤਰੀ ਆ ਰਹੀ ਸੀ ਅਤੇ ਮੈਨੂੰ ਗਲਵੱਕੜੀ ਪਾ ਕੇ ਕਹਿ ਰਹੀ ਸੀ, "ਸਾਡਾ ਬੇਸ਼ਕੀਮਤੀ ਭਾਈ, ਅਸੀਂ ਤੈਨੂੰ ਵੇਖ ਕੇ ਬਹੁਤ ਖੁਸ਼ ਹਾਂ। " ਮੈਂ ਸੋਚਿਆ, ਉਹਨਾਂ ਵਿੱਚੋਂ ਹਰੇਕ ਨੇ ਇੱਕੋ ਤਰ੍ਹਾਂ ਦੇ ਵਸਤਰ ਪਾਏ ਹੋਏ ਸਨ ਪਰ ਉਹਨਾਂ ਦੇ ਵਾਲ ਵੱਖਰੇ-ਵੱਖਰੇ ਸਨ। ਉਨ੍ਹਾਂ ਵਿੱਚੋਂ ਕਿਸੇ ਦੇ ਵਾਲ ਲਾਲ, ਕਿਸੇ ਦੇ ਕਾਲੇ ਅਤੇ ਕਿਸੇ ਦੇ ਹਲਕੇ ਸੁਨਹਿਰੀ ਸਨ। ਅਤੇ ਉਹ ਇੱਕ ਤੋਂ ਬਾਦ ਇੱਕ ਆ ਰਹੀਆਂ ਸਨ ਅਤੇ ਉਹ ਸੱਭ ਜਵਾਨ ਸਨ।

385 ਅਤੇ ਜਦ ਹੋਪ ਮੇਰੇ ਕੋਲ ਆਈ ਤਾਂ ਮੈਂ ਸੋਚਿਆ, "ਮੈਂ ਵੇਖਾਂਗਾ ਕਿ ਉਹ ਕੀ ਕਹਿੰਦੀ ਹੈ।"

372 ਅਤੇ ਇਹ ਸੰਪੂਰਨ ਸਨ। ਪ੍ਰੰਤੂ ਇਸ ਦੀ ਕੋਈ ਪ੍ਰਵਾਹ ਨਹੀਂ ਕਿ ਉਹ ਕਿੰਨਾ ਮੈਨੂੰ ਆਪਣੀਆਂ ਬਾਹਾਂ ਵਿੱਚ ਜੱਫੀਆਂ ਪਾਉਂਦੀਆਂ ਸਨ, ਅਤੇ ਤੁਸੀਂ ਸਮਝਦੇ ਹੋ ਕਿ ਉਹ ਔਰਤਾਂ ਸਨ ਪ੍ਰੰਤੂ ਉੱਥੇ ਕਦੇ ਵੀ ਕੋਈ ਪਾਪ ਨਹੀਂ ਹੋ ਸੱਕਦਾ ਸੀ ਕਿਉਂਕਿ ਨਰ ਸੈੱਲ ਅਤੇ ਮਾਦਾ ਸੈੱਲ ਦੋਨੋ ਹੀ ਖਤਮ ਹੋ ਚੁੱਕੇ ਸਨ। [ਭਾਈ ਬ੍ਰਾਨਹਾਮ ਇੱਕ ਵਾਰ ਆਪਣੇ ਦੋਹਾਂ ਹੱਥਾਂ ਨਾਲ ਤਾੜੀ ਮਾਰਦੇ ਹਨ-ਸੰਪਾ]ਪ੍ਰਭੂ ਦਾ ਧੰਨਵਾਦ ਹੋਵੇ। ਉਹ ਸੰਪੂਰਨ ਤੌਰ ਤੇ ਮੇਰੀਆਂ ਭੈਣਾਂ ਸਨ।

373 ਮੈਂ ਵੇਖਿਆ। ਮੈਂ ਵੇਖਿਆ ਅਤੇ ਸ਼ੁਰੂ ਕੀਤਾ ......ਮੈਂ ਆਪਣੇ ਹੱਥਾਂ ਨੂੰ ਵੇਖਿਆ। ਮੈਂ ਵੇਖਿਆ ਕਿ ਉਹ ਬਿਲਕੁੱਲ ਜਵਾਨ ਆਦਮੀਆਂ ਦੇ ਹੱਥਾਂ ਵਰਗੇ ਸਨ; ਮੈਂ ਆਪਣੇ ਆਪ ਤੇ ਨਿਗਾਹ ਮਾਰੀ ਅਤੇ ਮੈਂ ਵੀ ਜਵਾਨ ਸੀ।

374 ਅਤੇ ਮੇਰੇ ......ਜਦ ਮੈਂ ਹਾਲੇ ਜੁਆਨ ਹੀ ਸੀ ਉਸ ਵੇਲੇ ਨਾਈ ਨੇ ਮੇਰੇ ਵਾਲਾਂ ਵਿੱਚ ਤੇਜਾਬ ਪਾ ਦਿੱਤਾ ਸੀ ਇਸ ਲਈ ਮੇਰੇ ਵਾਲ ਉਸੇ ਸਮੇਂ ਝੜ ਗਏ ਸਨ। ਅਤੇ ਇਹ ਮੇਰੇ ਲਈ ਹਮੇਸ਼ਾਂ ਹੀ ਪ੍ਰੇਸ਼ਾਨੀ ਵਾਲੀ ਗੱਲ ਬਣੀ ਰਹੀ ਸੀ ਕਿ ਮੈਨੂੰ ਬਹੁਤ ਹੀ ਛੇਤੀ ਠੰਢ ਲੱਗ ਜਾਂਦੀ ਸੀ ਕਿਉਂਕਿ ਮੇਰੇ ਸਿਰ ਦਾ ਉਹ ਹਿੱਸਾ ਬੜਾ ਹੀ ਨਰਮ ਹੈ। ਤੁਸੀਂ ਜਾਣਦੇ ਹੋ, ਵਾਲਾਂ ਦੀਆਂ ਜੜਾਂ ਹਾਲੇ ਵੀ ਉੱਥੇ ਮੌਜੂਦ ਹਨ ਪਰ ਤੇਜਾਬ ਦੇ ਕਾਰਨ ਮੇਰੀ ਉੱਪਰਲੀ ਖੋਪੜੀ ਬਿਲਕੁੱਲ ਜਲ ਗਈ ਸੀ ਅਤੇ ਉਸ ਤੇ ਕਦੇ ਵੀ ਵਾਲ ਨਹੀਂ ਉੱਗ ਸੱਕਦੇ।

375 ਅਤੇ ਮੈਂ ਗਿਆ -ਮੇਰੀ ਪਤਨੀ, ਜਦ ਮੈਂ--ਕਾਫੀ ਸਮਾਂ ਪਹਿਲਾਂ ਦੀ ਗੱਲ ਹੈ ਮੇਰੀ ਪਤਨੀ ਗਈ ਅਤੇ ਮੇਰੇ ਲਈ ਇੱਕ ਵਿਗ ਲੈ ਆਈ ਤਾਂ ਕਿ ਉਸ ਨਾਲ ਮੈਂ ਆਪਣਾ ਸਿਰ ਢੱਕ ਸਕਾਂ। ਪ੍ਰੰਤੂ ਉਹਨੂੰ ਪਹਿਨਣ ਵਿੱਚ ਮੈਨੂੰ ਹਮੇਸ਼ਾਂ ਹੀ ਸ਼ਰਮ ਆਉਂਦੀ ਸੀ ਕਿਉਂਕਿ ਉਹ ਇੰਝ ਜਾਪਦਾ ਸੀ ਕਿ ਇਹ ਕੁਝ ਨਕਲੀ ਹੈ। ਅਤੇ ਮੈਂ ਕੁਝ ਵੀ ਨਕਲੀ ਨਹੀਂ; ਚਾਹੁੰਦਾ ਸੀ।

376 ਸੋ ਮੈਂ ਸੋਚਿਆ ਕਿ, "ਮੈਂ ਸਿਰ ਢੱਕਣ ਵਾਲੀ ਟੋਪੀ ਪਾ ਲਵਾਂਗਾ। " ਫਿਰ ਮੈਂ ਕੁਝ ਸਮੇਂ ਤੱਕ ਉਸ ਟੋਪੀ ਨੂੰ ਪਹਿਨਿਆ ਸੀ। ਤੁਸੀਂ ਜਾਣਦੇ ਹੋ ਉਹਨਾਂ ਨੇ ਕੀ ਕੀਤਾ ਸੀ?ਉਹ ਮੈਨੂੰ ਬਿਸ਼ਪ ਕਹਿਣਾ ਚਾਹੁੰਦੇ ਸਨ, ਫਿਰ ਮੈਂ ਕਿਹਾ, ਮੈਂ ਚਾਹੁੰਦਾ ਹਾਂ ਕਿ .......ਸਮਝੇ?ਮੈਂ ਬਸ ਆਖਿਆ, "ਮੈਂ ਇਹਨੂੰ ਲਾਹ ਦਿੰਦਾ ਹਾਂ। "

377 ਅਤੇ ਇਸ ਲਈ ਮੈਨੂੰ ਬਹੁਤ ਜੁਕਾਮ ਹੋ ਜਾਂਦਾ ਹੈ ਅਤੇ ਮੈਂ ਹੋ ਲੈਣ ਦਿੰਦਾ ਹਾਂ ........ਪ੍ਰੰਤੂ ਹੁਣ ਜਦ ਤੁਸੀਂ ਉਹਨਾਂ ਖਿੜਕੀਆਂ ਨੂੰ ਉਤਾਂਹ ਚੁੱਕਦੇ ਹੋ ਤਾਂ ਥੋੜੀ ਹਵਾ ਇੱਧਰ ਆਉਂਦੀ ਹੈ, ਲੜਕੇ ਮੈਨੂੰ ਠੰਢ ਲੱਗ ਜਾਂਦੀ ਹੈ।

378 ਅਤੇ ਮੈਂ ਇੱਕ ਡਾਕਟਰ ਦੇ ਕੋਲ ਗਿਆ ਅਤੇ ਉਸਨੂੰ ਪੁੱਛਿਆ ਕਿ ਉਹ ਇਸਦੇ ਵਾਰੇ ਵਿੱਚ ਕੀ ਸੋਚਦਾ ਹੈ। ਉਸਨੇ ਕਿਹਾ, " ਠੀਕ ਹੈ, ਤੇਰੇ ਰੋਮਾਂ ਦੇ ਛੇਕ ਖੁੱਲ੍ਹੇ ਹੋਏ ਹਨ। ਪ੍ਰਚਾਰ ਕਰਨ ਨਾਲ ਤੈਨੂੰ ਮੁੜਕਾ ਆਉਂਦਾ ਹੈ ਅਤੇ ਆਉਣ ਵਾਲੀ ਹਵਾ ਤੁਹਾਡੇ ਸਿਰ ਦੇ ਮਿਉਕਸ ਵਿੱਚ ਸਰਦੀ ਜੁਕਾਮ ਦੇ ਕੀਟਾਣੂ ਰੱਖ ਦਿੰਦੀ ਹੈ ਅਤੇ ਉਹ ਤੁਹਾਡੇ ਗਲੇ ਤੱਕ ਚਲਾ ਜਾਂਦਾ ਹੈ। ਅਤੇ ਅਗਲੀ ਸਵੇਰ ਤੁਹਾਡਾ ਗਲਾ ਖਰਾਬ ਹੋ ਜਾਂਦਾ ਹੈ। ਬਸ ਇਹ ਹੀ ਗੱਲ ਹੈ।



ਕਿ ਉਹ ਪ੍ਰਕਾਸ਼ ਪੋਥੀ 19 ਬਾਬ ਵਿੱਚ ਆਪਣੇ ਰਾਜੇ ਦੇ ਨਾਲ ਵਾਪਿਸ ਨਹੀਂ ਆਉਂਦੀ ਹੈ। ਪ੍ਰੰਤੂ ਇਹ ਮੋਹਰਾਂ ਇਹ ਪ੍ਰਗਟ ਕਰ ਰਹੀਆਂ ਹਨ ਕਿ ਕੀ ਹੋ ਚੁੱਕਾ ਹੈ, ਕੀ ਹੋ ਰਿਹਾ ਹੈ ਅਤੇ ਕੀ ਹੋਵੇਗਾ। ਸਮਝੇ? ਅਤੇ ਹੁਣ,ਇਹਨਾਂ ਮੋਹਰਾਂ ਦੇ ਰਾਹੀਂ ਇਹ ਪ੍ਰਗਟ ਕੀਤਾ ਗਿਆ ਹੈ ਕਿ ਕਲੀਸਿਯਾਈ ਯੁੱਗਾਂ ਵਿੱਚ ਕੀ ਹੋਣਾ ਸੀ। ਅਤੇ ਹੁਣ ਤੁਸੀਂ ਵੇਖੋ ਕੀ ਹੁੰਦਾ ਹੈ।

88 ਉਸਦੇ ਸਵਾਰ ਦੀਆਂ ਚਾਰ ਹਾਲਤਾਂ ਪ੍ਰਗਟ ਕੀਤੀਆਂ ਜਾ ਚੁੱਕੀਆਂ ਹਨ। ਮਸੀਹ ਵਿਰੋਧੀ ਦੀਆਂ ਘੋੜ ਸਵਾਰੀ ਦੀਆਂ ਚਾਰ ਹਾਲਤਾਂ ਨੂੰ ਹੁਣ ਤੱਕ ਪ੍ਰਗਟ ਕੀਤਾ ਜਾ ਚੁੱਕਾ ਹੈ ਇਸ ਲਈ ਹੋਰ ਘੋੜਸਵਾਰ ਨਹੀਂ ਹੋ ਸੱਕਦੇ ਹਨ।

89 ਅਤੇ ਜਿਉਂ ਹੀ ਘੋੜ ਸਵਾਰਾਂ ਨੇ ਸਵਾਰੀ ਕੀਤੀ ਤਾਂ ਉਹਨਾਂ ਦੇ ਸਵਾਰ ਦੀ ਘੋਸ਼ਣਾ ਕਰਨ ਲਈ ਪ੍ਰਮੇਸ਼ੁਰ ਦੇ ਚਾਰ ਜਾਨਦਾਰ ਜੰਤੂ ਸਨ। ਇਹ ਚਾਰ ਜੰਤੂ ਚਾਰ ਸ਼ਕਤੀਆਂ ਹਨ। ਹੁਣ ਅਸੀਂ ਬਾਈਬਲ ਦੇ ਸੰਕੇਤਾਂ ਦੇ ਅਰਥਾਂ ਦੇ ਦੁਆਰਾ ਜਾਣਦੇ ਹਾਂ ਕਿ "ਜੰਤੂ" ਦਾ ਅਰਥ "ਸ਼ਕਤੀ" ਹੁੰਦਾ ਹੈ। ਹੁਣ ਆਓ ਇਸਨੂੰ ਚੰਗੀ ਤਰ੍ਹਾਂ ਸਮਝ ਲਈਏ। ਬਾਈਬਲ ਵਿੱਚ ਜਿਹੜੇ ਚਾਰ ਜੰਤੂ ਦਿੱਤੇ ਗਏ ਹਨ ਉਹ ਲੋਕਾਂ ਦੇ ਵਿੱਚ ਸ਼ਕਤੀ ਨੂੰ ਦਰਸਾਉਂਦੇ ਹਨ।

90 ਹੁਣ ਜੇ ਅਸੀਂ ਦਾਨੀਏਲ ਦੀ ਪੋਥੀ ਵਿੱਚ ਵੇਖੀਏ ਤਾਂ ਸਾਨੂੰ ਇਹ ਪਤਾ ਲੱਗੇਗਾ ਕਿ ਜਦ ਉਸਨੇ ਕਿਸੇ ਰਾਜ ਦਾ ਉਦੇ ਹੁੰਦੇ ਹੋਏ ਵੇਖਿਆ ਤਾਂ ਉਹ ਸੰਕੇਤ ਵਿੱਚ ਇਸ ਤਰ੍ਹਾਂ ਸੀ ਕਿ ਜਿਵੇਂ ਉਹ ਇੱਕ ਰਿੱਛ ਹੋਵੇ ਅਤੇ ਉਹਨੇ ਆਪਣੀ ਪੱਸਲੀ ਨੂੰ ਆਪਣੇ ਹੱਥ ਦੇ ਇੱਕ ਪਾਸੇ ਫੜਿਆ ਹੋਵੇ। ਇਸ ਤੋਂ ਬਾਦ ਉਸਨੇ ਇੱਕ ਹੋਰ ਸ਼ਕਤੀ ਨੂੰ ਉਤਾਂਹ ਉੱਠਦੇ ਹੋਏ ਵੇਖਿਆ ਜੋ ਕਿ ਇੱਕ ਬੱਕਰਾ ਸੀ। ਇਹ ਪਸ਼ੂ ਕੁਝ ਦਰਸਾਉਂਦਾ ਸੀ। ਇਸ ਤੋਂ ਬਾਦ ਉਸਨੇ ਇੱਕ ਹੋਰ ਸ਼ਕਤੀ ਨੂੰ ਉਤਾਂਹ ਉੱਠਦੇ ਹੋਏ ਵੇਖਿਆ ਅਤੇ ਉਹ ਚੀਤਾ ਸੀ ਜਿਹਦੇ ਕਈ ਸਿਰ ਸਨ। ਇਹ ਕਿਸੇ ਇੱਕ ਕੌਮ ਨੂੰ ਦਰਸਾਉਂਦਾ ਸੀ। ਫਿਰ ਉਸਨੇ ਇੱਕ ਹੋਰ ਪਸ਼ੂ ਨੂੰ ਨਿੱਕਲਦੇ ਵੇਖਿਆ ਜਿਹੜਾ ਕਿ ਇੱਕ ਬਹੁਤ ਵੱਡਾ ਸ਼ੇਰ ਸੀ ਅਤੇ ਉਸਦੇ ਦੰਦ ਸਨ ਅਤੇ ਉਹਨੇ ਬਾਕੀ ਦਿਆਂ ਨੂੰ ਆਪਣੇ ਪੈਰਾਂ ਹੇਠ ਰੋਂਦ ਦਿੱਤਾ। ਇਹ ਪੂਰੀ ਤਰ੍ਹਾਂ ਕਿਸੇ ਹੋਰ ਬਾਦਸ਼ਾਹੀ ਨੂੰ ਦਰਸਾਉਂਦਾ ਸੀ। ਇੱਕ ਬਾਦਸ਼ਾਹੀ ਨਬੂਕਦਨੱਸਰ ਦੀ ਸੀ ਅਤੇ ਇਹ ਇੱਕ ਵੱਖ ਤਰ੍ਹਾਂ ਦਾ ਸੁਪਨਾ ਸੀ। ਦਾਨੀਏਲ ਨੇ ਦਰਸ਼ਨ ਵੇਖਿਆ ਸੀ ਜਦਕਿ ਨਬੂਕਦਨੱਸਰ ਨੇ ਸੁਪਨਾ ਵੇਖਿਆ ਸੀ। ਪ੍ਰੰਤੂ ਦਾਨੀਏਲ ਨੇ ਨਬੂਕਦਨੱਸਰ ਦੇ ਸੁਪਨੇ ਦਾ ਅਰਥ ਦੱਸਿਆ ਸੀ। ਅਤੇ ਉਹ ਦਾਨੀਏਲ ਦੇ ਦਰਸ਼ਨ ਦੇ ਨਾਲ ਬਿਲਕੁੱਲ ਠੀਕ-ਠੀਕ ਮੇਲ ਖਾਂਦਾ ਸੀ।

91 ਆਮੀਨ !ਵਾਵਹ ! [ਭਾਈ ਬ੍ਰਾਨਹਾਮ ਇੱਕ ਵਾਰ ਤਾੜੀ ਮਾਰਦੇ ਹਨ-ਸੰਪਾ]ਜੇ ਤੁਸੀਂ ਇਹ ਜਾਣ ਜਾਓ ਕਿ ਕੀ ਹੋਇਆ ਸੀ? ਇਸ ਤੋਂ ਪਹਿਲਾਂ ਕਿ ਅਸੀਂ ਇਸਨੂੰ ਛੱਡੀਏ ਕਿ ਤੁਸੀਂ ਸਮਝ ਗਏ ਕਿ ਕੀ ਹੋਇਆ ਸੀ?ਕਿਉਂ ਉਹ ਛੇ ਸੁਪਨੇ ਸਿੱਧੇ ਦਰਸ਼ਨ ਦੇ ਨਾਲ ਆਏ। ਆਮੀਨ ! ਸਮਝੇ। ਕਿਸੇ ਸੁਪਨੇ ਦਾ ਜਦ ਅਰਥ ਦੱਸਿਆ ਜਾਂਦਾ ਹੈ ਤਾਂ ਉਹ ਦਰਸ਼ਨ ਬਣ ਜਾਂਦਾ ਹੈ। ਅਜਿਹਾ ਨਹੀਂ ਹੋ ਸੱਕਦਾ ਕਿ ਕੋਈ ਮਨੁੱਖ ਜੋ ਅਚੇਤਨ ਮਨ ਨਾਲ ਪੈਦਾ ਹੋਇਆ ਹੈ ਉਸਨੂੰ ਦਰਸ਼ਨ ਵੇਖਣ ਲਈ ਸੌਣਾ ਪੈਂਦਾ ਹੈ ਉਹ ਤਾਂ ਦਰਸ਼ਨਾਂ ਨੂੰ ਜਾਗਦਾ ਹੋਇਆ ਹੀ ਵੇਖ ਲੈਂਦਾ ਹੈ ਅਤੇ ਖੁਦਾ ਉਸਦੇ ਅਚੇਤਨ ਮਨ ਦਾ ਇਸਤੇਮਾਲ ਕਰਦਾ ਹੈ ਅਤੇ ਉਸ ਮਨੁੱਖ ਨਾਲ ਗੱਲ ਬਾਤ ਕਰਦਾ ਹੈ-- ਜਿਹਦਾ ਉਸਨੇ ਅੰਤ ਦੇ ਦਿਨਾਂ ਲਈ ਵਾਇਦਾ ਕੀਤਾ ਹੈ ਕਿ ਕਿ ਉਹ ਲੋਕਾਂ ਉੱਤੇ ਸੁਪਨਿਆਂ ਅਤੇ ਦਰਸ਼ਨਾਂ ਦੇ ਰਾਹੀਂ ਪ੍ਰਗਟ ਹੋਵੇਗਾ।

92 ਹੁਣ, ਦਰਸ਼ਨ ਉਹ ਹੁੰਦਾ ਹੈ ਜਦੋਂ ਤੁਸੀਂ ਪੂਰੀ ਤਰਾਂ ਜਾਗਦੇ ਹੁੰਦੇ ਹੋ ਅਤੇ ਇਸ ਤਰ੍ਹਾਂ ਖੜ੍ਹੇ ਹੁੰਦੇ ਹੋ ਤਾਂ ਕੋਈ ਖਾਸ ਗੱਲ ਤੁਹਾਡੇ ਉੱਤੇ ਪ੍ਰਗਟ ਹੁੰਦੀ ਹੈ। ਅਤੇ ਤੁਸੀਂ ਖੜ੍ਹੇ ਹੋ ਕੇ ਲੋਕਾਂ ਨੂੰ ਬਿਲਕੁੱਲ ਉਸੇ ਸਮੇਂ ਉਹਦੇ ਬਾਰੇ ਵਿੱਚ ਦੱਸਦੇ ਹੋ ਅਤੇ ਤੁਸੀਂ ਵੇਖਦੇ ਹੋ ਕਿ ਕੀ ਹੋਇਆ ਹੈ ਅਤੇ ਕੀ ਹੋਣਾ ਹੈ ਆਦਿ।

93 ਪ੍ਰੰਤੂ ਵੇਖੋ, ਤੁਸੀਂ ਸੁਪਨਾ ਤਦ ਵੇਖਦੇ ਹੋ ਜਦੋਂ ਤੁਸੀਂ ਸੌਂਦੇ ਹੋ ਅਤੇ ਜਦ ਤੁਹਾਡੀਆਂ ਪੰਜ ਗਿਆਨ ਇੰਦਰੀਆਂ ਕੰਮ ਨਹੀਂ ਕਰਦੀਆਂ ਹਨ ਅਤੇ ਤੁਸੀਂ ਆਪਣੀ ਉਪ ਚੇਤਨਾ ਅਥਵਾ ਅਰਧ ਚੇਤਨਾ ਵਿੱਚ ਹੁੰਦੇ ਹੋ। ਤੁਸੀਂ ਕਿਤੇ ਹੋਰ ਹੁੰਦੇ ਹੋ ਕਿਉਂਕਿ ਜਦੋਂ ਤੁਸੀਂ ਆਪਣੀ ਚੇਤਨ ਅਵਸਥਾ ਵਿੱਚ ਵਾਪਿਸ ਆਉਂਦੇ ਹੋ ਤਾਂ ਤੁਹਾਨੂੰ ਯਾਦ ਆਉਂਦਾ ਹੈ ਕਿ ਤੁਸੀਂ ਕਿੱਥੇ ਸੀ ਅਤੇ ਤੁਸੀਂ ਇਸਨੂੰ ਆਪਣੀ ਸਾਰੀ ਜ਼ਿੰਦਗੀ ਯਾਦ ਰੱਖਦੇ ਹੋ। ਇਸ ਲਈ ਸੁਪਨੇ ਵੇਖਦੇ ਸਮੇਂ ਤੁਸੀਂ ਅਚੇਤਨ ਹਾਲਤ ਵਿੱਚ ਹੁੰਦੇ ਹੋ। ਫਿਰ ਇਹ ਇੱਕ ਕ੍ਰਮ, ਵੇਖੋ .............

94 ਜਿਵੇਂ ਕਿ ਕਾਂਗਰਸੀਆ ਅਪਸ਼ਾ ਆਖਦਾ ਹੁੰਦਾ ਸੀ ਕਿ," ਤੁਸੀਂ ਉਹ ਨਹੀਂ ਬਣ ਸੱਕਦੇ ਹੋ ਜੋ ਤੁਸੀਂ ਅਸਲ ਵਿੱਚ ਹੈ ਹੀ ਨਹੀਂ ਹੋ, " ਅਤੇ ਇਹ ਗੱਲ ਲੱਗ-ਭੱਗ ਠੀਕ ਹੀ ਹੈ। ਸਮਝੇ?

95 ਅਤੇ ਜੇ ਤੁਸੀਂ ਇੱਕ ਦਰਸ਼ੀ(ਨਬੀ )ਜੰਮੇ ਹੋ,ਤਾਂ ਤੁਹਾਡੀ ਚੇਤਨਾ ਅਤੇ ਉਪਚੇਤਨਾ ਦੋਨੋਂ ਇੱਕ ਥਾਂ ਜੁੜੇ ਹੋਏ ਹੁੰਦੇ ਹਨ ਫਿਰ ਤੁਹਾਡੇ ਨਾਲ ਇਸ ਤਰ੍ਹਾਂ ਨਹੀਂ ਹੁੰਦਾ ਹੈ ਕਿ ਜਦ ਤੁਸੀਂ ਇੱਥੇ ਹੋ ਤਾਂ ਤੁਹਾਡੀਆਂ ਪੰਜੇ ਚੇਤਨਾਵਾਂ ਕੰਮ ਕਰੀਆਂ ਹਨ ਅਤੇ ਜਦ ਤੁਸੀਂ ਸੁੱਤੇ ਹੋਏ ਹੋ ਤਾਂ ਤੁਹਾਡੀਆਂ ਪੰਜੇ ਚੇਤਨਾਵਾਂ ਕੰਮ ਨਹੀਂ ਕਰ ਰਹੀਆਂ ਹਨ। ਪ੍ਰੰਤੂ ਤੁਸੀਂ ਵੇਖੋ, ਜੇ ਤੁਸੀਂ ਇੱਕ ਦਰਸ਼ੀ ਦੇ ਰੂਪ ਵਿੱਚ ਜਨਮੇ ਹੋ ਤਾਂ ਤੁਹਾਡੀ ਚੇਤਨਾ ਅਤੇ ਉਪ ਚੇਤਨਾ ਇੱਕਠੇ ਹੀ ਜੁੜੇ ਹੋਏ ਹੁੰਦੇ ਹਨ ਅਤੇ ਇਸ ਤਰ੍ਹਾਂ ਦੀ ਹਾਲਤ ਵਿੱਚ ਤੁਹਾਨੂੰ ਸੁਪਨੇ ਵੇਖਣ ਲਈ ਸੌਣ ਦੀ ਲੋੜ ਨਹੀਂ ਪੈਂਦੀ ਹੈ। ਤੁਸੀਂ ਬਸ ਇਸ ਤਰ੍ਹਾਂ ਇੱਕ ਚੇਤਨਾ ਵਿੱਚੋਂ ਦੂਸਰੀ ਵਿੱਚ ਚਲੇ ਜਾਂਦੇ ਹੋ। ਅਤੇ ਤੁਸੀਂ ਸੌਂਦੇ ਨਹੀਂ ਹੋ। ਤੁਹਾਨੂੰ ਇਸ ਹਾਲਤ ਵਿੱਚ ਸੁਪਨੇ ਵੇਖਣ ਲਈ ਸੌਣ ਦੀ ਕੋਈ ਲੋੜ ਨਹੀਂ ਪੈਂਦੀ ਹੈ। ਅਤੇ ਤੁਸੀਂ ਆਪ ਖੁਦ ਆਪਣੇ ਆਪ ਨੂੰ ਇਸ ਤਰ੍ਹਾਂ ਦੇ ਨਹੀਂ ਬਣਾ ਸੱਕਦੇ ਹੋ।

96 ਇਸ ਲਈ ਦਾਤਾਂ ਅਤੇ ਬੁਲਾਹਟ ਪ੍ਰਮੇਸ਼ੁਰ ਵਲੋਂ ਅਗੇਤਰੇ ਹੀ ਠਹਿਰਾਏ ਹੋਏ ਹਨ। ਇਹ ਤਾਂ ਖੁਦਾ ਦੇ ਵਰਦਾਨ ਹਨ। ਅਤੇ ਬਾਈਬਲ ਵਿੱਚ ਕਿਹਾ ਗਿਆ ਹੈ ਕਿ ਇਹ ਖੁਦਾ ਦੀਆਂ ਦਾਤਾਂ ਅਤੇ ਸੱਦਾ ਬਿਨਾਂ ਤੋਬਾ ਦੇ ਹਨ। ਸਮਝੇ? ਇਹ ਤਾਂ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਠਹਿਰਾ ਦਿੱਤਾ ਗਿਆ ਸੀ। ਸਮਝੇ?

97 ਹੁਣ ਅਸੀਂ ਵੇਖਦੇ ਹਾਂ ਕਿ ਦਾਨੀਏਲ ਨਬੀ ਦੇ ਦਰਸ਼ਨ ਵਾਲਾ ਪਸ਼ੂ ਲੋਕਾਂ ਦੇ ਵਿੱਚਕਾਰ ਇੱਕ ਸ਼ਕਤੀ ਉੱਠ ਰਹੀ ਸੀ। ਇਹ ਠੀਕ ਹੈ। ਅਤੇ ਇੱਥੇ ਯੂਹੰਨਾ ਦੇ ਦਰਸ਼ਣ ਵੀ ਇਹੋ ਹੀ ਵਿਖਾਉਂਦੇ ਹਨ ਕਿ ਇਹ ਸ਼ਕਤੀਆਂ ਸਨ,ਇਹ ਕੌਮਾਂ ਸਨ ਜੋ ਉੱਠ ਰਹੀਆਂ ਸਨ। ਜਿਵੇਂ ਕਿ ਪ੍ਰਕਾਸ਼ ਦੀ ਪੋਥੀ 13 ਬਾਬ ਵਿੱਚ ਸੰਯੁਕਤ ਰਾਜ ਅਮਰੀਕਾ ਇੱਕ ਲੇਲੇ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਅਤੇ ਫਿਰ ਤੁਸੀਂ ਫਰਕ ਜਾਨਣਾ ਚਹੁੰਦੇ ਹੋ ਤਾਂ ........

ਤੁਸੀਂ ਕਹਿੰਦੇ ਹੋ, "ਠੀਕ ਐ, ਉਹ ਕੌਮੀ ਸ਼ਕਤੀ ਦੇ ਬਾਰੇ ਦੱਸ ਰਿਹਾ ਹੈ। "



366 ਹੁਣ ਭੈਣੋ, ਜਦਕਿ ਮੈਂ ਇਹ ਕਹਿੰਦਾ ਹਾਂ ਤੁਸੀਂ ਮੈਨੂੰ ਮਾਫ ਕਰਨਾ ਕਿਉਂਕਿ . ....ਪਰ ਤੁਸੀਂ ਆਪਣੇ ਡਾਕਟਰ ਦੀ ਗੱਲ ਸੁਣਦੀਆਂ ਹੋ, ਅਤੇ ਜੇ ਅਸੀਂ ਸ਼ੁੱਧ ਵਿਚਾਰਾਂ ਦੇ ਨਹੀਂ ਹਾਂ ਤਾਂ ਅਸੀਂ ਸੱਚੇ ਮਸੀਹੀ ਨਹੀਂ ਹਾਂ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਹਾਂ ਕਿ .......

367 ਮੈਂ ਸਦਾ ਹੀ ਸਾਫ-ਸੁਥਰਾ ਜੀਵਨ ਅਥਵਾ ਇੱਕ ਚੰਗਾ ਜੀਵਨ ਗੁਜਾਰਿਆ ਹੈ। ਪ੍ਰਮੇਸ਼ੁਰ ਇਸ ਗੱਲ ਨੂੰ ਜਾਣਦਾ ਹੈ। ਜਦ ਮੈਂ ਹਾਲੇ ਛੋਟਾ ਜਿਹਾ ਮੁੰਡਾ ਹੀ ਸਾਂ ਤਾਂ ਪ੍ਰਭੂ ਦੇ ਦੂਤ ਨੇ ਮੈਨੂੰ ਕਿਹਾ ਸੀ ਕਿ ਨਾ ਸ਼ਰਾਬ ਪੀਵੀਂ, ਨਾ ਸਿਗਰਟ ਪੀਵੀਂ ਅਰ ਨਾ ਹੀ ਕਿਸੇ ਢੰਗ ਦੇ ਨਾਲ ਆਪਣਾ ਜੀਵਨ ਭ੍ਰਿਸ਼ਟ ਕਰੀਂ। ਅਤੇ ਮੇਰੀ ਜ਼ਿੰਦਗੀ ਵਿੱਚ ਇਹ ਗੱਲ ਸੱਚੀ ਰਹੀ ਹੈ। ਪ੍ਰਮੇਸ਼ੁਰ ਦੀ ਕਿਰਪਾ ਦੇ ਨਾਲ ਮੈਂ ਇਹਦੀ ਪਾਲਣਾ ਕੀਤੀ ਹੈ। ਜਦ ਮੈਂ ਪਾਪੀ ਸੀ ਮੈਂ ਔਰਤਾਂ ਦੇ ਨਾਲ ਨਹੀਂ ਘੁੰਮਦਾ ਹੁੰਦਾ ਸੀ।

368 ਪਰ ਕੋਈ ਵੀ ਆਦਮੀਂ ਜਿਹੜਾ ਆਪਣੀਆਂ ਬਾਹਾਂ ਵਿੱਚ ਕਿਸੇ ਔਰਤ ਨੂੰ ਜੱਫਾ ਪਾਉਣ ਦਿੰਦਾ ਹੈ ਅਤੇ ਕਿਉਂਕਿ ਉਹ ਨਰ ਸੈੱਲਾਂ ਨਾਲ ਬਣਿਆ ਹੈ, ਅਤੇ ਉਹ ਮਾਦਾ ਸੈੱਲਾਂ ਨਾਲ ਬਣੀ ਹੈ, ਇਸ ਲਈ ਇਸ ਪ੍ਰਕਿਰਿਆ ਨਾਲ ਇੱਕ ਭਾਵਨਾਂ ਹੁੰਦੀ ਹੈ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਕਿ ਤੁਸੀਂ ਕੌਣ ਹੋ, ਹੁਣ ਜੇ ਕਰ ਤੁਸੀਂ ਇੱਕ ਤੰਦਰੁਸਤ ਆਦਮੀਂ ਹੋ ਤਾਂ ਤੁਸੀਂ ਮੈਨੂੰ ਇਹ ਨਾ ਦੱਸੋ ਕਿ ਤੁਹਾਡੇ ਨਾਲ ਇਸ ਤਰ੍ਹਾਂ ਨਹੀਂ ਹੁੰਦਾ ਹੈ।

369 ਪ੍ਰੰਤੂ ਉੱਥੇ ਇਸ ਤਰ੍ਹਾਂ ਦੀ ਭਾਵਨਾ ਨਹੀਂ ਸੀ। ਕਿਉਂਕਿ ਉੱਥੇ ਤੁਹਾਡੇ ਵਿੱਚ ਇਸ ਤਰ੍ਹਾਂ ਦੇ ਸੈੱਲ ਬਿਲਕੁੱਲ ਨਹੀਂ ਹੁੰਦੇ ਹਨ। ਤੁਹਾਡੇ ਵਿੱਚ ਵੱਖ-ਵੱਖ ਤਰ੍ਹਾਂ ਦੇ ਸੈੱਲ ਨਹੀਂ ਹੁੰਦੇ ਹਨ। ਤੁਸੀਂ ਉਸ ਜਗ੍ਹਾ ਕਦੇ ਪਾਪ ਨਹੀਂ ਕਰੋਗੇ। ਉੱਥੇ ਇੱਕ ਤਬਦੀਲੀ ਸੀ। ਉੱਥੇ ਹੋਰ ਕੁਝ ਨਹੀਂ ਪ੍ਰੰਤੂ ਉਨ੍ਹਾਂ ਔਰਤਾਂ ਦੇ ਨਾਲ ਭਾਈਚਾਰੇ ਦਾ ਪਿਆਰ ਸੀ।

370 ਭਾਵੇਂ ਕਿਰਪਾ ਦੇ ਵਿੱਚ ਉਹਨਾਂ ਵੇਖਿਆ, ਮੈਂ ਸੋਚਦਾ ਹਾਂ ਕਿ ਇੱਕ ਭਲੀ ਔਰਤ -ਜੋ ਕਿ ਆਪਣੇ ਆਪ ਨੂੰ ਠੀਕ ਰੱਖਦੀ ਹੈ, ਅਤੇ ਚੰਗੀ ਇਸਤਰੀ ਵਾਂਗ ਚੱਲਦੀ ਹੈ, ਉਹ ਧਰਤੀ ਉੱਤੇ ਇੱਕ ਹੀਰੇ ਦੀ ਉਦਾਹਰਨ ਵਾਂਗ ਹੈ। ਜੋ ਕੋਈ ਵੀ ਕਿਰਪਾਮਈ (ਚੰਗਾ)ਹੈ ਮੈਨੂੰ ਪਸੰਦ ਹੈ। ਮੈਂ ਸੋਚਦਾ ਹਾਂ ਕਿ ਜਿਹੜੀ ਇਸਤਰੀ ਆਪਣੇ ਸਥਾਨ ਤੇ ਰਹਿੰਦੀ ਹੈ ਅਤੇ ਚੰਗੀ ਇਸਤਰੀ ਹੋਣ ਦਾ ਯਤਨ ਕਰਦੀ ਹੈ ਉਹ ਆਦਰਯੋਗ ਹੈ। ਮੈਂ ਇਸੇ ਤਰ੍ਹਾਂ ਹੀ ਯਕੀਨ ਕਰਦਾ ਹਾਂ। ਅਤੇ ਮੈਂ ਸੋਚਦਾ ਹਾਂ ਕਿ ਜਿਹੜੀ ਇਸਤਰੀ ਇਸ ਤਰ੍ਹਾਂ ਨਹੀਂ ਹੈ ਉਹ ਬਿਲਕੁੱਲ ਉਸੇ ਤਰ੍ਹਾਂ ਹੀ ਹੈ ਜਿਵੇਂ ਮਸੀਹ ਅਤੇ ਮਿਸੀਹ ਵਿਰੋਧੀ ਹੈ: ਬਿਲਕੁੱਲ ਉਹ ਹੀ ਚੀਜ਼ ਹੈ।

371 ਮੈਂ ਹਰ ਇੱਕ ਉਸ ਚੀਜ਼ ਨੂੰ ਪਸੰਦ ਕਰਦਾ ਹਾਂ ਜਿਹੜੀ ਕਿ ਕੁਦਰਤੀ ਹੈ। ਮੈਨੂੰ ਸੁੰਦਰ ਘੋੜਾ ਜਾਂ ਕੋਈ ਵੀ ਇਸ ਤਰ੍ਹਾਂ ਦੀ ਚੀਜ਼ ਚੰਗੀ ਲੱਗਦੀ ਹੈ, ਉਹ ਆਪਣੇ ਸੁੰਦਰ ਘੋੜੇ ਹੋਣ ਦੀ ਹਾਲਤ ਵਿੱਚ ਹੁਣ ਤੱਕ ਖਲੋਤਾ ਹੈ। ਜਾਂ ਕੋਈ ਵੀ ਉਹ ਚੀਜ਼, ਜਿਵੇਂ ਸੁੰਦਰ ਪਹਾੜ .ਸੁੰਦਰ ਔਰਤਾਂ, ਸੁੰਦਰ ਆਦਮੀਂ ਜਾਂ ਕੋਈ ਵੀ ਉਹ ਵਸਤੂ ਜਿਹੜੀ ਆਪਣੀ ਉਸੇ ਹਾਲਤ ਵਿੱਚ ਖੜੀ ਹੈ ਜਿਹੜੀ ਹਾਲਤ ਵਿੱਚ ਖੁਦਾ ਨੇ ਉਹਨੂੰ ਬਣਾਇਆ ਸੀ,ਮੈਂ ਹਮੇਸ਼ਾਂ ਹੀ ਉਸਦੀ ਪ੍ਰਸ਼ੰਸਾਂ ਕਰਦਾ ਹਾਂ।

358 ਸੋ ਮੈਂ ਘੁੰਮਿਆ, ਅਤੇ ਇਸ ਤਰ੍ਹਾਂ ਵਿਖਾਈ ਦਿੰਦਾ ਸੀ ਕਿ ਜਿਵੇਂ ਮੈਂ ਕਿਸੇ ਬਹੁਤ ਵੱਡੇ ਖੇਤ ਜਾਂ ਅਜਿਹੀ ਹੀ ਕਿਸੇ ਜਗ੍ਹਾ ਵਿੱਚ ਹਾਂ ਜਾਂ ਨੀਲੇ ਰੰਗ ਦੇ ਘਾਹ ਦੀ ਫੈਲੀ ਹੋਈ ਪੈਲੀ ਸੀ। ਅਤੇ ਮੈਂ ਕਿਹਾ, "ਬੜੀ ਹੈਰਾਨੀ ਦੀ ਗੱਲ ਹੈ ਕਿ ਇਹ ਕੀ ਹੈ। "

359 ਅਤੇ ਅਚਾਨਕ ਜਿਉਂ ਹੀ ਮੈਂ ਵੇਖਿਆ ਤਾਂ ਮੈਂ ਹਜਾਰਾਂ ਦੀ ਗਿਣਤੀ ਵਿੱਚ ਨੌਜਵਾਨ ਔਰਤਾਂ ਨੂੰ ਆਉਂਦੇ ਹੋਏ ਵੇਖਿਆ, ਉਹ ਸੱਭ ਚਿੱਟੇ ਵਸਤਰਾਂ ਵਿੱਚ ਸਨ ਅਤੇ ਉਨ੍ਹਾਂ ਦੇ ਵਾਲ ਕਮਰ ਤੱਕ ਲਟਕ ਰਹੇ ਸਨ,ਉਹ ਸੱਭ ਨੰਗੇ ਪੈਰੀਂ ਸਨ ਅਤੇ ਉਹ ਬਿਲਕੁੱਲ ਮੇਰੇ ਵੱਲ ਦੌੜਦੀਆਂ ਹੋਈਆਂ ਆ ਰਹੀਆਂ ਸਨ। ਮੈਂ ਸੋਚਿਆ, "ਹੁਣ ਇਹ ਕੀ ਹੈ?"

360 ਮੈਂ ਪਿੱਛੇ ਮੁੜਿਆ ਅਤੇ ਮੈਂ ਉੱਧਰ ਪਿੱਛੇ ਵੇਖਿਆ ਅਤੇ ਮੈਂ ਉੱਥੇ ਸੀ। ਮੈਂ ਇਸ ਪਾਸੇ ਵੱਲ ਵੇਖਿਆ ਤਾਂ ਮੈਂ ਉਹਨਾਂ ਨੂੰ ਆਉਂਦੇ ਹੋਏ ਵੇਖਿਆ। ਮੈਂ ਆਪਣੀ ਉਂਗਲੀ ਤੇ ਦੰਦੀ ਵੱਢੀ। ਮੈਂ ਸੋਚਿਆ, "ਮੈਂ ਅਸਲ ਵਿੱਚ ਸੁੱਤਾ ਹੋਇਆ ਨਹੀਂ ਹਾਂ। "ਪ੍ਰੰਤੂ ਮੈਂ ਮਹਿਸੂਸ ਕਰ ਸੱਕਦਾ ਸੀ। ਅਤੇ ਮੈਂ ਆਖਿਆ, "ਇੱਥੇ ਤਾਂ ਕੋਈ ਅਜੀਬ ਗੱਲ ਹੈ। "

361 ਅਤੇ ਇਹ ਸਾਰੀਆਂ ਔਰਤਾਂ ਦੌੜਦੀਆਂ ਹੋਈਆਂ ਆ ਰਹੀਆਂ ਸਨ। ਅਰ ਮੈਂ ਇੰਨੀਆਂ ਸੋਹਣੀਆਂ ਔਰਤਾਂ ਨੂੰ ਕਦੇ ਨਹੀਂ ਵੇਖਿਆ ਸੀ। ਅਤੇ ਉਹ ਸੱਭ ਮੇਰੇ ਵੱਲ ਨੂੰ ਦੌੜਦੀਆਂ ਹੋਈਆਂ ਆ ਰਹੀਆਂ ਸਨ। ਅਤੇ ਜਦ ਉਹ ਮੇਰੇ ਵੱਲ ਨੂੰ ਦੌੜਦੀਆਂ ਹੋਈਆਂ ਆਈਆਂ .........

362 ਤੁਸੀਂ ਜਾਣਦੇ ਹੋ ਕਿ ਮੈਂ ਕਿੱਦਾਂ ਦਾ ਰਿਹਾਂ ਹਾਂ ......ਲੋਕ ਮੈਨੂੰ ਔਰਤਾਂ ਨਾਲ ਨਫਰਤ ਕਰਨ ਵਾਲਾ ਕਹਿੰਦੇ ਹਨ ਪਰ ਮੈਂ ਨਹੀਂ ਹਾਂ। ਪਰ ਮੈਂ ਸੋਚਦਾ ਹਾਂ ਕਿ ਇੱਕ ਚੰਗੀ ਔਰਤ ਤਾਂ ਇੱਕ ਹੀਰਾ ਹੈ। ਪਰ ਮੈਂ ਸੋਚਦਾ ਹਾਂ ਕਿ ਉਹ ਔਰਤ ਜਿਹੜੀ ਭਲੀ ਨਹੀਂ ਹੈ ਉਹ ਉਸੇ ਤਰ੍ਹਾਂ ਦੀ ਹੈ ਜਿਵੇਂ ਸੁਲੇਮਾਨ ਆਖਦਾ ਹੈ, " ਉਹ ਤਾਂ ਹੱਡੀਆਂ ਦਾ ਸਾੜਾ ਹੈ। " ਇਸ ਲਈ ਇਹ ਪੱਕੀ ਗੱਲ ਹੈ ਕਿ ਬਦਨਾਮ ਜਾਂ ਹੁਸ਼ਿਆਰ ਔਰਤਾਂ ਲਈ ਮੈਂ ਕਿਸੇ ਕੰਮ ਦਾ ਨਹੀਂ ਹਾਂ।

363 ਅਤੇ ਇਹ ਸਾਰੀਆਂ ਔਰਤਾਂ ਮੇਰੇ ਵੱਲ ਆਉਂਦੀਆਂ ਹਨ। ਉਹ ਆਪਣੀਆਂ ਬਾਹਾਂ ਮੇਰੇ ਦੁਆਲੇ ਪਾਉਣਾ ਅਰੰਭ ਕਰ ਦਿੰਦੀਆਂ ਹਨ। ਹੁਣ ਇਹ ਤਾਂ ਬੜੀ ਅਨੋਖੀ ਗੱਲ ਹੈ। ਤੁਸੀਂ ਜਾਣਦੇ ਹੋ ਕਿ ਮੈਂ ਇਹ ਸਹਿਣ ਨਹੀਂ ਕਰ ਸੱਕਦਾ। ਅਤੇ ਉਹ ਸਨ .....ਮੈਂ ਤਾਂ ਇਹਨੂੰ ਇੱਕ ਅਜਿਹੇ ਢੰਗ ਨਾਲ ਆਖਾਂਗਾ, ਮੈਂ ਇਕ ਰਲੀ-ਮਿਲੀ ਭੀੜ ਵਿੱਚ ਖੜਾ ਹਾਂ। ਪਰ ਉਹ ਔਰਤਾਂ ਸਨ। ਉਹ ਔਰਤਾਂ ਸਨ ਅਤੇ ਉਹਨਾਂ ਵਿੱਚ ਹਰ ਇੱਕ ਨੇ ਮੈਨੂੰ ਜੱਫੀ ਪਾ ਲਈ ਅਤੇ ਆਖਿਆ, "ਸਾਡਾ ਬੇਸ਼ਕੀਮਤੀ ਭਾਈ। " ਅਤੇ ਇੱਕ ਮੇਰੇ ਨਾਲ ਗਲੇ ਮਿਲਦੀ ਅਤੇ ਫਿਰ ਦੂਜੀ ਮੇਰੇ ਨਾਲ ਗਲੇ ਮਿਲਦੀ।

364 ਅਤੇ ਮੈਂ ਉੱਥੇ ਖੜਾ ਵੇਖ ਰਿਹਾ ਸੀ। ਮੈਂ ਸੋਚਿਆ, "ਚੰਗਾ ਹੁਣ ਇਹ ਕੀ ਹੈ?" ਵੇਖਿਆ? ਅਤੇ ਉਹ ਉੱਥੇ ਖੜੇ ਸਨ। ਮੈਂ ਸੋਚਿਆ, " ਇਹ ਕੀ ਹੋਇਆ?" ਮੈਂ ਦੁਬਾਰਾ ਪਿਛਾਂਹ ਨੂੰ ਵੇਖਿਆ ਤਾਂ ਮੈਂ ਠੀਕ ਹੇਠਾਂ ਲੰਮਾ ਪਿਆ ਹੋਇਆ ਸੀ ਅਤੇ ਮੈਂ ਇੱਥੇ ਵੀ ਖੜਾ ਸੀ। ਮੈਂ ਸੋਚਿਆ, "ਹੁਣ ਇਹ ਤਾਂ ਬੜਾ ਹੀ ਅਜੀਬ ਹੈ। ਮੇਰੀ ਸਮਝ ਵਿੱਚ ਨਹੀਂ ਆਉਂਦਾ। "

365 ਅਤੇ ਉਹ ਔਰਤਾਂ ਉੱਚੀ ਅਵਾਜ਼ ਵਿੱਚ ਪੁਕਾਰ ਰਹੀਆਂ ਸਨ, " ਔਹ, ਸਾਡਾ ਬੇਸ਼ਕੀਮਤੀ ਭਾਈ, "ਅਤੇ ਮੇਰੇ ਨਾਲ ਗਲੇ ਮਿਲ ਰਹੀਆਂ ਸਨ। ਹੁਣ ਉਹ ਹਰ ਤਰ੍ਹਾਂ ਨਾਲ ਔਰਤਾਂ ਸਨ।



98 ਇਹ ਪਸ਼ੂ ਪਵਿੱਤਰ ਸ਼ਕਤੀ ਨੂੰ ਵੀ ਦਰਸਾਉਂਦੇ ਹਨ: ਜੰਤੂ। ਕੀ ਤੁਸੀਂ ਇਹ ਜਾਣਦੇ ਹੋ?

99 ਰਿਬਕਾਹ ਵੱਲ ਧਿਆਨ ਦਿਓ, ਜਦੋਂ ਅਬਰਾਹਾਮ ਦਾ ਸੇਵਾਦਾਰ ਅਲੀਅਜ਼ਰ, ਜਦ ਉਹ ਰਿਬਕਾਹ ਨੂੰ ਲੈਣ ਆਇਆ ਉਹ .....ਤਾਂ ਉਸਨੇ ਰਿਬਕਾਹ ਨੂੰ ਉਸੇ ਊਠ ਤੇ ਬਿਠਾਇਆ ਜਿਹਨੂੰ ਉਹਨੇ ਪਾਣੀ ਪਿਲਾਇਆ ਸੀ। ਅਤੇ ਉਹ ਉਸੇ ਊਠ ਤੇ ਸਵਾਰ ਹੋ ਕੇ ਆਪਣੇ ਲਾੜੇ ਨੂੰ ਜਿਹਨੂੰ ਉਸਨੇ ਵੇਖਿਆ ਨਹੀਂ ਸੀ ਮਿਲਣ ਲਈ ਚਲੀ ਗਈ। ਜਿਸ ਜੰਤੂ ਨੂੰ ਉਹਨੇ ਪਾਣੀ ਪਿਲਾਇਆ ਸੀ ਉਹ ਹੀ ਜੰਤੂ ਉਹਨੂੰ ਭਵਿੱਖ ਕਾਲ ਵਾਲੇ ਘਰ ਅਤੇ ਲਾੜੇ ਦੇ ਕੋਲ ਲੈ ਕੇ ਗਿਆ।

100 ਅਤੇ ਬਿਲਕੁੱਲ ਇਹ ਹੀ ਗੱਲ ਅੱਜ ਹੈ। ਅੱਜ ਕਲੀਸਿਯਾ ਜਿਸ ਚੀਜ਼ ਨੂੰ ਪਾਣੀ ਪਿਲਾ ਰਹੀ ਹੈ ਉਹ ਬੀਜ਼ ਹੈ, ਉਹ ਵਚਨ ਰੂਪੀ ਬੀਜ਼ ਹੈ। ਇਹ ਉਹ ਹੀ ਬੀਜ਼ ਹੈ ਜਿਹੜਾ ਜੀਉਂਦਾ ਹੋ ਜਾਂਦਾ ਹੈ ਅਤੇ ਸਾਨੂੰ ਸਾਡੇ ਅਣਡਿੱਠ ਲਾੜੇ ਦੇ ਕੋਲ ਲੈ ਜਾਂਦਾ ਹੈ। ਸਮਝੇ?......ਵੇਖਿਆ?

101 ਅਤੇ ਵੇਖੋ ਇਹ ਕੇਡੀ ਸਿੱਧ ਤਸਵੀਰ ਹੈ। ਜਦ ਰਿਬਕਾਹ ਇਸਹਾਕ ਨੂੰ ਵੇਖਦੀ ਹੈ ਇਸਹਾਕ ਘਰੋਂ ਬਾਹਰ ਪੈਲੀਆਂ ਦੇ ਵਿੱਚ ਸੀ।

102 ਅਤੇ ਕਲੀਸਿਯਾ ਮਸੀਹ ਦੇ ਨਾਲ ਹਵਾ ਵਿੱਚ ਮਿਲਦੀ ਹੈ ਅਤੇ ਫਿਰ ਉਹ ਉਹਨੂੰ ਵਾਪਿਸ ਘਰ--ਆਪਣੇ ਪਿਤਾ ਦੇ ਘਰ ਲੈ ਜਾਂਦਾ ਹੈ ਜਿੱਥੇ ਜਗ੍ਹਾ ਤਿਆਰ ਕੀਤੀ ਗਈ ਹੈ। ਇਸਹਾਕ ਰਿਬਕਾਹ ਨੂੰ ਇਸੇ ਤਰ੍ਹਾਂ ਹੀ ਲੈ ਕੇ ਗਿਆ।

103 ਅਤੇ ਧਿਆਨ ਦਿਓ ਕਿ ਇਹ ਪਹਿਲੀ ਨਜ਼ਰ ਵਿੱਚ ਹੀ ਪਿਆਰ ਹੋ ਜਾਣਾ ਸੀ। ਜੀ ਹਾਂ। ਹੇ ਮੇਰੇ ਖੁਦਾ !ਉਹ ਤਾਂ ਬਸ ਉਹਨੂੰ ਮਿਲਣ ਨੂੰ ਦੌੜੀ।

104 ਅਤੇ ਇਸੇ ਤਰ੍ਹਾਂ ਹੀ ਕਲੀਸਿਯਾ ਮਸੀਹ ਨਾਲ ਹਵਾ ਵਿੱਚ ਮਿਲੇਗੀ ਅਤੇ ਹਮੇਸ਼ਾ ਉਸਦੇ ਨਾਲ ਰਹੇਗੀ।

105 ਹੁਣ ਬਾਈਬਲ ਦੀ ਸ਼ਬਦਾਵਲੀ ਦੇ ਅਨੁਸਾਰ ਇਹ ਪਸ਼ੂ (ਜੰਤੂ) ਤਾਂ ਸ਼ਕਤੀਆਂ ਹਨ। ਧਿਆਨ ਦਿਓ। ਹੁਣ ਮੈਂ ਚਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ।

106 ਸ਼ੈਤਾਨ ਦੇ ਕੋਲ ਚਾਰ ਰੰਗ ਬਦਲਣ ਵਾਲੇ ਜੰਤੂ ਸਨ ਜਿਹਨਾਂ ਤੇ ਸਵਾਰ ਹੋ ਕੇ ਉਹ ਬਾਹਰ ਨਿੱਕਲਦਾ ਹੈ ਅਤੇ ਅਗਾਂਹ ਵੱਧਦਾ ਹੈ। ਉਸਦੇ ਕੋਲ ਚਾਰ ਪਸ਼ੂ ਸਨ। ਅਤੇ ਉਹਨਾਂ ਵਿੱਚੋਂ ਤਿੰਨ ਪਸ਼ੂਆਂ ਨੇ, ਚਿੱਟੇ ਘੋੜੇ ਨੇ, ਲਾਲ ਘੋੜੇ ਨੇ ਅਤੇ ਕਾਲੇ ਘੋੜੇ ਨੇ ਆਪਣੇ-ਆਪਣੇ ਰੰਗਾਂ ਨੂੰ ਇੱਕ ਵਿੱਚ ਪਾ ਕੇ ਪੀਲਾ(ਜ਼ਰਦ) ਘੋੜਾ ਬਣਾਇਆ ਸੀ। ਅਤੇ ਅਸੀਂ ਇਹ ਵੇਖ ਚੁੱਕੇ ਹਾਂ ਕਿ ਉਹਨਾਂ ਵਿੱਚੋਂ ਹਰ ਇੱਕ ਘੋੜਾ ਉਸਦੀ ਸੇਵਕਾਈ ਦਾ ਪੜਾਅ ਸੀ -ਇਹ ਸ਼ੁਰੂ ਦੀ ਕਲੀਸਿਯਾ ਦੀ ਹਾਲਤ ਸੀ ਜੋ ਨੀਸੀਆ ਸਭਾ ਵਿੱਚ ਜੱਥੇਬੰਦੀ ਬਣ ਗਈ ਸੀ। ਮੁੱਢਲੀ ਪੈਂਟੀਕਾਸਟਲ ਕਲੀਸਿਯਾ ਨੇ ਜਿਹਦੇ ਉੱਤੇ ਪਾਕ ਰੂਹ ਉਡੇਲਿਆ ਗਿਆ ਸੀ, ਮਸੀਹ ਵਿਰੋਧੀ ਦਾ ਆਤਮਾ ਕਬੂਲ ਕਰ ਲਿਆ ਅਤੇ ਉਹ ਪਤਨ ਵੱਲ ਨੂੰ ਵਧ ਗਈ ਅਤੇ ਉਹਨੇ ਇੱਕ ਜੱਥੇਬੰਦੀ ਬਣਾ ਲਈ ਅਤੇ ਉਸਨੇ ਜੱਥੇਬੰਦੀ ਦੀਆਂ ਕੁਝ ਧੀਆਂ ਨੂੰ ਜਨਮ ਦਿੱਤਾ। ਸ਼ੈਤਾਨ ਨੇ ਆਪਣੀਆਂ ਸ਼ਕਤੀਆਂ ਨੂੰ ਤਿੰਨ ਵਾਰ ਬਦਲਿਆ ਅਤੇ ਫਿਰ ਉਹਨਾਂ ਨੂੰ ਇੱਕ ਵਿੱਚ ਹੀ ਪਾ ਦਿੱਤਾ ਅਤੇ ਜ਼ਰਦ ਘੋੜਾ ਬਣਾਇਆ। ਅਤੇ

ਤਦ ਉਹਨੂੰ ਇੱਕ ਨਾਮ ਦਿੱਤਾ ਗਿਆ ਜੋ ਕਿ ਮੌਤ ਸਦਾਉਂਦਾ ਹੈ ਅਤੇ ਉਹ ਜ਼ਰਦ ਘੋੜਾ ਸਵਾਰੀ ਕਰਦਾ ਹੋਇਆ ਸਦੀਪਕਤਾ ਵਿੱਚ ਚਲਾ ਗਿਆ। ਇਹ ਗੱਲ ਏਨੀ ਹੀ ਸਪੱਸ਼ਟ ਤੇ ਸਰਲ ਹੈ ਜਿੰਨੀ ਹੋ ਸੱਕਦੀ ਹੈ। ਹੁਣ ਧਿਆਨ ਦਿਓ, ਉਸਨੂੰ ਇਹ ਘੋੜਾ ਦਿੱਤਾ ਗਿਆ ਹੈ ਅਤੇ ਉਹ ਉਸ ਤੇ ਸਵਾਰ ਹੈ।

ਪ੍ਰਮੇਸ਼ੁਰ ਦੇ ਕੋਲ ਵੀ ਹਰ ਵਾਰ .........

107 ਹੁਣ ਧਿਆਨ ਦਿਓ ਕਿ ਜਦ ਮਸੀਹ ਵਿਰੋਧੀ ਸੱਭ ਤੋਂ ਪਹਿਲਾਂ ਪ੍ਰਗਟ ਹੋਇਆ ਸੀ ਤਾਂ ਉਹ ਕਿਸ ਵਿੱਚ ਪ੍ਰਗਟ ਹੋਇਆ ਸੀ? ਚਿੱਟੇ ਘੋੜੇ ਵਿੱਚ, ਵੇਖੋ ਉਹ ਜਿੰਨਾ ਵੀ ਮਸੂਮ ਹੋ ਸੱਕਦਾ ਸੀ ਉਹ ਬਣਿਆ ਉਹ ਸਿਰਫ ਇੱਕ ਸਿੱਖਿਆ ਦੇ ਰੂਪ ਵਿੱਚ ਸੰਗਤੀ ਵਿੱਚ ਵੜਿਆ। ਉਹ ਸੰਗਤੀ ਚਹੁੰਦੇ ਸਨ। -ਪ੍ਰੰਤੂ ਉਹ ਆਪਣੀ ਸੰਗਤੀ ਨੂੰ ਮਸੀਹ ਵਿੱਚ ਕਾਇਮ ਨਾ ਰੱਖ ਸਕੇ ਸਨ ਕਿਉਂਕਿ ਉਹ ਹੋ ਜਾਣਾ ਚਾਹੁੰਦੇ ਸਨ ........

108 ਠੀਕ ਹੈ ਤੁਸੀਂ ਜਾਣਦੇ ਹੋ ਕਿ ਕਲੀਸਿਯਾ ਵਿੱਚ ਛੋਟੇ-ਛੋਟੇ ਗਰੁੱਪ ਖੜੇ ਹੋ ਜਾਂਦੇ ਹਨ। ਤੁਸੀਂ ਸੇਵਾਦਾਰ ਭਾਈ ਇਹ ਗੱਲ ਜਾਣਦੇ ਹੋ। ਸਮਝੇ? ਅਤੇ ਇਹ ਗਰੁੱਪ ਉਸ ਕਹਾਵਤ ਦੇ ਵਾਂਗ ਹੁੰਦੇ ਹਨ ਕਿ "ਇੱਕ ਤਰ੍ਹਾਂ ਦੇ ਖੰਭਾਂ ਵਾਲੀਆਂ ਚਿੜੀਆਂ ....." ਪ੍ਰੰਤੂ ਭਾਈ ਜੀ ਜੇ ਤੁਸੀਂ ਨਵੇਂ ਸਿਰੇ ਤੋਂ ਜਨਮ ਲਿਆ ਹੋਇਆ ਹੈ ਤਾਂ ਤੁਸੀਂ ਇਸ ਤਰ੍ਹਾਂ ਦੇ ਵਤੀਰੇ ਨੂੰ ਨਹੀਂ ਅਪਨਾਉਂਦੇ ਹੋ ਕਿ ਤੁਸੀਂ ਗਰੁੱਪ ਆਦਿ ਬਣਾਓ। ਨਹੀਂ ਹੁਣ, ਅਸੀਂ ...........

109 ਜੇ ਅਸੀਂ ਆਪਣੇ ਕਿਸੇ ਭਾਈ ਵਿੱਚ ਗਲਤੀ ਵੇਖਦੇ ਹਾਂ ਤਾਂ ਆਓ ਬਸ ਉਸਦੇ ਲਈ ਦੁਆ ਕਰੀਏ ਅਤੇ ਖੁਦਾ ਦੇ ਸਾਹਮਣੇ ਰੱਖ ਦੇਈਏ ਅਤੇ ਉਸ ਆਦਮੀ ਦੇ ਨਾਲ ਪਿਆਰ ਕਰੀਏ ਜਦ ਤੱਕ ਕਿ ਅਸੀਂ ਉਸ ਆਦਮੀਂ ਨੂੰ ਠੀਕ ਖੁਦਾ ਦੀ ਹਜ਼ੂਰੀ ਵਿੱਚ ਨਾ ਲੈ ਆਈਏ।

110 ਤੁਸੀਂ ਜਾਣਦੇ ਹੋ ਕਿ ਯਿਸੂ ਨੇ ਕਿਹਾ ਸੀ, "ਉੱਥੇ ਜੰਗਲੀ ਦਾਣੇ ਵੀ ਹੋਣਗੇ " ਅਤੇ ਕਿਉਂਕਿ ਪ੍ਰਭੂ ਯਿਸੂ ਨੇ ਕਿਹਾ ਇਸ ਲਈ ਉਹ ਜਰੂਰ ਹੀ ਉਸ ਵਿੱਚ ਹੋਣਗੇ ਪ੍ਰੰਤੂ ਉਸਨੇ ਇਹ ਵੀ ਆਖਿਆ ਸੀ "ਉਹਨਾਂ ਨੂੰ ਨਾ ਪੁੱਟੋ " ਬਸ ਉਹਨਾਂ ਨੂੰ ਇਕੱਲੇ ਛੱਡ ਦਿਓ। " ਉਹ ਕਰੇਗਾ .......ਕਿਉਂਕਿ ਕਿਤੇ ਅਜਿਹਾ ਨਾ ਹੋਵੇ ਕਿ ਤੁਸੀਂ ਉਸਦੇ ਨਾਲ ਕਣਕ ਨੂੰ ਵੀ ਪੁੱਟ ਲਓ ਇਹਨਾਂ ਦੋਹਾਂ ਨੂੰ ਇਕੱਠੇ ਹੀ ਵਧਣ ਦਿਓ। ਜਦ ਸਮਾਂ ਆਵੇਗਾ ਤਾਂ ਉਹ ਹੀ ਉਹਨਾਂ ਨੂੰ ਅਲੱਗ ਕਰੇਗਾ। ਸਮਝੇ? ਉਹਨਾਂ ਨੂੰ ਇਕੱਠੇ ਹੀ ਵਧਣ ਦਿਓ।

111 ਧਿਆਨ ਦਿਓ ਕਿ ਜਦ ਕਿ ਜੰਤੂ ਬਾਹਰ ਆਉਂਦਾ ਹੈ-ਜਦ ਮਸੀਹ ਵਿਰੋਧੀ ਬਾਹਰ ਨਿੱਕਲਿਆ ਤਾਂ ਉਹ ਇੱਕ ਪਸ਼ੂ ਤੇ ਸਵਾਰ ਸੀ ਉਹ ਆਪਣੀ ਸ਼ਕਤੀ ਉੱਤੇ ਸਵਾਰ ਹੋ ਕੇ ਨਿੱਕਲਿਆ।

112 ਆਹ, ਮੈਂ ਇਸ ਗੱਲ ਨੂੰ ਬਹੁਤ ਪਸੰਦ ਕਰਦਾ ਹਾਂ। ਠੀਕ ਇਸ ਸਮੇਂ ਮੈਨੂੰ ਧਾਰਮਿਕ ਹੋਣ ਦਾ ਅਹਿਸਾਸ ਮਹਿਸੂਸ ਹੋ ਰਿਹਾ ਹੈ ਹੋ ਸੱਕਦਾ ਹੈ ਕਿ ਇਹ ਇੱਕ ਪ੍ਰੇਰਣਾ ਹੋਵੇ। ਧਿਆਨ ਦਿਓ ਕਿ ਜਦ ਮਸੀਹ ਵਿਰੋਧੀ .....ਔਹ, ਉੱਥੇ ਕਮਰੇ ਵਿੱਚ ਇਹ ਪ੍ਰਕਾਸ਼ ਅੱਗ ਦੇ ਗੋਲੇ ਦੀ



ਤਾਂ ਉਹ ਇੱਕ ਛੋਟਾ ਜਿਹਾ ਬੱਦਲ ਹੋਵੇਗਾ ਜੋ ਇੱਥੇ ਜਾਂ ਉੱਥੇ ਉੱਡ ਰਿਹਾ ਹੋਵੇਗਾ। ਅਰ ਕਿਉਂਕਿ ਉਹ ਬੋਲ ਨਹੀਂ ਸੱਕਦੇ ਹੋਣਗੇ ਇਸ ਲਈ ਉਹ ਕਿਸੇ ਹੋਰ ਚੇਤਨਾ ਦੁਆਰਾ ਕਹਿਣਗੇ, "ਹੈਲੋ ਭਾਈ ਬ੍ਰਾਨਹਾਮ, " ਮੈਂ ਬਸ ਇਹ ਜਾਣਦਾ ਹੋਵਾਂਗਾ ਕਿ ਇਹ ਭਾਈ ਨੇਵਿਲ ਹੈ। ਹਾਂ ਜੀ, ਮੈਂ ਉਸਦੇ ਨਾਲ ਉਸੇ ਤਰ੍ਹਾਂ ਹੀ ਹੱਥ ਮਿਲਾਉਣਾ ਚਾਹਾਂਗਾ ਜਿਵੇਂ ਮੈਂ ਇੱਥੇ ਹਮੇਸ਼ਾਂ ਹੀ ਉਹਨਾਂ ਨਾਲ ਹੱਥ ਮਿਲਾਉਂਦਾ ਹਾਂ। ਕਿਉਂਕਿ ਮੈਂ ਇੱਕ ਮਨੁੱਖ ਹੀ ਹਾਂ ਇਸ ਲਈ ਮੈਂ ਇਹ ਸੱਭ ਕੁਝ ਸੋਚਦਾ ਸੀ। ਵੇਖੋ ਮੈਂ ਉਸਦੇ ਨਾਲ ਹੱਥ ਮਿਲਾਉਣਾ ਚਾਹਾਂਗਾ ਪ੍ਰੰਤੂ ਉਸਦਾ ਕੋਈ ਹੱਥ ਨਹੀਂ ਹੋਵੇਗਾ। ਉਹ ਤਾਂ ਥੱਲੇ ਉੱਥੇ ਕਬਰ ਵਿੱਚ ਸੜ-ਗਲ ਗਿਆ ਹੋਵੇਗਾ। ਸਮਝੇ?ਮੈਂ ਇਸੇ ਤਰ੍ਹਾਂ ਹੀ ਸੋਚਦਾ ਸੀ।

352 ਮੈਂ ਸੋਚਿਆ, " ਮੈਨੂੰ ਆਸ ਹੈ ਕਿ ਮੈਨੂੰ ਉਹਦੇ ਥਾਣੀ ਹੋ ਕੇ ਨਹੀਂ ਲੰਘਣਾ ਪਵੇਗਾ। " ਹੁਣ ਮੈਂ ਸੀ .....ਹੁਣ ਮੈਂ ਤੁਹਾਨੂੰ ਸੱਚਾਈ ਦੱਸਣ ਜਾ ਰਿਹਾ ਹਾਂ। ਮੈਂ ਮਰਨ ਤੋਂ ਡਰਦਾ ਸਾਂ, ਮੈਂ ਮਰਨ ਤੋਂ ਇਸ ਲਈ ਨਹੀਂ ਡਰਦਾ ਸੀ ਕਿ ਮੈਂ ਨਾਸ਼ ਹੋ ਜਾਵਾਂਗਾ ਪ੍ਰੰਤੂ ਮੈਂ ਆਤਮਾ ਨਹੀਂ ਬਣਨਾ ਚਾਹੁੰਦਾ ਸਾਂ। ਮੈਂ ਤਾਂ ਮਨੁੱਖ ਹੀ ਰਹਿਣਾ ਚਾਹੁੰਦਾ ਸੀ। ਮੈਂ ਤਾਂ ਸੁਰਗ ਤੇ ਉਠਾਏ ਜਾਣ ਲਈ ਉਡੀਕ ਕਰਦੇ ਰਹਿਣਾ ਚਾਹੁੰਦਾ ਸੀ। ਮੈਂ ਬਸ ਇਸੇ ਤਰ੍ਹਾਂ ਹੀ ਰਹਿਣਾ ਚਾਹੁੰਦਾ ਸੀ। ਮੈਂ ਆਤਮਾ ਬਣ ਕੇ ਇੱਧਰ-ਉੱਧਰ ਨਹੀਂ ਜਾਣਾ ਚਾਹੁੰਦਾ ਸੀ। ਮੈਂ ਉੱਥੇ ਲੰਮਾ ਪਿਆ ਇਸ ਤਰ੍ਹਾਂ ਦੀਆਂ ਗੱਲਾਂ ਸੋਚ ਰਿਹਾ ਸੀ।

353 ਅਤੇ ਇੱਕ ਦਮ ਉੱਥੇ ਕੁਝ ਵਾਪਰਿਆ। [ਭਾਈ ਬ੍ਰਾਨਹਾਮ ਇੱਕ ਵਾਰ ਆਪਣੀ ਉਂਗਲੀ ਨਾਲ ਚੁਟਕੀ ਵਜਾਉਂਦੇ ਹਨ-ਸੰਪਾ]

354 ਹੁਣ ਤੁਸੀਂ ਦਰਸ਼ਨਾਂ ਦੇ ਵਾਰੇ ਵਿੱਚ ਚੰਗੀ ਤਰ੍ਹਾਂ ਜਾਣਦੇ ਹੋ। ਅਤੇ ਜੇ ਇਹ ਇੱਕ ਦਰਸ਼ਨ ਸੀ ਤਾਂ ਮੈਂ ਇਸ ਤਰ੍ਹਾਂ ਦਾ ਦਰਸ਼ਨ ਕਦੇ ਨਹੀਂ ਵੇਖਿਆ ਸੀ। ਅਤੇ ਜਦ ਤੋਂ ਮੈਂ ਛੋਟਾ ਬੱਚਾ ਹੀ ਸਾਂ ਮੈਂ ਦਰਸ਼ਨ ਵੇਖਦਾ ਆ ਰਿਹਾ ਹਾਂ।

355 ਅਤੇ ਅਚਾਨਕ ਕੁਝ ਵਾਪਰਿਆ। ਅਤੇ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੀ ਦੇਹ ਛੱਡ ਰਿਹਾ ਹਾਂ। ਮੈਂ ਸੋਚਿਆ ਕਿ,"ਊਂ-ਊਂ। ਅਤੇ ਮੈਂ-ਮੈਂ ਸੋਚਿਆ, ਮੈਂ ਤਾਂ ਪਹਿਲਾਂ ਹੀ ਮਰ ਗਿਆ ਹਾਂ ਅਤੇ ਜਾ ਚੁੱਕਾ ਹਾਂ। " ਸਮਝੇ?

356 ਅਤੇ ਮੈਂ ਇੱਕ ਅਜਿਹੀ ਹਾਲਤ ਵਿੱਚ ਆ ਪਹੁੰਚਿਆ, "ਅਤੇ ਮੈਂ ਸੋਚਿਆ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਮੈਂ ਪਿੱਛੇ ਵੇਖਾਂਗਾ। " ਮਿੱਤਰੋ ਇਹ ਉਸੇ ਤਰ੍ਹਾਂ ਹੀ ਅਸਲੀ ਹੈ ਜਿਵੇਂ ਕਿ ਮੇਰਾ ਇੱਥੇ ਖੜੇ ਹੋਣਾ ਅਸਲੀ ਹੈ। ਸਮਝੇ? ਅਤੇ ਮੈਂ ਵੇਖਣ ਲਈ ਪਿੱਛੇ ਮੁੜਿਆ। ਅਤੇ ਮੈਂ ਉੱਥੇ ਪਲੰਘ ਤੇ ਲੰਮਾ ਪਿਆ ਹੋਇਆ ਸੀ। ਅਤੇ ਮੈਂ ਉੱਥੇ ਆਪਣੀ ਪਤਨੀ ਦੇ ਲਾਗੇ ਲੰਮਾ ਪਿਆ ਹੋਇਆ ਸੀ।

357 ਮੈਂ ਸੋਚਿਆ, " ਚੰਗਾ, ਸ਼ਾਇਦ ਇਹ ਮੈਨੂੰ ਦਿਲ ਦਾ ਦੌਰਾ ਪਿਆ ਹੈ ਜੋ ਮੈਂ ਇੰਨੀ ਛੇਤੀ ਮਰ ਗਿਆ ਹਾਂ। " ਸਮਝੇ ? ਮੈਂ ਸੋਚਿਆ ਕਿ ਇਸ ਤਰ੍ਹਾਂ ਮਰਨਾ ਕਿੰਨਾ ਵਧੀਆ ਹੋਵੇਗਾ। ਇਸ ਲਈ ਮੈਂ ਸੋਚਿਆ, " ਇਹ ਦਿਲ ਦਾ ਦੌਰਾ ਹੀ ਪਿਆ ਹੈ। ਮੈਨੂੰ ਕੋਈ ਦੁੱਖ ਵੀ ਨਹੀਂ ਝੱਲਣਾ ਪਿਆ। " ਮੈਂ ਵੇਖਿਆ ਅਤੇ ਮੈਂ ਸੋਚਿਆ, "ਅੱਛਾ ਇਹ ਤਾਂ ਬੜੀ ਅਜੀਬ ਗੱਲ ਹੈ। ਚੰਗਾ ਉੱਥੇ ਤਾਂ ਮੈਂ ਲੰਮਾ ਪਿਆ ਹੋਇਆ ਹਾਂ ਅਤੇ ਮੈਂ ਇੱਥੇ ਵੀ ਖੜਾ ਹਾਂ। "

ਹਾਂ। ਕੀ ਤੁਸੀਂ ਇਹ ਸੁਣਨ ਲਈ ਰੁਕ ਸੱਕਦੇ ਹੋ?[ਸੰਗਤ ਆਖਦੀ ਹੈ,"ਤੁਸੀਂ ਜਾਰੀ ਰੱਖੋ। "-ਸੰਪਾ]ਮੈਂ ਜਾਣਦਾ ਹਾਂ ਕਿ ਗਰਮੀਂ ਹੈ ਅਤੇ ਮੈਨੂੰ ਪਸੀਨਾ ਆ ਰਿਹਾ ਹੈ।

346 ਪਰ ਸੁਣੋ, ਮੇਰੇ ਕੋਲ ਤੁਹਾਨੂੰ ਦੱਸਣ ਲਈ ਕੁਝ ਹੈ। ਅਤੇ ਇਹ ਏਡੀ ਵਧੀਆ ਗੱਲ ਹੈ ਕਿ ਇਹ ਮੇਰੇ ਦਿਲ ਵਿੱਚ ਬਲ ਰਹੀ ਹੈ। ਮੈਨੂੰ ਆਸ ਹੈ ਕਿ ਤੁਸੀਂ ਇਹਨੂੰ ਭੁੱਲੇ ਨਹੀਂ ਹੋ। ਸਮਝੇ? ਇਹ ਗੱਲ ਮੈਨੂੰ ਉਸਦੀ ਹਜ਼ੂਰੀ ਵਿੱਚ ਆਖਣ ਦਿਓ। ਜਿਆਦਾ ਦਿਨ ਨਹੀਂ ਹੋਏ ਜਦ ਉਸਨੇ ਮੈਨੂੰ ਆਪਣੀ ਕਿਰਪਾ ਦੇ ਰਾਹੀਂ ਮੇਰੇ ਆਪਣੇ ਲੋਕ ਵੀ ਚਿੱਟੇ ਵਸਤਰਾਂ ਵਿੱਚ ਵੇਖ ਲੈਣ ਦਿੱਤੇ ਸਨ। ਕੀ ਤੁਹਾਨੂੰ ਇਹ ਯਾਦ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ] ਕੀ ਤੁਹਾਨੂੰ ਯਾਦ ਹੈ ਕਿ ਮੈਂ ਇਸ ਗੱਲ ਨੂੰ ਥੋੜੇ ਦਿਨ ਪਹਿਲਾਂ ਹੀ ਦੱਸਿਆ ਹੈ? ["ਆਮੀਨ। "] ਪਰਾਈਆਂ ਕੌਮਾਂ ਦੀ ਲਾੜੀ-ਉਹ ਹੁਣ ਉੱਥੇ ਹਨ। ਉਹਨਾਂ ਸਾਰਿਆਂ ਨੇ ਚਿੱਟੇ ਕੱਪੜੇ ਪਾਏ ਹੋਏ ਹਨ।

347 ਮੈਂ ਜਾਗ ਪਿਆ ਸਾਂ। ਮੈਂ ਇੱਕ ਸਭਾ ਵਿੱਚ ਸੀ। ਇਹ ਇੱਕ ਸਾਲ ਜਾਂ ਇਸ ਤੋਂ ਥੋੜਾ ਪਹਿਲਾਂ ਦੀ ਗੱਲ ਹੈ। ਮੈਂ ਇੱਕ ਸਵੇਰ ਜਾਗ ਚੁੱਕਾ ਸੀ ਅਤੇ ਮੈਂ ਉੱਠਿਆ। ਅਤੇ ਮੈਂ ਆਪਣੀ ਪਤਨੀ ਨੂੰ ਆਖਿਆ, "ਪਿਆਰੀਏ?" ਉਹ ਸੁੱਤੀ ਹੀ ਰਹੀ। ਉਹ ਜਰਾ ਵੀ ਨਾ ਹਿੱਲੀ। ਬੱਚਿਆਂ ਦੇ ਬਾਰੇ ਵਿੱਚ .......ਮੈਂ ਉਨ੍ਹਾਂ ਨੂੰ ਉਠਾ ਕੇ ਤੇ ਇੱਥੇ ਇੱਕ ਪੁਰਾਣੀ ਜਗ੍ਹਾ ਦੇ ਇੱਕ ਸਕੂਲ ਵਿੱਚ ਲੈ ਕੇ ਜਾਣਾ ਸੀ। ਤੁਸੀਂ ਜਾਣਦੇ ਹੋ ਮੈਂ ਢਾਸਣਾ ਲਗਾਇਆ ........ਮੈਂ ਬੈਠਿਆ ਅਤੇ ਆਪਣੇ ਪਲੰਘ ਦੇ ਸਿਰਹਾਣੇ ਦਾ ਸਹਾਰਾ ਲੈ ਕੇ ਢੋਅ ਲਗਾ ਲਈ। (ਸਾਡੇ ਕੋਲ ਇੱਕ ਪੁਰਾਣੇ ਢੰਗ ਦਾ ਪਲੰਘ ਹੈ)ਮੈਂ ਬਸ ਉਸ ਤੇ ਇਸ ਤਰ੍ਹਾਂ ਸਹਾਰਾ ਲੈ ਕੇ ਬੈਠ ਗਿਆ।

348 ਅਤੇ ਮੈਂ ਸੋਚਿਆ, "ਮੁੰਡਿਆ ਤੂੰ ਤਾਂ ਪਹਿਲਾ ਹੀ ਤਰਵੰਜਾ ਸਾਲ ਦਾ ਹੋ ਚੁੱਕਿਆ ਹੈਂ। ਜੇ ਤੂੰ ਖੁਦਾ ਲਈ ਕੁਝ ਕਰਨਾ ਚਾਹੁੰਦਾ ਹੈਂ ਤਾਂ ਚੰਗਾ ਇਹ ਹੀ ਹੋਵੇਗਾ ਕਿ ਤੂੰ ਉਸਨੂੰ ਹੁਣੇ ਹੀ ਕਰੇਂ ਕਿਉਂਕਿ ਫਿਰ ਤੂੰ ਬਹੁਤ ਬੁੱਢਾ ਹੋ ਜਾਵੇਂਗਾ। "

349 ਅਤੇ ਮੈਂ ਸੋਚਿਆ, "ਤੁਸੀਂ ਜਾਣਦੇ ਹੋ ਕਿ ਇਹ ਸਹੀ ਗੱਲ ਹੈ। " ਮੈਂ ਸੋਚਿਆ, "ਲੜਕੇ ਤੂੰ ਜਾਣਦਾ ਹੈਂ ਕਿ ਤੂੰ ਜਿਆਦਾ ਦੂਰ ਨਹੀਂ ਹੈਂ, ਮੈਂ ਜਿਆਦਾ ਦੂਰ ਨਹੀਂ ਹਾਂ। ਮੈਂ ਬਹੁਤ ਹੀ ਛੇਤੀ ਚਲੇ ਜਾਣਾ ਹੈ। ਮੇਰੀ ਉਮਰ ਹੁਣ ਉਸ ਤੋਂ ਇੱਕ ਸਾਲ ਵੱਧ ਹੋ ਗਈ ਹੈ ਜਿੰਨੀ ਦੇਰ ਮੇਰੇ ਪਿਤਾ ਜੀ ਜੀਉਂਦੇ ਰਹੇ ਸਨ। " ਸਮਝੇ? ਮੈਂ ਸੋਚਿਆ, "ਮੈਂ ਬਹੁਤ ਜਲਦੀ ਹੀ ਚਲਾ ਜਾਣਾ ਹੈ। ਮੈਂ ਇਹਨੂੰ ਵੇਖਦਾ ਹਾਂ। ਅਤੇ ਮੈਂ ਇੱਥੇ ਹਾਲੇ ਤੱਕ ਪ੍ਰਮੇਸ਼ੁਰ ਲਈ ਕੁਝ ਨਹੀਂ ਕੀਤਾ ਹੈ। "ਮੈਂ ਸੋਚਿਆ, " ਮੈਂ ਹਮੇਸ਼ਾਂ ਹੀ ਖੁਦਾ ਲਈ ਕੁਝ ਕਰਨਾ ਚਾਹਿਆ ਹੈ। ਜੇ ਮੈਂ ਖੁਦਾ ਲਈ ਕੁਝ ਕਰਨਾ ਚਾਹੁੰਦਾ ਹਾਂ ਤਾਂ ਮੈਨੂੰ ਉਹ ਕਰਨ ਲਈ ਜਲਦੀ ਕਰਨੀ ਪਵੇਗੀ। ਅਤੇ ਮੈਂ ਨਹੀਂ ਜਾਣਦਾ ਹਾਂ ਕਿ ਮੈਂ ਇਸਨੂੰ ਕਿਵੇਂ ਕਰਨ ਜਾ ਰਿਹਾ ਹਾਂ। "

350 ਮੈਂ ਸੋਚਿਆ, " ਮਨੁੱਖਾ ਮੇਰੀ ਆਸ ਸੀ ਕਿ ਮੈਂ ਉਹਨੂੰ ਆਉਂਦੇ ਹੋਏ ਵੇਖਾਂਗਾ। ਮੈਂ ਭੂਤ ਜਾਂ ਆਤਮਾ ਨਹੀਂ ਬਣਨਾ ਚਾਹੁੰਦਾ ਹਾਂ। "

351 ਵੇਖੋ, ਮੈਂ ਭੂਤ ਤੋਂ ਹਮੇਸ਼ਾਂ ਹੀ ਡਰਦਾ ਸੀ। ਅਤੇ ਹੁਣ ਤੁਸੀਂ ਜਾਣਦੇ ਹੋ, ਉਸ ਕਿਸਮ ਦਾ ......ਮੈਂ ਹਮੇਸ਼ਾਂ ਹੀ ਇਸ ਤਰ੍ਹਾਂ ਸੋਚਦਾ ਹੁੰਦਾ ਸੀ ਕਿ ਜੇ ਮੈਂ ਭਾਈ ਨੇਵਿਲ ਨਾਲ ਮਿਲਣਾ ਚਾਹਾਂਗਾ



ਹਜ਼ੂਰੀ ਵਿੱਚ ਆ ਰਹੇ ਸਨ। ਆਹ ਭਾਈ ਜਦਕਿ ਮੈਂ ਇਹਨੂੰ ਉਸ ਵੇਲੇ ਤੋਂ ਵੇਖ ਰਿਹਾ ਹਾਂ ਜਦ ਮੈਂ ਇੱਕ ਛੋਟਾ ਜਿਹਾ ਬੱਚਾ ਹੀ ਸਾਂ ਪ੍ਰੰਤੂ ਫਿਰ ਵੀ ਹਰ ਵਾਰ ਜਦ ਕਦੇ ਇਹ ਮੇਰੇ ਕੋਲ ਆਉਂਦਾ ਹੈ ਤਾਂ ਮੈਨੂੰ ਇਹ ਸਾਵਧਾਨ ਕਰਦਾ ਹੈ। ਇਹ ਤਾਂ ਮੈਨੂੰ ਬੇਹੋਸ਼ੀ ਦੀ ਹਾਲਤ ਵਿੱਚ ਲੈ ਆਉਂਦਾ ਹੈ। ਤੁਹਾਨੂੰ ਕਦੇ ਵੀ ਇਸਦਾ ਅਨੁਭਵ ਨਹੀਂ ਹੋਇਆ ਹੈ। ਤੁਸੀਂ ਇਸਨੂੰ ਮਹਿਸੂਸ ਨਹੀਂ ਕਰ ਸੱਕਦੇ ਹੋ। ਇਹ ਬਹੁਤ ਹੀ ਪਵਿੱਤਰ ਹੈ।

113 ਹੁਣ ਧਿਆਨ ਦਿਓ, ਜਿਵੇਂ ਮਸੀਹ ਵਿਰੋਧੀ ਆਪਣੀ ਸੇਵਕਾਈ ਦੇ ਚਾਰ ਪੜਾਵਾਂ ਵਿੱਚ, ਪਸ਼ੂਆਂ ਤੇ ਸਵਾਰ ਹੋ ਕੇ ਅਗਾਂਹ ਵਧਦਾ ਹੈ ਉਸੇ ਤਰ੍ਹਾਂ ਹੀ ਪ੍ਰਮੇਸ਼ੁਰ ਆਪਣੇ ਇੱਕ ਜੰਤੂ ਨੂੰ ਉਸਦਾ ਸਾਹਮਣਾ ਕਰਨ ਲਈ ਭੇਜਦਾ ਹੈ। ਸਮਝੇ? ਹੁਣ, ਹਰ ਵਾਰ ਮਸੀਹ ਵਿਰੋਧੀ ਆਪਣੇ ਘੋੜੇ ਤੇ ਸਵਾਰ ਹੋ ਕੇ ਆਪਣੀ ਸੇਵਕਾਈ ਦੀ ਘੋਸ਼ਣਾ ਕਰਨ ਲਈ ਅੱਗੇ ਵਧਦਾ ਹੈ ਤਾਂ ਖੁਦਾ ਵੀ ਆਪਣਾ ਜੰਤੂ ਭੇਜਦਾ ਹੈ ਅਤੇ ਉਹ ਉਸ ਸਵਾਰ ਦੇ ਵਿਰੁੱਧ ਯੁੱਧ ਦੀ ਘੋਸ਼ਣਾ ਕਰਨ ਲਈ ਉਸ ਪਸ਼ੂ ਦੇ ਉੱਪਰ ਆਉਂਦਾ ਹੈ।

114 ਹੁਣ ਵਚਨ ਆਖਦਾ ਹੈ, "ਜਦ ਵੈਰੀ ਹੜ ਦੇ ਵਾਂਗੂੰ ਅੰਦਰ ਆਵੇਗਾ ਤਦ ਪ੍ਰਮੇਸ਼ੁਰ ਦਾ ਆਤਮਾ ਇਸਦੇ ਵਿਰੁੱਧ ਅਪਣਾ ਝੰਡਾ ਖੜਾ ਕਰੇਗਾ। "

115 ਅਤੇ ਇਸ ਲਈ ਜਦ ਵੈਰੀ ਮਸੀਹ ਵਿਰੋਧੀ ਦੇ ਰੂਪ ਵਿੱਚ ਅੱਗੇ ਆਉਂਦਾ ਹੈ ਤਾਂ ਖੁਦਾ ਉਸਦੇ ਨਾਲ ਮੁਕਾਬਲਾ ਕਰਨ ਲਈ ਇੱਕ ਖਾਸ ਤਰ੍ਹਾਂ ਦੀ ਸ਼ਕਤੀ ਭੇਜਦਾ ਹੈ। ਅਤੇ ਫਿਰ ਜਦ ਉਹ....

116 ਅਤੇ ਜਦ ਉਹ ਫਿਰ ਲਾਲ ਰੰਗ ਦੇ ਘੋੜੇ ਤੇ ਗਿਆ, ਇਹ ਇੱਕ ਹੋਰ ਰੰਗ ਹੈ, ਇਹ ਇੱਕ ਹੋਰ ਸ਼ਕਤੀ ਹੈ, ਇਹ ਉਸਦੀ ਸੇਵਾ ਹੈ ਤਾਂ ਖੁਦਾ ਉਸਦਾ ਮੁਕਾਬਲਾ ਕਰਨ ਲਈ ਅਤੇ ਆਪਣੀ ਕਲੀਸਿਯਾ ਨੂੰ ਕਾਇਮ ਰੱਖਣ ਲਈ ਇੱਕ ਹੋਰ ਸ਼ਕਤੀ ਭੇਜਦਾ ਹੈ।

117 ਜਦ ਤੀਸਰਾ ਸਵਾਰ ਭੇਜਦਾ ਹੈ ਤਾਂ ਖੁਦਾ ਆਪਣਾ ਤੀਸਰਾ ਜੰਤੂ ਭੇਜ ਕੇ ਉਸਦੇ ਨਾਲ ਯੁੱਧ ਦਾ ਐਲਾਨ ਕਰਦਾ ਹੈ।

118 ਉਹ ਆਪਣਾ ਚੌਥਾ ਸਵਾਰ ਭੇਜਦਾ ਹੈ ਅਰ ਪ੍ਰਮੇਸ਼ੁਰ ਵੀ ਅਪਣਾ ਚੌਥਾ ਜੰਤੂ ਭੇਜਦਾ ਹੈ। ਅਤੇ ਫਿਰ ਓਸ ਵੇਲੇ ਮਸੀਹ ਵਿਰੋਧੀ ਦਾ ਅੰਤ ਹੋ ਜਾਂਦਾ ਹੈ ਅਤੇ ਕਲੀਸਿਯਾਈ ਯੁੱਗਾਂ ਦਾ ਵੀ ਖਾਤਮਾ ਹੋ ਜਾਂਦਾ ਹੈ। ਧਿਆਨ ਦਿਓ। ਹੁਣ, ....ਇਹ ਬਹੁਤ ਹੀ ਵਧੀਆ ਹੈ।

119 ਹੁਣ, ਅਸੀਂ ਵੇਖਦੇ ਹਾਂ ਕਿ ਸ਼ੈਤਾਨ ਚਾਰ ਪਸ਼ੂਆਂ ਤੇ ਆਉਂਦਾ ਹੈ ਜਿਹਦਾ ਅਰਥ ਹੈ ਕਿ ਇਹ ਉਹ ਸ਼ਕਤੀਆਂ ਹਨ ਜਿਹਨਾਂ ਨੂੰ ਉਸਨੇ ਪ੍ਰਗਟ ਕਰਨਾ ਸੀ --ਇਹ ਉਹ ਸ਼ਕਤੀਆਂ ਹਨ ਜਿਹੜੀਆਂ ਉਸਨੇ ਧਰਤੀ ਤੇ ਪ੍ਰਗਟ ਕੀਤੀਆਂ ਸਨ। ਅਤੇ ਅਸੀਂ ਵੇਖਿਆ ਸੀ ਉਹਨਾਂ ਦਾ ਕਿਵੇਂ ਇਸ ਜ਼ਰਦ ਘੋੜੇ, ਮੌਤ ਤੇ ਅੰਤ ਹੋ ਜਾਂਦਾ ਹੈ।

120 ਹੁਣ, ਆਓ ਪ੍ਰਮੇਸ਼ੁਰ ਦੀਆਂ ਸ਼ਕਤੀਆਂ ਉੱਤੇ ਧਿਆਨ ਦੇਈਏ, ਇਹਨਾਂ ਜੰਤੂਆਂ ਤੇ ਧਿਆਨ ਕਰੀਏ ਜੋ ਉਸਦਾ ਮੁਕਾਬਲਾ ਕਰਨ ਲਈ ਆਏ ਸਨ।

121 ਪ੍ਰਮੇਸ਼ੁਰ ਦਾ ਪਹਿਲਾ ਜੰਤੂ ਮਸੀਹ ਵਿਰੋਧੀ ਦਾ ਮੁਕਾਬਲਾ ਕਰਨ ਲਈ ਉਸ ਵੇਲੇ ਆਉਂਦਾ ਹੈ ਜਦੋਂ ਮਸੀਹ ਵਿਰੋਧੀ ਦਾ ਆਤਮਾ ਸਿਰਫ ਮਸੀਹ ਵਿਰੋਧੀ ਦੀ ਸਿੱਖਿਆ ਦੇ ਰੂਪ ਵਿੱਚ ਸੀ। ਹੁਣ ਤੁਸੀਂ ਯਾਦ ਰੱਖੋ ਕਿ ਜਦ ਮਸੀਹ ਵਿਰੋਧੀ ਅਪਣੇ ਪਹਿਲੇ ਘੋੜੇ ਤੇ ਸਵਾਰ ਹੋ ਕੇ ਅਗਾਂਹ ਵੱਧਦਾ ਹੈ ਤਾਂ ਉਹ ਇੱਕ ਸਿੱਖਿਆ ਦੀ ਸੇਵਕਾਈ ਵਿੱਚ ਸੀ। ਮਸੀਹ ਵਿਰੋਧੀ ਪਹਿਲਾਂ ਆਪਣੀ ਸਿਖਾਉਣ ਵਾਲੀ ਸੇਵਕਾਈ ਵਿੱਚ ਆਪਣੇ ਪਹਿਲੇ ਘੋੜੇ ਤੇ ਸਵਾਰ ਹੋ ਕੇ ਅੱਗੇ ਵੱਧਦਾ ਹੈ। ਹੁਣ ਤੁਸੀਂ ਉਸਦੇ ਵੱਲ ਧਿਆਨ ਦਿਓ ਜਿਹੜਾ ਉਸਦਾ ਮੁਕਾਬਲਾ ਕਰਨ ਲਈ ਆਉਂਦਾ ਹੈ ਅਤੇ ਉਹ ਹੈ, ਸ਼ੇਰ, ਯਹੂਦਾ ਦੇ ਗੋਤਰ ਦਾ ਬਬਰ ਸ਼ੇਰ ਜੋ ਕਿ ਵਚਨ ਹੈ। ਜਦ ਉਸਦੀ ਝੂਠੀ ਸਿੱਖਿਆ ਅੱਗੇ ਵਧੀ ਤਾਂ ਪ੍ਰਮੇਸ਼ੁਰ ਦਾ ਸੱਚਾ ਵਚਨ ਉਸਦਾ ਸਾਹਮਣਾ ਕਰਨ ਨੂੰ ਆਇਆ।

122 ਇਹ ਹੀ ਕਾਰਨ ਸੀ ਕਿ ਸਾਡੇ ਕੋਲ ਇਰੇਨੀਅਸ, ਪੋਲੀਕਾਰਪ ਅਤੇ ਸੰਤ ਮਾਰਟਿਨ ਵਰਗੇ ਅਤੇ ......ਹੋਰ ਦੂਸਰੇ ਮਨੁੱਖ ਆਏ ਸਨ।

123 ਜਦੋਂ ਮਸੀਹ ਵਿਰੋਧੀ ਆਪਣੀ ਝੂਠੀ ਸਿੱਖਿਆ ਨਾਲ ਅਗਾਂਹ ਵੱਧ ਰਿਹਾ ਸੀ ਤਾਂ ਖੁਦਾ ਨੇ ਆਪਣੀ ਸਿੱਖਿਆ ਉਹ ਵਚਨ, ਯਹੂਦਾ ਦੇ ਗੋਤ ਦਾ ਸ਼ੇਰ ਜੋ ਕਿ ਵਚਨ ਹੈ ਜੋ ਪਵਿੱਤਰ ਆਤਮਾ ਦੇ ਰੂਪ ਵਿੱਚ ਪ੍ਰਗਟ ਹੋਇਆ ਹੈ ਭੇਜਿਆ। ਅਰ ਪਵਿੱਤਰ ਆਤਮਾ ਜੋ ਕਿ ਵਚਨ ਹੈ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।

124 ਇਹ ਹੀ ਕਾਰਨ ਹੈ ਕਿ ਮੁੱਢਲੀ ਕਲੀਸਿਯਾ ਵਿੱਚ ਚੰਗਾਈ ਹੁੰਦੀ ਸੀ ਅਤੇ ਚਮਤਕਾਰ ਹੁੰਦੇ ਸਨ ਅਤੇ ਦਰਸ਼ਣ ਵਿਖਾਈ ਦਿੰਦੇ ਸਨ ਅਤੇ ਸਮਰੱਥਾ ਸੀ ਕਿਉਂਕਿ ਯਹੂਦਾ ਦੇ ਗੋਤ ਦੇ ਬਬਰ ਸ਼ੇਰ ਦੇ ਰੂਪ ਵਿੱਚ ਇਹ ਜੀਉਂਦਾ ਵਚਨ ਸੀ ਜੋ ਉਸਦਾ ਸਾਹਮਣਾ ਕਰ ਰਿਹਾ ਸੀ। ਆਮੀਨ। ਹੁਣ ਕੀ ਤੁਸੀਂ ਇਹਨੂੰ ਸਮਝ ਗਏ ਹੋ? ਜਦ ਮਸੀਹ ਵਿਰੋਧੀ ਆਪਣੀ ਸ਼ਕਤੀ ਭੇਜਦਾ ਹੈ ਤਾਂ ਪ੍ਰਮੇਸ਼ੁਰ ਆਪਣਾ ਵਚਨ ਭੇਜਦਾ ਹੈ। ਜਦੋਂ ਮਸੀਹ ਵਿਰੋਧੀ ਦੀ ਝੂਠੀ ਸਿੱਖਿਆ ਅੱਗੇ ਵਧੀ ਤਾਂ ਉਸਦਾ ਮੁਕਾਬਲਾ ਕਰਨ ਲਈ ਸੱਚੀ ਕਲੀਸਿਯਾ ਆਈ।

ਹੁਣ, ਇਹ ਪਹਿਲੀ ਕਲੀਸਿਯਾ ਸੀ, ਇਹ ਚੇਲਿਆਂ ਦੀ ਕਲੀਸਿਯਾ ਸੀ ਜੋ ਉਸਦਾ ਮੁਕਾਬਲਾ ਕਰਨ ਲਈ ਅੱਗੇ ਵਧੀ।

125 ਹੁਣ, ਦੂਸਰਾ ਪਸ਼ੂ ਜੋ ਮਸੀਹ ਵਿਰੋਧੀ ਨੇ ਭੇਜਿਆ ਸੀ ਉਹ ਲਾਲ ਘੋੜਾ ਸੀ ਜਿਸ ਤੇ.... ਉਹ ਸਵਾਰ ਸੀ ਤਾਂ ਕਿ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਲਵੇ ਅਤੇ ਲੋਕ ਲੜਾਈ ਕਰਨ।

126 ਹੁਣ, ਜਿਹੜਾ ਖੁਦਾ ਦਾ ਜੰਤੂ ਉਸਦਾ ਸਾਹਮਣਾ ਕਰਨ ਲਈ ਅੱਗੇ ਆਇਆ ਉਹ ਵਹਿੜਕਾ ਸੀ। ਵਹਿੜਕੇ ਅਥਵਾ ਬਲਦ ਦਾ ਅਰਥ ਹੁੰਦਾ ਹੈ ਮਿਹਨਤ, ਭਾਰ ਚੁੱਕਣ ਵਾਲਾ ਜੰਤੂ।

127 ਕੀ ਹੁਣ ਅਸੀਂ ਬਸ ਸਿਰਫ ਇੱਕ ਮਿੰਟ ਲਈ ਰੁਕ ਸੱਕਦੇ ਹਾਂ ਤਾਂ ਕਿ ਮੈਂ ਇਹ ਤੁਹਾਨੂੰ ਵਿਖਾ ਸਕਣ ਵਿੱਚ ਯਕੀਨੀ ਹੋ ਜਾਵਾਂ। ਠੀਕ ਹੈ, ਇਹ ਇਸ ਤਰ੍ਹਾਂ ਹੋ ਸੱਕਦਾ ਹੈ ਕਿ ਇਹ ਤੁਹਾਨੂੰ ਕੁਝ ਗੜਬੜੀ ਵਿੱਚ ਪਾ ਰਿਹਾ ਹੋਵੇ। ਇਸ ਲਈ ਆਓ ਅਸੀਂ ਥੂਆਤੀਰੇ ਦੀ ਕਲੀਸਿਯਾ ਨੂੰ ਲਈਏ -ਹੁਣ ਧਿਆਨ ਦਿਓ ਅਤੇ ਵੇਖੋ ਕਿ ਇਹ ਮਿਹਨਤ ਕਰਨ ਵਾਲੀ ਕਲੀਸਿਯਾ ਨਹੀਂ ਹੈ।



339 ਕਿਉਂ? ਸੱਤਵੇਂ ਦੂਤ ਦੀ ਸੇਵਾ,ਸੱਤਵੇਂ ਦੂਤ ਦੀ ਸੇਵਕਾਈ --ਸੱਤਵੇਂ ਦੂਤ ਲਈ ਏਲੀਯਾਹ ਦੀ ਸੇਵਾ --ਨਹੀਂ .....ਕਿਉਂ ਨਹੀਂ .....ਕਿਉਂ ਨਹੀਂ ਹੋ ਸੱਕਦੀ, ਮੈਂ ਇਹ ਕਹਿਣ ਦਾ ਯਤਨ ਕਰ ਰਿਹਾ ਹਾਂ ਕਿ ਜੇ ਮੂਸਾ ਅਮਰ ਹੈ ਤਾਂ ਸੱਤਵੇਂ ਦੂਤ ਦੀ ਸੇਵਾ ਉਸੇ ਤਰ੍ਹਾਂ ਦੀ ਕਿਉਂ ਨਹੀਂ ਹੋ ਸੱਕਦੀ ਜਿਸ ਤਰ੍ਹਾਂ ਦੀ ਏਲੀਯਾਹ ਦੀ ਸੀ?ਉਹ ਕਿਉਂ ਨਹੀਂ .......ਕਿਉਂ ਖੁਦਾ ਨੇ ਮੂਸਾ ਨੂੰ ਨਹੀਂ ਭੇਜਿਆ, ਕਿਉਂ ਖੁਦਾ ਨੇ ਇਹ ਨਹੀਂ ਕਿਹਾ, " ਏਲੀਯਾਹ ਤੂੰ ਇਹਨਾਂ ਵੱਖ-ਵੱਖ ਜਗ੍ਹਾ ਤੇ ਬਹੁਤ ਹੀ ਸਖਤ ਮਿਹਨਤ ਕੀਤੀ ਹੈ, ਅਤੇ ਸੱਭ ਕੁਝ ਕੀਤਾ ਹੈ। ਮੇਰਾ ਯਕੀਨ ਹੈ ਕਿ ਹੁਣ ਮੈਂ ਮੂਸਾ ਨੂੰ ਹੇਠਾਂ ਘ ੱਲਾਂਗਾ?" ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਉਂ ਨਹੀਂ ਕਿਹਾ ?

340 ਤੁਸੀਂ ਮੂਸਾ ਦੀ ਸੇਵਾ ਵੱਲ ਧਿਆਨ ਮਾਰੋ। ਏਲੀਯਾਹ ਸਭਨਾਂ ਕੌਮਾਂ ਲਈ ਨਬੀ ਸੀ ਪਰ ਮੂਸਾ ਸਿਰਫ ਯਹੂਦੀਆਂ ਲਈ ਬਿਵਸਥਾ ਦੇਣ ਵਾਲਾ ਸੀ। ਮੂਸਾ ਉੱਥੇ ਆਖਣ ਲਈ ਹੈ ......ਉਹਦਾ ਏਲੀਯਾਹ ਦੇ ਨਾਲ ਆਉਣ ਦਾ ਕਾਰਨ ਇਹ ਸੀ ........ਉਹ ਯਹੂਦੀ ਆਖਣਗੇ, "ਜਰਾ ਰੁਕੋ, ਅਸੀਂ ਹਾਲੇ ਵੀ ਇੱਥੇ ਬਿਵਸਥਾ ਦੀ ਪਾਲਣਾ ਕਰ ਰਹੇ ਹਾਂ। " ਪਰ ਉੱਥੇ ਖੁਦ ਮੂਸਾ ਆਪ ਖੜੋਤਾ ਹੈ ਅਤੇ ਏਲੀਯਾਹ ਉਸਦੇ ਨਾਲ ਹੈ। ਔਹ। ਵੇਖੋ, ਮੂਸਾ ਸਿਰਫ ਯਹੂਦੀਆਂ ਦੇ ਲਈ ਹੀ ਆਉਂਦਾ ਹੈ। ਏਲੀਯਾਹ ਨਬੀ ਸੱਭ ਕੌਮਾਂ ਲਈ ਭੇਜਿਆ ਗਿਆ ਸੀ ਪ੍ਰੰਤੂ ਮੂਸਾ ਯਹੂਦੀਆਂ ਲਈ ਇੱਕ ਨਬੀ ਅਤੇ ਬਿਵਸਥਾ ਦੇਣ ਵਾਲਾ ਬਣਦਾ ਹੈ। ਸਮਝੇ?ਬਿਵਸਥਾ (ਸ਼ਰੀਅਤ) ਹੀ ਮੂਸਾ ਦਾ ਸੰਦੇਸ਼ ਸੀ।

341 ਪ੍ਰੰਤੂ ਏਲੀਯਾਹ ਦਾ ਸੰਦੇਸ਼ ਕੀ ਸੀ ?ਉਸਦਾ ਸੰਦੇਸ਼ ਵਾਲ ਕੱਟੀਆਂ ਹੋਈਆਂ ਔਰਤਾਂ ਅਤੇ ਫਿਰਕਾਪ੍ਰਸਤੀਆਂ ਦੇ ਲਈ ਸੀ। ਹਾਂ ਜੀ, ਸ਼੍ਰੀਮਾਨ। ਅਤੇ ਉਸਨੇ ਤਾਂ ਸੱਚ-ਮੁੱਚ ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿੱਤੇ। ਉਸਨੇ ਉਹਨਾਂ ਔਰਤਾਂ ਨੂੰ ਜਿਹੜੀਆਂ ਮੇਕਅੱਪ ਕਰਦੀਆਂ ਸਨ ਕਿਹਾ, "ਤੁਹਾਨੂੰ ਕੁੱਤੇ ਖਾਣਗੇ। " ਉਸਨੇ ਤਾਂ ਸੱਚ-ਮੁੱਚ ਹੀ ਉਹਨਾਂ ਨੂੰ ਚੂਰ-ਚੂਰ ਕਰ ਦਿੱਤਾ ਸੀ।

342 ਅਤੇ ਫਿਰ ਜਦ ਉਸਦਾ ਆਤਮਾ ਯੂਹੰਨਾ ਤੇ ਆਇਆ ਤਾਂ ਉਹ ਸਿੱਧਾ ਜੰਗਲ ਵਿੱਚੋਂ ਬਾਹਰ ਨਿੱਕਲਿਆ ਅਤੇ ਉਸਨੇ ਵੀ ਬਿਲਕੁੱਲ ਉਹ ਹੀ ਕੰਮ ਕੀਤਾ ਸੀ। ਇਹ ਠੀਕ ਹੈ। ਉਸਨੇ ਕਿਹਾ ਸੀ, "ਤੁਸੀਂ ਇਹ ਨਾ ਸੋਚੋ ਕਿ ਅਸੀਂ ਇਹਦੇ ਜਾਂ ਉਹਦੇ ਨਾਲ ਸਬੰਧ ਰੱਖਦੇ ਹਾਂ। ਪ੍ਰਮੇਸ਼ੁਰ ਇਨ੍ਹਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸੱਕਦਾ ਹੈ। "

343 ਉਹ ਮਾਰਗ ਵਿੱਚ ਤੁਰ ਕੇ ਗਿਆ ਅਤੇ ਉਸਨੇ ਕਿਹਾ, " ਤੂੰ ਮੈਨੂੰ ਇਹ ਦੱਸਣਾ ਚਾਹੁੰਦਾ ਹੈਂ ਕਿ ਤੂੰ ਆਪਣੇ ਹੀ ਭਰਾ ਦੀ ਘਰਵਾਲੀ ਨਾਲ ਵਿਆਹ ਕਰਾ ਲਿਆ ਹੈ?" ਅਤੇ ਉਸਨੇ ਕਿਹਾ, "ਤੇਰੇ ਲਈ ਇਹ ਕਰਨਾ ਠੀਕ ਨਹੀਂ ਹੈ। " ਹੇ ਭਾਈ। ਵਾਹਹ !ਉਹਨੇ ਉਹਨੂੰ ਦੱਸ ਦਿੱਤਾ ਸੀ। ਯਕੀਨਨ।

344 ਧਿਆਨ ਦਿਓ ਕਿ ਉਹਨਾਂ ਰੂਹਾਂ ਨੇ ਇੱਕ ਲੱਖ ਚੁਤਾਲੀ ਹਜਾਰ ਲਈ ਥੋੜੇ ਸਮੇਂ ਲਈ ਉਡੀਕਣਾ ਹੈ--ਕਿ ਉਹ ਸ਼ਹੀਦ ਕੀਤੇ ਜਾਣ। ਔਹ, ਕੀ ਇਹ ਇਸ ਤਰ੍ਹਾਂ ਨਹੀਂ ਹੈ --ਇਹ ਗੱਲ ਬਾਈਬਲ ਨੂੰ ਇੱਕ ਥਾਂ ਜੋੜਦੀ ਹੈ।

345 ਹੁਣ ਮੇਰਾ ਸਮਾਂ ਖਤਮ ਹੋ ਗਿਆ ਹੈ, ਕਾਸ਼ ਕਿ ਮੈਂ ਤੁਹਾਨੂੰ ਇੱਥੋਂ ਜਲਦੀ ਬਾਹਰ ਜਾਣ ਦਿੰਦਾ, ਪਰ ਹਾਲੇ ਮੇਰੇ ਕੋਲ ਥੋੜੀਆਂ ਹੋਰ ਛੋਟੀਆਂ-ਛੋਟੀਆਂ ਗੱਲਾਂ ਹਨ ਜੋ ਮੈਂ ਕਹਿਣਾ ਚਾਹੁੰਦਾ

ਜੇ ਹੋ ਸਕਿਆ ਤਾਂ ਜਰੂਰ ਹੀ ਉਸ ਚੱਟਾਨ ਤੇ ਖੜਾ ਹੋਵਾਂਗਾ,
ਜਿੱਥੇ ਮੂਸਾ ਖੜਾ ਹੋਇਆ ਸੀ।

ਹਾਂ ਸ਼੍ਰੀਮਾਨ ਜੀ। ਓਹ, ਇਹ ਹੀ ਉਹ ਚੱਟਾਨ ਹੈ ਜਿਹਦੇ ਉੱਤੇ ਮੈਂ ਵੀ ਖੜਾ ਹੋਣਾ ਚਾਹੁੰਦਾ ਹਾਂ। ਵਿਸ਼ਵਾਸ਼ ਦੁਆਰਾ ਹੀ ਮੈਂ ਉੱਥੇ ਖੜਾ ਹੁੰਦਾ ਹਾਂ।

334 ਪ੍ਰੰਤੂ ਯਾਦ ਰੱਖੋ ਕਿ ਏਲੀਯਾਹ ਬਹੁਤ ਥੱਕ ਗਿਆ ਸੀ ਕਿਉਂਕਿ ਉਸਦੇ ਕੋਲ ਅੱਗੇ ਕਰਨ ਲਈ ਬਹੁਤ ਸਾਰਾ ਕੰਮ ਪਿਆ ਹੋਇਆ ਸੀ। [ਭਾਈ ਬ੍ਰਾਨਹਾਮ ਰੁਕਦੇ ਹਨ, ਸੰਗਤ ਹੱਸਦੀ ਹੈ-ਸੰਪਾ] ਸੋ ਉਹ ਤਾਂ ਬਹੁਤ ਜਿਆਦਾ ਥੱਕ ਗਿਆ ਸੀ। ਇਹ ਸੱਚ ਹੈ ਕਿ ਖੁਦਾ ਨੇ ਉਹਦੇ ਵਾਪਸ ਘਰ ਆਉਣ ਲਈ ਇੱਕ ਰੱਥ ਦੀ ਸਵਾਰੀ ਘੱਲ ਦਿੱਤੀ। ਕੀ ਇਹ ਸੱਚ ਹੈ? [ਸੰਗਤ ਆਖਦੀ ਹੈ, ["ਆਮੀਨ। "-ਸੰਪਾ] ਉਹ ਰੱਥ ਹੀ ਉਸਨੂੰ ਉੱਪਰ ਚੁੱਕ ਕੇ ਲੈ ਗਿਆ ਸੀ। ਉਹ ਕਦੇ ਵੀ ਨਹੀਂ ਮਰਿਆ ਸੀ ਕਿਉਂਕਿ ਖੁਦਾ ਨੇ ਹੀ ਉਹਨੂੰ ਜੀਉਂਦਾ ਰੱਖਿਆ ਸੀ। ਕਿਉਂਕਿ ਉਸਦੇ ਲਈ ਭਵਿੱਖ ਵਿੱਚ ਇੱਕ ਕੰਮ ਸੀ। ਉਸਨੇ ਇੱਕ ਮਨੁੱਖ ਨੂੰ ਮੱਸ੍ਹਾ ਕਰਨਾ ਹੈ, ਜਿਹਨੇ ਬਿਲਕੁੱਲ ਉਸੇ ਆਤਮਾ ਵਿੱਚ ਆਉਣਾ ਹੈ।

335 ਪਰ ਉਹਨਾਂ ਨੇ ਜਰੂਰ ਹੀ ਮੌਤ ਦਾ ਸੁਆਦ ਚੱਖਣਾ ਹੈ। ਹੁਣ ਪ੍ਰਕਾਸ਼ ਪੋਥੀ 11 ਬਾਬ ......ਆਓ ਵੇਖੀਏ......ਜਿਵੇਂ ਵੀ ਹੋਵੇ ਮੈਂ ਇੱਥੇ ਹਾਂ। ਆਓ ਪ੍ਰਕਾਸ਼ ਦੀ ਪੋਥੀ 11 ਬਾਬ ਨੂੰ ਲਈਏ। ਧਿਆਨ ਦਿਓ ਅਤੇ ਵੇਖੋ ਕਿ ਉਹ ਦੋਨੋ ਮਰਦੇ ਨਹੀਂ ਹਨ। ਜੀ ਹਾਂ, ਸ਼੍ਰੀਮਾਨ ਉਨ੍ਹਾਂ ਦੋਹਾਂ ਨੇ ਮੌਤ ਦਾ ਸੁਆਦ ਚੱਖਣਾ ਹੈ। ਹਾਂ ਸ਼੍ਰੀਮਾਨ। ਜਦ ਉਨ੍ਹਾਂ ਦੀ ਸੇਵਕਾਈ ਖਤਮ ਹੋ ਜਾਂਦੀ ਹੈ ਤਾਂ ਉਹ ਮੌਤ ਦਾ ਸੁਆਦ ਚੱਖਦੇ ਹਨ। ਪ੍ਰਕਾਸ਼ ਦੀ ਪੋਥੀ 11 ਬਾਬ ਦੀ ਆਓ 7 ਆਇਤ ਤੋਂ ਪੜ੍ਹੀਏ।

*ਜਦ ਉਹ ਆਪਣੀ ਸਾਖੀ ਭਰ ਹਟਣਗੇ ਤਦ ਉਹ ਦਰਿੰਦਾ ਜਿਹੜਾ ਅਥਾਂਹ ਕੁੰਡ ਵਿੱਚੋਂ ਚੜ ਆਉਂਦਾ ਹੈ ਉਨ੍ਹਾਂ ਨਾਲ ਯੁੱਧ ਕਰੇਗਾ ਅਤੇ ਉਹਨਾਂ ਨੂੰ ਜਿੱਤ ਲਵੇਗਾ ਅਤੇ ਉਹਨਾਂ ਨੂੰ ਮਾਰ ਸੁੱਟੇਗਾ.....*

336 ਹੇ ਮੇਰੇ ਪ੍ਰਮੇਸ਼ੁਰ !ਉਹ ਇਸਦਾ ਸਾਹਮਣਾ ਨਹੀਂ ਕਰ ਸੱਕਦਾ ਹੈ ਵੇਖੋ ਉਹ ਪਵਿੱਤਰ ਰੌਲਾ ਪਾਉਣ ਵਾਲੇ ਫਿਰ ਆ ਗਏ ਹਨ। ਠੀਕ ਹੈ।

*ਜਿਹੜਾ ਅਥਾਂਹ ਕੁੰਡ ਵਿੱਚੋਂ ਚੜ ਆਉਂਦਾ ਹੈ ਉਨ੍ਹਾਂ ਨਾਲ ਯੁੱਧ ਕਰੇਗਾ ਅਤੇ ਉਹਨਾਂ ਨੂੰ ਜਿੱਤ ਲਵੇਗਾ ਅਤੇ ਉਹਨਾਂ ਨੂੰ ਮਾਰ ਸੁੱਟੇਗਾ ......*

337 ਪਰ ਵੇਖੋ ਕੀ ਹੁੰਦਾ ਹੈ। ਹੁਣ ਉਹਨਾਂ ਦਾ ਇੱਥੇ ਸਿੱਧ ਨਮੂਨਾ ਦਿੱਤਾ ਗਿਆ ਹੈ।

*ਅਤੇ ਉਹਨਾਂ ਦੀਆਂ ਲੋਥਾਂ ਉਸ ਵੱਡੀ ਨਗਰੀ ਦੇ ਚੌਂਕ ਵਿੱਚ ਪਈਆਂ ਰਹਿਣਗੀਆਂ ਜਿਹੜੀ ਆਤਮਿਕ ਬਿਧ ਨਾਲ ਸਦੂਮ ਅਤੇ ਮਿਸਰ ਕਰਕੇ ਸਦਾਉਂਦੀ ਹੈ ਜਿੱਥੇ ਉਹਨਾਂ ਦਾ ਪ੍ਰਭੂ ਵੀ ਸਲੀਬ ਦਿੱਤਾ ਗਿਆ ਸੀ।* (ਯਰੂਸ਼ਲਮ, ਸਮਝੇ?)

338 ਜਦ ਉਹਨਾਂ ਦੀ ਸੇਵਕਾਈ ਖਤਮ ਹੋ ਜਾਂਦੀ ਹੈ, ਉਹਨਾਂ ਨੇ ਮੌਤ ਦਾ ਸੁਆਦ ਚੱਖਣਾ ਹੀ ਹੈ,ਕੀ ਉਹ ਨਹੀਂ ਚੱਖਦੇ ਹਨ?ਇਹ ਠੀਕ ਐ।



*ਥੂਆਤੀਰੇ ਦੀ ਕਲੀਸਿਯਾ ਦੇ ਦੂਤ ਨੂੰ ਇਉਂ ਲਿਖ ਭਈ ਪਰਮੇਸ਼ੁਰ ਦਾ ਪੁੱਤਰ ਜਿਹ ਦੀਆਂ ਅੱਖੀਆਂ ਅਗਨੀ ਦੀ ਲਾਟ ਵਰਗੀਆਂ ਹਨ ਅਤੇ ਉਹ ਦੇ ਪੈਰ ਖਾਲਸ ਪਿੱਤਲ ਦੀ ਨਿਆਈਂ ਹਨ ਇਹ ਆਖਦਾ ਹੈ ਕਿ ਮੈਂ ਤੇਰੇ ਕੰਮਾਂ ਨੂੰ ......*

128 ਵੇਖਿਆ? ਹੁਣ ਇਹ ਸਾਰੇ ਕੰਮ ਹੋ ਗਏ ਹਨ ਕਿਉਂਕਿ ਇਹ ਹੀ ਇੱਕ ਉਹ ਸੀ ਜੋ ਉਸਦੇ ਨਾਲ ਸਵਾਰੀ ਕਰ ਰਿਹਾ ਸੀ।

*..... ਅਤੇ ਤੇਰੇ ਪ੍ਰੇਮ, ਨਿਹਚਾ, ਸੇਵਾ ਅਤੇ ਸਬਰ ਨੂੰ ਜਾਣਦਾ ਹਾਂ, ਨਾਲੇ ਇਹ ਭਈ ਤੇਰੇ ਪਿਛਲੇ ਕੰਮ ਪਹਿਲਿਆਂ ਨਾਲੋਂ ਵੱਧ ਹਨ ......*(ਵੇਖੋ ਇੱਥੇ ਫਿਰ ਤੇਰੇ ਕੰਮ ਆਇਆ ਹੈ)

129 ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਜਦ ਮਸੀਹ ਵਿਰੋਧੀ ਦੇ ਪੈਰ ਜੰਮ ਗਏ ਅਰ ਥੂਆਤੀਰੇ ਦੇ ਯੁੱਗ ਵਿੱਚ ਆ ਗਿਆ ਤਾਂ ਉਹ ਛੋਟੀ ਕਲੀਸਿਯਾ ਹੋਰ ਕੁਝ ਨਹੀਂ ਪਰ ਕੰਮ ਹੀ ਕਰ ਸੱਕਦੀ ਸੀ।

130 ਅਤੇ ਬਲਦ ਦੇ ਬਾਰੇ ਵਿੱਚ ਇੱਕ ਹੋਰ ਗੱਲ ਇਹ ਵੀ ਹੈ ਕਿ ਇਹ ਬਲੀਦਾਨ ਦੇਣ ਦਾ ਜੰਤੂ ਹੈ। ਸਮਝੇ?ਉਹਨਾਂ ਹਨੇਰੇ ਯੁੱਗਾਂ ਵਿੱਚ -ਉਸ ਇੱਕ ਹਜਾਰ ਸਾਲ ਦੇ ਸਮੇਂ ਵਿੱਚ,ਜਿਹਦੇ ਵਿੱਚ ਕੈਥੋਲਿਕ ਧਰਮ ਨੇ ਸਾਰੇ ਸੰਸਾਰ ਦੇ ਉੱਤੇ ਕਾਬੂ ਪਾਇਆ ਹੋਇਆ ਸੀ, ਉਹਨਾਂ ਨੇ ਆਪਣੀਆਂ ਜਾਨਾਂ ਜਿੰਨੀ ਕੁ ਅਜ਼ਾਦੀ ਦੇ ਨਾਲ ਉਹ ਦੇ ਸੱਕਦੇ ਸਨ ਦਿੱਤੀਆਂ। ਅਤੇ ਉਹ "ਹਾਂ " ਜਾਂ "ਨਾਂ" ਵਾਲੀ ਸਥਿਤੀ ਵਿੱਚ ਪਹੁੰਚ ਚੁੱਕੇ ਸਨ। ਉਹਨਾਂ ਨੇ ਮਰਨ ਦੀ ਪ੍ਰਵਾਹ ਨਹੀਂ ਕੀਤੀ ਸੀ। ਜੇ ਇਹ ਮੌਤ ਸੀ ਤਾਂ ਉਹਨਾਂ ਨੂੰ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ ਸੀ। ਜੋ ਵੀ ਹੋਇਆ ਉਹ ਗਏ ਅਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਕਿਉਂ ? ਕਿਉਂਕਿ ਉਸ ਯੁੱਗ ਦਾ ਆਤਮਾ ਹੀ ਅਜਿਹਾ ਸੀ।

131 ਇਹ ਹੀ ਕਾਰਨ ਸੀ ਕਿ -ਇਹੋ ਹੀ ਕਾਰਨ ਸੀ ਕਿ ਇਰੇਨੀਅਸ, ਪੋਲੀਕਾਰਪ, ਯੂਹੰਨਾ, ਪੋਲੂਸ ਵਰਗੇ ਮਹਾਨ ਅਤੇ ਸ਼ਕਤੀਸ਼ਾਲੀ ਮਨੁੱਖ ਉਸ ਯੁੱਗ ਵਿੱਚ ਉਸਦਾ ਸਾਹਮਣਾ ਕਰਨ ਲਈ ਸਨ।

132 ਪੋਲੂਸ ਨੇ ਇਹ ਵੇਖਿਆ ਸੀ। ਉਸਨੇ ਕਿਹਾ, "ਮੈਂ ਜਾਣਦਾ ਹਾਂ ਕਿ ਭਾਈਓ ਮੇਰੇ ਜਾਣ ਤੋਂ ਬਾਦ ਬਘਿਆੜ ਤੁਹਾਡੇ ਵਿੱਚ ਆ ਵੜਨਗੇ ਅਤੇ ਉਲਟੀਆਂ ਗੱਲਾਂ ਸਿਖਾਉਣਗੇ ਅਤੇ ਤੁਹਾਨੂੰ ਲਾਂਭੇ ਲੈ ਜਾਣਗੇ। " ਹੁਣ ਉਸ ਬੁੱਢੇ ਦ੍ਰਿੜ ਰਸੂਲ ਦੀ ਵੱਲ ਵੇਖੋ, ਉਹ ਪੁਰਾਣਾ ਰਸੂਲ ਉੱਥੇ ਖੜਾ ਸੀ, ਉਸਦੀ ਪਿੱਠ ਕੋੜਿਆਂ ਦੀ ਮਾਰ ਨਾਲ ਭਰੀ ਹੋਈ ਸੀ ਅਤੇ ਉਸ ਦੀਆਂ ਅੱਖਾਂ ਹੰਝੂ ਕੇਰ ਰਹੀਆਂ ਸਨ। ਪਰ ਉਹ ਤਾਂ ਉਹਨਾਂ ਦੀ ਦੂਰਬੀਨ ਤੋਂ ਕਿਤੇ ਅਗਾਂਹ ਵੇਖ ਸੱਕਦਾ ਸੀ......ਉਸ ਦੂਰਬੀਨ ਨਾਲ ਜੋ ਇਹ ਵਿਖਾ ਰਹੀ ਸੀ ਉਹ ਉਸਦੇ ਨਾਲ ਵੀਹ ਕਰੋੜ ਪ੍ਰਕਾਸ਼ ਦੇ ਸਾਲ ਤੋਂ ਵੀ ਵੱਧ ਦੂਰੀ ਤੱਕ ਵੇਖ ਸੱਕਦਾ ਸੀ। ਉਹ ਸਿੱਧਾ ਸਦੀਪਕਤਾ ਵਿੱਚ ਵੇਖ ਸੱਕਦਾ ਸੀ। ਉਹ ਅਜਿਹੀ ਹਾਲਤ ਵਿੱਚ ਸੀ। ਅਤੇ ਉਸਨੇ ਇਹਦਾ ਅਗੰਮਵਾਕ ਕੀਤਾ ਅਤੇ ਆਖਿਆ ਕਿ ਇਹ ਹੋਵੇਗਾ। ਅਤੇ ਜੋ ਉਸਨੇ ਕਿਹਾ ਸੀ ਉਹ ਹੋਰ ਦੂਸਰੇ ਯੁੱਗਾਂ ਵਿੱਚ ਵੀ ਹੋਇਆ ਸੀ। ਹੁਣ ਧਿਆਨ ਦਿਓ ਕਿ ਉਹ ਉੱਥੇ ਸੀ।

133 ਉਸ ਤੋਂ ਬਾਦ ਸਿਰਫ ਯੂਹੰਨਾ ਹੀ ਇੱਕ ਅਜਿਹਾ ਸੀ ਜਿਹੜਾ ਸੱਭ ਤੋਂ ਲੰਬੀ ਉਮਰ ਜੀਉਂਦਾ ਰਿਹਾ ਸੀ। ਅਤੇ ਸੰਤ ਯੂਹੰਨਾ ਜੋ ਕਿ ਪਵਿੱਤਰ ਆਤਮਾ ਨਾਲ ਮਸ੍ਹਾ ਹੋਇਆ ਹੋਇਆ ਸੀ

-ਉਹ ਉਹਨਾਂ ਸਾਰੀਆਂ ਪਵਿੱਤਰ ਪੱਤ੍ਰੀਆਂ ਨੂੰ ਲੈ ਕੇ ਤੇ ਇਕੱਠਿਆਂ ਕਰਕੇ ਬਾਈਬਲ ਬਣਾਉਣ ਦਾ ਯਤਨ ਕਰ ਰਿਹਾ ਸੀ ਅਰ ਉਸਨੇ ਇਹਨਾਂ ਨੂੰ ਜੋੜ ਕੇ ਬਾਈਬਲ ਬਣਾਈ ਤਾਂ ਰੋਮ ਰਾਜ ਨੇ ਉਸਨੂੰ ਕੈਦੀ ਬਣਾ ਲਿਆ ਅਤੇ ਪਾਤਮੁਸ ਦੇ ਟਾਪੂ ਤੇ ਛੱਡ ਦਿੱਤਾ। ਉਹ ਪ੍ਰਮੇਸ਼ੁਰ ਦੇ ਵਚਨ ਦੀ ਖਾਤਰ ਪਾਤਮੁਸ ਟਾਪੂ ਤੇ ਪਹੁੰਚਾ ਸੀ। ਪੋਲੀਕਾਰਪ ਨੇ ਉਹਨਾਂ ਪੱਤ੍ਰੀਆਂ ਦਾ ਤਰਜਮਾ ਕਰਨ ਵਿੱਚ ਉਸਦੀ ਮੱਦਦ ਕੀਤੀ ਸੀ।

134 ਮੈਂ ਕਿਸੇ ਦੂਜੇ ਦਿਨ ਉਸ ਖਤ ਨੂੰ ਪੜ੍ਹ ਰਿਹਾ ਸੀ ਜਿਹੜਾ ਖੁਦ ਮਰਿਯਮ ਨੇ ਪੋਲੀਕਾਰਪ ਨੂੰ ਲਿਖਿਆ ਸੀ। ਅਤੇ ਉਹ ਉਸਨੂੰ ਉਲਾਹਮਾ ਦੇ ਰਹੀ ਸੀ। ਉਹ ਉਸਨੂੰ ਹੌਸਲਾਂ ਦੇ ਰਹੀ ਸੀ ਕਿ ਉਹ ਇੱਕ ਦਲੇਰ ਮਨੁੱਖ ਹੋਣ ਕਾਰਨ ਯਿਸੂ ਮਸੀਹ ਦੀ ਸਿੱਖਿਆ ਨੂੰ ਸਿਖਾ ਅਤੇ ਕਬੂਲ ਕਰ ਸੱਕਦਾ ਹੈ ਜੋ ਉਸਤੋਂ ਖੁਦਾ ਦੇ ਰਾਹੀਂ ਜੰਮਿਆਂ ਸੀ। ਇਹ ਮਰਿਯਮ ਦਾ ਆਪਣਾ ਨਿੱਜੀ ਲੇਖ ਹੈ ਜਿਹੜਾ ਉਸਨੇ ਪੋਲੀਕਾਰਪ ਨੂੰ ਲਿਖਿਆ ਸੀ।

135 ਤੁਸੀਂ ਜਾਣਦੇ ਹੋ ਕਿ ਪੋਲੀਕਾਰਪ ਨੂੰ ਸ਼ੇਰਾਂ ਨੂੰ ਖੁਆਇਆ ਗਿਆ ਸੀ,ਨਹੀਂ ਉਹ ਜਲਾਇਆ ਗਿਆ ਸੀ। ਅਤੇ ਉਹਨਾਂ ਲਈ ਇਹਦੇ ਲਈ ਬੜੀ ਦੇਰ ਹੋ ਚੁੱਕੀ ਸੀ ਕਿ ਉਹ ਅਖਾੜੇ ਵਿੱਚ ਉਹਨਾਂ ਸ਼ੇਰਾਂ ਨੂੰ ਪੋਲੀਕਾਰਪ ਤੇ ਛੱਡਣ ਅਤੇ ਇਸ ਲਈ ਉਹਨਾਂ ਨੇ ਇੱਕ ਗੁਸਲਖਾਨੇ ਨੂੰ, ਇੱਕ ਪੁਰਾਣੇ ਗੁਸਲਖਾਨੇ ਨੂੰ ਤੋੜਿਆ ਅਤੇ ਉੱਥੇ ਉਸਨੂੰ ਰੱਖਿਆ ਅਤੇ ਉਸਨੂੰ ਜਲਾ ਦਿੱਤਾ ਸੀ।

136 ਅਤੇ ਆਪਣੇ ਰਾਹ ਵਿੱਚ ਆਉਂਦੇ ਹੋਏ ਉਹਨੇ ਆਪਣਾ ਸਿਰ ਹੇਠਾਂ ਝੁਕਾਇਆ ਹੋਇਆ ਸੀ। ਰੋਮੀ ਸੂਬੇਦਾਰ ਨੇ ਉਸਨੂੰ ਆਖਿਆ, " ਤੂੰ ਇੱਕ ਬਜ਼ੁਰਗ ਆਦਮੀਂ ਹੈਂ ਅਤੇ ਤੇਰਾ ਬੜਾ ਮਾਣ-ਸਨਮਾਨ ਹੈ। ਕਿਉਂ ਨਹੀਂ ਤੂੰ ਇਸ ਗੱਲ ਦਾ ਇਨਕਾਰ ਕਰ ਦਿੰਦਾ?"

137 ਉਹ ਸੁਰਗ ਦੇ ਵੱਲ ਤੱਕਦਾ ਰਿਹਾ। ਅਤੇ ਕਿਤਿਉਂ ਇੱਕ ਅਵਾਜ਼ ਆਈ। ਉਹ ਸਮਝ ਨਹੀਂ ਸਕੇ ਸਨ ਕਿ ਇਹ ਅਵਾਜ਼ ਕਿੱਥੋਂ ਆਈ ਸੀ। ਉਸ ਅਵਾਜ਼ ਨੇ ਕਿਹਾ, " ਪੋਲੀਕਾਰਪ ਨਾ ਡਰ। ਮੈਂ ਤੇਰੇ ਨਾਲ ਹਾਂ। " ਹਾਂ ਜੀ, ਕਿਉਂ ਇਸ ਤਰ੍ਹਾਂ ਹੋਇਆ ਸੀ ? ਕਿਉਂਕਿ ਉਹ ਉਸ ਵਚਨ ਤੇ ਖੜ੍ਹਾ ਹੋਇਆ ਸੀ।

138 ਅਤੇ ਜਦ ਉਹਨਾਂ ਨੇ ਉਸਨੂੰ ਸਾੜਨ ਲਈ ਉਸਦੇ ਉੱਤੇ ਲੱਕੜਾਂ ਪਾਈਆਂ ਤਾਂ ਉੱਥੇ ਸੁਰਗੀ ਸੰਗੀਤ ਉੱਤਰ ਆਇਆ। ਅਤੇ ਕਿਤੇ ਸੁਰਗੀ ਦੂਤਾਂ ਨੇ ਗੀਤ ਗਾਇਆ। ਅਤੇ ਉਸਨੇ ਇੱਕ ਵਾਰ ਵੀ ਠੱਠਾ ਕਰਨ ਵਾਲਿਆਂ ਦੀ ਵੱਲ ਆਪਣੀਆਂ ਅੱਖਾਂ ਨਹੀਂ ਝਮੱਕੀਆਂ।

139 ਉਹ ਬਹਾਦਰ ਆਦਮੀਂ ਸਨ। ਇਹ ਉਹ ਮਨੁੱਖ ਸਨ ਜਿਹੜੇ ਖੜ੍ਹੇ ਹੋ ਸੱਕਦੇ ਸਨ। ਉਹ ਉਹਨਾਂ ਯੁੱਗਾਂ ਦੇ ਵਿੱਚ ਖੜੇ ਹੋਏ ਅਤੇ ਉਹਨਾਂ ਨੇ ਬਹੁਤ ਵੱਡਾ ਦੁੱਖ ਅਤੇ ਕਸ਼ਟ ਝੱਲਿਆ। ਪ੍ਰੰਤੂ ਉਹ ਕੀ ਸਨ? ਉਹ ਤਾਂ ਪ੍ਰੇਰਣਾ ਦੇ ਅਧੀਨ ਸਨ,ਉਹ ਖੁਦਾ ਦੇ ਆਤਮਾ ਅਤੇ ਸਮਰੱਥਾ ਵਿੱਚ ਸਨ।

140 ਕਲੀਸਿਯਾ ਇਸਨੂੰ ਭੁੱਲਿਓ ਨਾ। ਅਤੇ ਭਾਈਓ ਤੁਸੀਂ ਜੋ ਟੇਪ ਤੇ ਹੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਪਰਖੋ। ਕੋਈ ਆਦਮੀਂ ਉਸ ਕੰਮ ਤੋਂ ਇਲਾਵਾ ਕੀ ਕਰ ਸੱਕਦਾ ਸੀ ਜਿਸ ਕੰਮ ਦੇ ਲਈ ਉਸਨੂੰ ਖੁਦਾ ਦੀ ਵੱਲੋਂ ਸ਼ਕਤੀ ਬਖਸ਼ੀ ਗਈ ਸੀ? ਹੁਣ ਮੈਂ ਇਸ ਗੱਲ ਨੂੰ ਸਮਝਾਉਣ ਲਈ ਇਸ ਬਕਸੇ ਨੂੰ ਇੱਥੇ ਰੱਖ ਕੇ ਦਰਸਾਉਂਦਾ ਹਾਂ। ਜੇ ਖੁਦਾ ਉਹਨਾਂ ਦੇ ਵਿੱਚਕਾਰ ਕੋਈ ਖਾਸ ਆਤਮਾ



327 ਉਸਤਤ ਹੋਵੇ। ਔਹ ਜਦ ਮੈਂ ਇਸਨੂੰ ਵੇਖਿਆ ਤਾਂ ਮੈਂ ਬਸ .......ਮੈਂ ਕਿਹਾ, ਪ੍ਰਭੂ ਤੇਰਾ ਧੰਨਵਾਦ। ਜਦ ਮੈਂ ਇਹਨੂੰ ਵੇਖ ਰਿਹਾ ਸੀ ਕਿ ਇਹ ਕਿਵੇਂ ਹੋਇਆ ਹੈ, ਮੈ ਉਸ ਏਲੀਯਾਹ ਨੂੰ ਇਕੱਲੇ ਹੀ ਉਸ ਪਹਿਲੇ ਯੁੱਗ ਲਈ ਬਾਹਰ ਆਉਂਦੇ ਹੋਏ ਵੇਖਿਆ ਅਤੇ ਉਹ ਇਕੱਲਾ ਹੀ ਆਇਆ ਸੀ। ਇਸ ਤੋਂ ਬਾਦ ਜਦ ਮੈਂ ਉਸਨੂੰ ਫਿਰ ਕਿਸੇ ਹੋਰ ਲਈ ਆਉਂਦਾ ਵੇਖਿਆ ਤਾਂ ਮੈਂ ਉਨ੍ਹਾਂ ਦੋਹਾਂ ਨੂੰ ਵੇਖਿਆ-ਜਦ ਇਸ ਤਰ੍ਹਾਂ ਹੋਇਆ ਤਾਂ ਮੈਂ ਉਨ੍ਹਾਂ ਦੋਹਾਂ ਨੂੰ ਵੇਖਿਆ ....ਮੈਂ ਕਿਹਾ, " ਇਸੇ ਤਰ੍ਹਾਂ ਹੀ ਹੈ। ਪ੍ਰਭੂ, ਇਹ ਇਸੇ ਤਰ੍ਹਾਂ ਹੀ ਕਰਦਾ ਹੈ। ਆਮੀਨ। ਹੁਣ ਮੈਂ ਇਹਨੂੰ ਵੇਖ ਲਿਆ ਹੈ। "

328 ਜੇ ਮੈਂ ਇਸਦਾ ਬਿਆਨ ਨਾ ਕਰਦਾ ਤਾਂ ਇਹ ਕਿਸੇ ਲਈ ਥੋੜਾ ਗੜਬੜੀ ਵਾਲਾ ਬਣਿਆ ਰਹਿੰਦਾ। ਪ੍ਰੰਤੂ ਉਸਨੇ ਮੈਨੂੰ ਇਹ ਦੱਸਣ ਲਈ ਕਿਹਾ ਇਸੇ ਲਈ ਹੀ ਮੈਂ ਇਹ ਦੱਸਿਆ ਹੈ।

329 ਧਿਆਨ ਦਿਓ, ਇਹਨਾਂ ਨੇ ਆਪਣੀ ਸੇਵਕਾਈ ਇੰਨੇ ਵਧੀਆ ਢੰਗ ਨਾਲ ਕੀਤੀ ਕਿ ਖੁਦਾ ਨੇ ਇਨ੍ਹਾਂ ਨੂੰ ਇਹਨਾਂ ਦੀ ਮੂਲ ਸੇਵਕਾਈ ਲਈ ਅਤੇ ਭਵਿੱਖ ਦੀ ਸੇਵਕਾਈ ਲਈ ਜੀਉਂਦੇ ਰੱਖਿਆ ਹੈ। ਸਮਝੇ? ਜਰਾ ਸੋਚੋ ਕਿ ਏਲੀਯਾਹ ਦਾ ਆਤਮਾ ਪੰਜ ਵਾਰ ਸੇਵਕਾਈ ਕਰਦਾ ਹੈ :ਮੂਸਾ ਦੋ ਵਾਰ ਕਰਦਾ ਹੈ। ਧਿਆਨ ਦਿਓ, ਉਹ ਅਗਾਂਹ ਦੀ ਸੇਵਕਾਈ ਲਈ ਜੀਉਂਦੇ ਰੱਖੇ ਗਏ .......

330 ਉਨ੍ਹਾਂ ਦੋਹਾਂ ਵਿੱਚੋਂ ਕੋਈ ਵੀ ਨਹੀਂ ਮਰਿਆ ਹੈ। ਕੀ ਤੁਸੀਂ ਇਹਦਾ ਵਿਸ਼ਵਾਸ਼ ਨਹੀਂ ਕਰਦੇ ਹੋ?ਰੂਪ ਬਦਲ ਜਾਣ ਵਾਲੇ ਪਹਾੜ ਉੱਤੇ ਯਿਸੂ ਦੇ ਬਦਲ ਜਾਣ ਦੇ ਸਮੇਂ ਉਹਨਾਂ ਦੋਹਾਂ ਨੂੰ ਜੀਉਂਦੇ ਅਤੇ ਯਿਸੂ ਨਾਲ ਗੱਲਾਂ ਕਰਦੇ ਹੋਏ ਵੇਖਿਆ ਗਿਆ ਸੀ। ਪ੍ਰੰਤੂ ਯਾਦ ਰੱਖੋ ਕਿ ਉਨ੍ਹਾਂ ਨੇ ਜਰੂਰ ਮਰਨਾ ਹੈ।

331 ਹੁਣ, ਹੁਣ ਮੂਸਾ ਅਸਲ ਵਿੱਚ ਮਰਿਆ ਸੀ। ਪ੍ਰੰਤੂ ਉਹ ਜੀ ਉੱਠਿਆ ਸੀ ਕਿਉਂਕਿ ਉਹ ਮਸੀਹ ਦਾ ਸਿੱਧ ਨਮੂਨਾ ਸੀ। ਸਮਝੇ?ਕੋਈ ਵੀ ਇਹ ਨਹੀਂ ਜਾਣਦਾ ਕਿ ਉਹ ਕਿੱਥੇ ਦੱਬਿਆ ਗਿਆ ਸੀ। ਸਵਰਗ ਦੂਤ ਆਏ ਅਤੇ ਉਸਨੂੰ ਉਠਾ ਕੇ ਲੈ ਗਏ ਸਨ। ਸਮਝੇ?ਸਵਰਗ ਦੂਤ ਨੇ ਹੀ ਉਹਨੂੰ ਕਫਨ ਪਹਿਨਾਇਆ ਸੀ। ਕਿਉਂ? ਜਿੱਥੇ ਉਹ ਜਾ ਰਿਹਾ ਸੀ ਉੱਥੇ ਕੋਈ ਵੀ ਨਾਸ਼ਵਾਨ ਆਦਮੀਂ ਉਸਨੂੰ ਉਠਾ ਕੇ ਨਹੀਂ ਲਿਜਾ ਸੱਕਦਾ ਸੀ। ਉਸਨੇ ਤਾਂ ਅਗਾਂਹ ਵੱਧ ਕੇ ਕੰਮ ਕੀਤਾ ਸੀ, ਉਸਨੇ ਤਾਂ ਬਸ ਇਹ ਹੀ ਕੀਤਾ ਸੀ। ਉਹਦੀ ਅਰਥੀ ਚੁੱਕਣ ਵਾਲੇ ਫਰਿਸ਼ਤੇ ਸਨ। ਕਿਉਂਕਿ ਉਹ ਉਹਨੂੰ ਚੁੱਕ ਕੇ ਉੱਥੇ ਲੈ ਗਏ ਜਿੱਥੇ ਕਿ ਉਹਨੂੰ ਹੋਣਾ ਚਾਹੀਦਾ ਸੀ। ਕੋਈ ਨਹੀਂ ਜਾਣਦਾ ਕਿ ਉਹਨੂੰ ਕਿੱਥੇ ਦੱਬਿਆ ਗਿਆ ਸੀ।

332 ਇੱਥੋਂ ਤੱਕ ਕਿ ਸ਼ੈਤਾਨ ਵੀ ਨਹੀਂ ਜਾਣਦਾ ਸੀ; ਉਹ ਉਸਦੀ ਲਾਸ਼ ਲਈ ਬਲੀ ਦੂਤ ਦੇ ਨਾਲ ਝਗੜਾ ਕਰਦਾ ਸੀ। ਇਹ ਸੱਚ ਹੈ। ਉਹ ਸਮਝ ਨਹੀਂ ਸਕਿਆ ਕਿ ਮੂਸਾ ਨੂੰ ਕੀ ਹੋਇਆ ਹੈ। " ਮੈਂ ਉਹਨੂੰ ਉੱਥੇ ਕੰਬਦੇ ਹੋਏ ਵੇਖਦਾ ਹਾਂ ਅਤੇ ਉਹ ਦੂਰ ਉਸ ਦੇਸ਼ ਨੂੰ ਵੇਖ ਰਿਹਾ ਸੀ ਅਤੇ ਮੁੜ ਕੇ ਬੱਚਿਆਂ ਆਦਿ ਨੂੰ ਦੇਖ ਰਿਹਾ ਸੀ, ਮੈਂ ਉਸਨੂੰ ਕੰਬਦੇ ਹੋਏ ਨੂੰ ਵੇਖਿਆ ਹੈ, ਪ੍ਰੰਤੂ ਜਦ ਉਹ ਚੱਟਾਨ ਤੇ ਚੜਿਆ ਤਦ ਮੈਂ ਉਹਨੂੰ ਆਖਰੀ ਵਾਰ ਵੇਖਿਆ ਸੀ। "

333 ਉਹ ਹੀ ਚੱਟਾਨ ਹੈ। ਉਹ ਹੀ ਉਹ ਚੱਟਾਨ ਹੈ। ਮੈਨੂੰ ਆਪਣੇ ਜੀਵਨ ਦੀ ਸਮਾਪਤੀ ਤੇ ਉਸੇ ਚੱਟਾਨ ਤੇ ਖੜਾ ਹੋਣ ਦਿਓ। ਜੀ ਹਾਂ, ਸ਼੍ਰੀਮਾਨ। ਮੇਰਾ ਕਾਲੇ ਰੰਗ ਦਾ ਭਾਈ ਇੱਥੇ ਆ ਕੇ ਇੱਕ ਛੋਟਾ ਜਿਹਾ ਗੀਤ ਗਾਉਂਦਾ ਸੀ,

ਅਤੇ ਉਹ ਸੋਚਦੇ ਹਨ ਕਿ ਇਹ ਇੱਕ ਹੀ ਹੈ। ਆਓ ਜਰਾ ਇੱਕ ਪਲ ਲਈ ਮੈਂ ਇਸ ਗੱਲ ਨੂੰ ਤੁਹਾਡੇ ਲਈ ਸਪੱਸ਼ਟ ਕਰਦਾ ਹਾਂ। ਇਹ ਕੁਝ ਥੋੜਾ ਜਿਹਾ ਗੜਬੜੀ ਵਾਲਾ ਹੈ। ਯਾਦ ਰੱਖੋ ਕਿ ਮਲਾਕੀ 4 ਵਿੱਚ ਇਹ ਕਿਹਾ ਗਿਆ ਹੈ ਕਿ " ਉਹ ਪਿੱਤਰਾਂ ਦੇ ਵਿਸ਼ਵਾਸ਼ ਨੂੰ ਵਾਪਸ ਲੈ ਕੇ ਆਏਗਾ--ਜਾਂ ਬਾਲਕਾਂ ਨੂੰ ਪਿੱਤਰਾਂ ਵੱਲ ਮੋੜੇਗਾ। " ਵੇਖੋ, "ਉਹ ਬਾਲਕਾਂ ਨੂੰ ਵਾਪਸ ਪਿੱਤਰਾਂ ਵੱਲ ਮੋੜੇਗਾ।"

322 ਹੁਣ ਮੈਂ ਤੁਹਾਨੂੰ ਚੌਥੀ ਵਾਰ ਆਉਣ ਵਾਲੇ ਏਲੀਯਾਹ ਅਤੇ ਪੰਜਵੀਂ ਵਾਰ ਆਉਣ ਵਾਲੇ ਏਲੀਯਾਹ ਦੀ ਸੇਵਕਾਈ ਵਿੱਚ ਫਰਕ ਵਿਖਾਉਂਦਾ ਹਾਂ। ਜੇ ਇਹ ਪੰਜਵਾਂ ਏਲੀਯਾਹ ਬਾਲਕਾਂ ਦੇ ਵਿਸ਼ਵਾਸ਼ ਨੂੰ ਪਿੱਤਰਾਂ ਦੇ ਵਿਸ਼ਵਾਸ਼ ਵੱਲ ਫੇਰਦਾ ਹੈ ਤਾਂ ਉਹ ਮਸੀਹ ਦਾ ਇਨਕਾਰ ਕਰੇਗਾ। ਉਹ ਤਾਂ ਵਾਪਸ ਬਿਵਸਥਾ ਵੱਲ ਚਲਾ ਜਾਵੇਗਾ। ਕੀ ਇਹ ਠੀਕ ਹੈ?ਪਿੱਤਰ ਤਾਂ ਬਿਵਸਥਾ ਨੂੰ ਮੰਨਦੇ ਸਨ। ਕੀ ਤੁਸੀਂ ਇਹਨੂੰ ਸਮਝ ਗਏ ਹੋ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]

323 ਧਿਆਨ ਦਿਓ, ਜਦ ਮਲਾਕੀ 4 ਵਿੱਚ ਏਲੀਯਾਹ ਆਪਣੀ ਸੇਵਕਾਈ ਨੂੰ ਪੂਰਾ ਕਰਨ ਆਉਂਦਾ ਹੈ ਤਾਂ ਮਲਾਕੀ ਚਾਰ ਵਿੱਚ ਏਲੀਯਾਹ ਇਕੱਲਾ ਹੀ ਹੈ।

324 ਪ੍ਰੰਤੂ ਜਦ ਉਹ ਪ੍ਰਕਾਸ਼ ਪੋਥੀ 11 ਵਿੱਚ ਯਹੂਦੀਆਂ ਲਈ ਸੇਵਕਾਈ ਕਰਨ ਆਉਂਦਾ ਹੈ ਤਾਂ ਉਸਦੇ ਨਾਲ ਮੂਸਾ ਹੈ। [ਭਾਈ ਬ੍ਰਾਨਹਾਮ ਆਪਣੇ ਦੋਹਾਂ ਹੱਥਾਂ ਨਾਲ ਦੋ ਵਾਰੀ ਤਾੜੀ ਵਜਾਉਂਦੇ ਹਨ-ਸੰਪਾ] ਕੋਈ ਵੀ ਗੜਬੜੀ ਨਹੀਂ ਹੈ, ਜਰਾ ਵੀ ਨਹੀਂ। ਕੀ ਤੁਸੀਂ ਸਮਝੇ ਗਏ ਹੋ? [ਸੰਗਤ ਆਖਦੀ ਹੈ, " ਆਮੀਨ। "]

325 ਜਦੋਂ ਮਲਾਕੀ 4 ਦਾ ਏਲੀਯਾਹ ਆਉਂਦਾ ਹੈ ਤਾਂ ਉਹ ਖੁਦ ਇਕੱਲਾ ਹੀ ਸੇਵਕਾਈ ਕਰਦਾ ਹੈ। ਇੱਥੇ ਸਿਰਫ ਏਲੀਯਾਹ ਹੀ ਸੇਵਕਾਈ ਕਰੇਗਾ, ਇੱਥੇ ਮੂਸਾ ਅਤੇ ਏਲੀਯਾਹ ਦੋਨੋਂ ਇਕੱਠੇ ਸੇਵਕਾਈ ਨਹੀਂ ਕਰਨਗੇ। ਪ੍ਰੰਤੂ ਇਹ ਕਿਹਾ ਗਿਆ ਹੈ ਕਿ ਜਿਹੜਾ ਆਤਮਾ ਏਲੀਯਾਹ ਤੇ ਸੀ ਉਹ ਹੀ ਆਤਮਾ ਕਲੀਸਿਯਾ ਦੇ ਆਖਰੀ ਭਾਗ ਲਈ ਆਏਗਾ ਤਾਂ ਕਿ, ਬਾਲਕਾਂ ਦੇ ਵਿਸ਼ਵਾਸ਼ ਨੂੰ ਵਾਪਸ ਪਿੱਤਰਾਂ ਦੇ ਮੂਲ ਵਿਸ਼ਵਾਸ਼ ਵੱਲ ਮੋੜੇ ਅਤੇ ਇਸੇ ਦੇ ਵੱਲ ਹੀ ਅਸੀਂ ਮੁੜਨਾ ਹੈ। ਅਤੇ ਮਸੀਹ ਵਿਰੋਧੀ ਨੇ ਉਨ੍ਹਾਂ ਸੱਭ ਨੂੰ ਵੱਖ ਕਰ ਦਿੱਤਾ ਸੀ। ਵਚਨ ਦੀ ਇਹ ਲਿਖਤ ਕਿ, " ਉਨ੍ਹਾਂ ਨੂੰ ਵਾਪਸ ਮੋੜੇਗਾ," ਉਸੇ ਤਰ੍ਹਾਂ ਹੀ ਲਿਖਤਾਂ ਦੇ ਨਾਲ ਮੇਲ ਖਾਂਦਾ ਹੈ ਜਿਵੇਂ ਬਾਕੀ ਸਾਰੀਆਂ ਲਿਖਤਾਂ ਇੱਕ ਦੂਸਰੇ ਨਾਲ ਮੇਲ ਖਾਂਦੀਆਂ ਹਨ.....ਵੇਖਿਆ?ਉਹ ਇਕੱਲਾ ਆਉਂਦਾ ਹੈ। ਸਮਝੇ?

326 ਪ੍ਰੰਤੂ ਜਦ ਉਹ ਕਲੀਸਿਯਾ ਲਈ ਆਉਂਦਾ ਹੈ ........ਇੱਕ ਲੱਖ ਚੁਤਾਲੀ ਹਜਾਰ ਲਈ ਆਉਂਦਾ ਹੈ ਤਾਂ ਬਾਈਬਲ ਸਾਫ ਦੱਸਦੀ ਹੈ ਕਿ ਉਹ ਦੋਨੋਂ .......ਉਨ੍ਹਾਂ ਵਿੱਚੋਂ ਇੱਕ ਨਹੀਂ ਬਲਕਿ ਉਹ ਦੋਨੋਂ ਹੀ ਆਉਣਗੇ, ਉਹ ਦੋਨੋਂ ਹੀ। ਅਤੇ ਉਸਦੀ ਪਹਿਲੀ ਸੇਵਕਾਈ ਯਹੂਦੀਆਂ ਲਈ ਨਹੀਂ ਹੋ ਸੱਕਦੀ ਹੈ ਅਤੇ ਜੇ ਉਸਦੀ ਇਹ ਸੇਵਕਾਈ ਯਹੂਦੀਆਂ ਲਈ ਹੁੰਦੀ ਹੈ ਤਾਂ ਉਹ ਉਨ੍ਹਾਂ ਨੂੰ ਵਾਪਸ ਬਿਵਸਥਾ ਦੇ ਵੱਲ ਮੋੜਦਾ ਹੈ, ਅਤੇ ਉਹ ਬਣ ਜਾਂਦਾ ਹੈ ......ਪ੍ਰੰਤੂ ਪੰਜਵੀਂ ਸੇਵਕਾਈ ਵਾਲਾ ਏਲੀਯਾਹ ਇੱਕ ਲੱਖ ਚੁਤਾਲੀ ਹਜਾਰ ਨੂੰ ਮਸੀਹ ਦਾ ਪ੍ਰਚਾਰ ਕਰ ਰਿਹਾ ਹੈ। ਆਮੀਨ। ਇਹ ਉਨ੍ਹਾਂ ਨੂੰ ਪ੍ਰਚਾਰ ਕਰੇਗਾ ਕਿ " ਇਹ ਉਹ ਹੀ ਹੈ, ਉਹ ਮਸੀਹ ਹੀ ਸੀ ਜਿਹੜਾ ਮਾਰਿਆ ਗਿਆ ਸੀ। " ਆਮੀਨ। ਇਹ ਇਸੇ ਤਰ੍ਹਾਂ ਹੀ ਹੋਣਾ ਹੈ ;ਇਸ ਲਈ ਏਲੀਯਾਹ ਦੀ ਸੇਵਕਾਈ ਦੇ ਬਾਰੇ ਵਿੱਚ ਕੋਈ ਵੀ ਭੁਲੇਖਾ ਨਹੀਂ ਹੈ। ਇਸ ਲਈ ਇਸ ਵਿੱਚ ਕੋਈ ਵੀ ਗੜਬੜੀ ਨਹੀਂ ਹੈ। ਵਚਨ ਝੂਠ ਨਹੀਂ ਬੋਲਦਾ ਹੈ, ਵਚਨ ਜਰਾ ਵੀ ਝੂਠਾ ਨਹੀਂ ਹੈ।



ਭੇਜਦਾ ਹੈ ਤਾਂ ਸਿਰਫ ਉਹ ਹੀ ਇੱਕ ਅਜਿਹੀ ਚੀਜ਼ ਹੈ ਜਿਹਦੇ ਰਾਹੀਂ ਉਹ ਕੰਮ ਕਰ ਸੱਕਦੇ ਹਨ ਜਿਹੜਾ ਆਤਮਾ ਉਹਨਾਂ ਦੇ ਵਿੱਚ ਕੰਮ ਕਰ ਰਿਹਾ ਹੈ। ਹੁਣ ਅਸੀਂ ਤੁਹਾਨੂੰ ਕਲੀਸਿਯਾ ਦੇ ਇਤਿਹਾਸ ਦੇ ਰਾਹੀਂ ਅਤੇ ਮੋਹਰਾਂ ਦੇ ਖੁੱਲ੍ਹਣ ਦੇ ਰਾਹੀਂ ਅਤੇ ਉਹਨਾਂ ਸ਼ਕਤੀਆਂ ਦੇ ਛੱਡਣ ਦੇ ਰਾਹੀਂ ਬਿਲਕੁੱਲ ਠੀਕ-ਠੀਕ ਇਹ ਸਿੱਧ ਕਰਾਂਗੇ ਕਿ ਕਲੀਸਿਯਾ ਮੱਸ੍ਹਾ ਉੱਤੇ ਹੀ ਨਿਰਭਰ ਸੀ ਅਤੇ ਉਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸੱਕਦੇ ਸਨ।

141 ਹੁਣ ਅਸੀਂ ਵੇਖਿਆ ਕਿ ਸੱਭ ਤੋਂ ਪਹਿਲਾ ਜੰਤੂ ਜਿਹਨੇ ਉਸ ਸ਼ੁੱਧ ਮਿਲਾਵਟ ਤੋਂ ਬਿਨਾਂ ਵਚਨ ਦੀ ਗਰਜ ਮਾਰੀ ਸੀ, ਉਹ ਸ਼ੇਰ ਸੀ।

142 ਅਤੇ ਜਿਹੜਾ ਦੂਜਾ ਜੰਤੂ ਜੋ ਕਿ ਥੁਆਤੀਰਾ ਵਿੱਚ ਸੀ ਉਹ ਬਲਦ ਸੀ। ਅਤੇ ਉਹ ਇੱਕ ਬੋਝ ....ਉਹ ਬੋਝ ਚੁੱਕਣ ਵਾਲਾ ਜੰਤੂ ਸੀ। ਮੈਨੂੰ ਮਾਫ ਕਰਨਾ ਉਹ ਇੱਕ ਬਲੀ ਦਾ ਵੀ ਜੰਤੂ ਹੈ। ਕੀ ਬਿਲਕੁੱਲ ਇਸੇ ਤਰ੍ਹਾਂ ਦੀ ਹੀ ਉਹ ਬੇਚਾਰੀ, ਛੋਟੀ ਕਲੀਸਿਯਾ ਨਹੀਂ ਸੀ?ਅਤੇ ਰੋਮ ਨੇ ਉਹਨਾਂ ਹਜ਼ਾਰ ਸਾਲ ਦੇ ਹਨੇਰ ਯੁੱਗਾਂ ਵਿੱਚ ਆਪਣੇ ਪੈਰ ਜਮਾਏ ਹੋਏ ਸਨ ਅਤੇ ਕੋਈ ਵੀ ਚੀਜ਼ ਜਿਹੜੀ ਰੋਮਨ ਕੈਥੋਲਿਕ ਦੇ ਨਾਲ ਨਾ ਹੋਣ ਦਾ ਦਾਅਵਾ ਕਰਦੀ ਸੀ ਉਸਨੂੰ ਤੁਰੰਤ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਅਤੇ ਉਹਨਾਂ ਨੂੰ ਮਿਹਨਤ ਕਰਨੀ ਪਈ ਅਤੇ ਉਹ ਇੱਕ ਥਾਂ ਤੋਂ ਦੂਸਰੀ ਥਾਂ ਤੇ ਜਾਂਦੇ ਹੁੰਦੇ ਸਨ।

143 ਤੁਸੀਂ ਰਾਜ ਮਿਸਤਰੀਓ, ਮੈਂ ਤੁਹਾਡਾ ਧਿਆਨ ਖਿੱਚਣਾ ਚਾਹੁੰਦਾ ਹਾਂ। ਕੀ ਤੁਹਾਨੂੰ ਸਲੀਬ ਦਾ ਨਿਸ਼ਾਨ ਯਾਦ ਹੈ? ਹੁਣ ਤੁਸੀਂ ਜਾਣਦੇ ਹੋ ਕਿ ਮੈਂ ਕੀ ਕਹਿ ਰਿਹਾ ਹਾਂ।

144 ਹੁਣ ਧਿਆਨ ਦਿਓ। ਹੁਣ ਜੇ ਤੁਸੀਂ ਧਿਆਨ ਦਿਓ ਤਾਂ ਤੁਸੀਂ ਵੇਖੋਗੇ ਕਿ ਉਹ ਉਸ ਬਾਈਬਲ ਨੂੰ ਸੁਰੱਖਿਅਤ ਕਰਦੀ ਸੀ। ਸਮਝੇ? ਅਤੇ ਉਹਨਾਂ ਨੂੰ ਇੱਕ -ਦੂਜੇ ਦੇ ਵਿੱਚਕਾਰ ਮਿਹਨਤ ਕਰਨੀ ਪੈਂਦੀ ਸੀ। ਅਤੇ ਇਹ ਬੈਲ ਹੀ ਸੀ ਜੋ ਮਿਹਨਤ ਕਰ ਰਿਹਾ ਸੀ ਅਤੇ ਫਿਰ ਜਦ ਉਹ ਸਮਾਂ ਆਇਆ ....ਅਸੀਂ ਇਹ ਕੱਲ ਰਾਤ ਪੜ੍ਹਿਆ ਸੀ। ਵੇਖੋ ਜਦੋਂ ਇਹ ਗੱਲਾਂ ਅਗਾਂਹ ਵਧੀਆਂ ਅਤੇ ਉਹ ਬਲੀਦਾਨ ਆਇਆ ਤਾਂ ਉਹਨਾਂ ਨੇ ਬਲੀ ਹੋਣ ਲਈ ਜਾਣਾ ਸੀ।

ਉਸਨੇ ਕਿਹਾ, " ਤੂੰ ਦਾਖਰਸ ਅਤੇ ਤੇਲ ਦਾ ਵਿਗਾੜ ਨਾ ਕਰਨਾ। "

145 ਉਸਨੇ ਕੀ ਕੀਤਾ ਸੀ?ਉਹ ਆਪਣੀ ਮਰਜ਼ੀ ਨਾਲ ਗਏ ਅਤੇ ਮਰ ਗਏ। ਉਹਨਾਂ ਨੇ ਮਰਨ ਦੀ ਪ੍ਰਵਾਹ ਨਹੀਂ ਕੀਤੀ ਸੀ ਕਿਉਂਕਿ ਉਸ ਦਿਨ ਕਲੀਸਿਯਾ ਦਾ ਆਤਮਾ ਬਲੀਦਾਨ ਵਾਲਾ ਸੀ, ਮਿਹਨਤ ਵਾਲ ਸੀ। ਉਹ ਉਸ ਯੁੱਗ ਦੇ ਪ੍ਰਮੇਸ਼ੁਰ ਦੇ ਸੱਚੇ ਆਤਮਾ ਨਾਲ ਮੱਸ੍ਹਾ ਹੋ ਕੇ ਜਿੰਨੀ ਅਜਾਦੀ ਨਾਲ ਮਰਨ ਲਈ ਜਾ ਸੱਕਦੇ ਸਨ ਗਏ ਅਤੇ ਸੂਰਵੀਰਾਂ ਵਾਂਗ ਮਰੇ ਅਤੇ ਬਲੀਦਾਨ ਦਿੱਤਾ, ਹਜ਼ਾਰਾਂ ਹੀ ਵਾਰ ਇਸ ਤਰ੍ਹਾਂ ਹੋਇਆ ਅਤੇ ਉਹਨਾਂ ਵਿੱਚੋਂ ਛੇ ਕਰੋੜ ਅੱਸੀ ਲੱਖ ਦਾ ਤਾਂ ਰਿਕਾੱਰਡ ਵੀ ਮਿਲਦਾ ਹੈ।

146 ਬੈਲ,ਬਲੀਦਾਨ। ਔਹ ਮੇਰੇ ਖੁਦਾ। ਕੀ ਤੁਸੀਂ ਸਮਝ ਗਏ? [ਸੰਗਤ ਆਖਦੀ ਹੈ-"ਆਮੀਨ। "-ਸੰਪਾ] ਚੰਗਾ। ਠੀਕ ਹੈ। ਹੁਣ ਉਸ ਯੁੱਗ ਵਿੱਚ ਸਿਰਫ ਬਲੀਦਾਨ ਹੀ ਮਿਹਨਤ ਕਰ ਸੱਕਦਾ ਸੀ, ਅਤੇ ਉਹਨਾਂ ਇੱਕ ਹਜ਼ਾਰ ਸਾਲਾਂ ਲਈ ਉਸ ਵੱਡੇ ਵਿਰੋਧੀ ਦਾ ਸਾਹਮਣਾ ਕਰ ਸੱਕਦਾ ਸੀ।

147 ਹੁਣ, ਜਿਹੜਾ ਤੀਸਰਾ ਪਸ਼ੂ ਸ਼ੈਤਾਨ ਦੇ ਵੱਲੋਂ ਨਿੱਕਲਿਆ ਉਹ ਕਾਲਾ ਘੋੜਾ ਸੀ। ਸਮਝੇ?

148 ਹੁਣ, ਕਾਲੇ ਘੋੜੇ ਦੀਆਂ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਪ੍ਰਮੇਸ਼ੁਰ ਵੱਲੋਂ ਜਿਹੜਾ ਤੀਸਰਾ ਜੰਤੂ ਨਿੱਕਲ ਕੇ ਆਇਆ ਉਹ ਇੱਕ ਮਨੁੱਖ ਸੀ-ਉਹ ਖੁਦਾ ਦੇ ਵੱਲੋਂ ਇੱਕ ਸਮਰੱਥਾ ਸੀ, ਉਹ ਮਨੁੱਖ ਬਹੁਤ ਹੀ ਹੁਸ਼ਿਆਰ, ਤੇਜ਼ ਅਤੇ ਖੁਦਾ ਦੀ ਅਕਲ ਨਾਲ ਭਰਪੂਰ ਸੀ। ਤੁਸੀਂ ਜਾਣਦੇ ਹੋ ਕਿ ਮਨੁੱਖ ਕਿਸੇ ਵੀ ਪਸ਼ੂ ਤੋਂ ਵੱਧ ਹੁਸ਼ਿਆਰ ਹੁੰਦਾ ਹੈ। ਸਮਝੇ? ਮਨੁੱਖ ਪਸ਼ੂ ਦੇ ਨਾਲੋਂ ਵੱਧ ਚਲਾਕ ਹੈ ਕਿਉਂਕਿ ਜਿਆਦਾਤਰ ਉਹ ਪਸ਼ੂ ਨੂੰ ਮਾਰ ਦਿੰਦਾ ਹੈ। ਉਹ ਹੁਸ਼ਿਆਰ, ਤੇਜ ਅਤੇ ਪੜ੍ਹਿਆ ਲਿਖਿਆ ਹੈ। ਸਮਝੇ? ਅਤੇ ਉਹ ............

149 ਹੁਣ ਜੋ ਹਨੇਰੇ ਕਾਲ ਵਿੱਚੋਂ ਇੱਕ ਹੋਰ ਕਾਲ ਨਿੱਕਲ ਕੇ ਆ ਰਿਹਾ ਸੀ, ਇਸ ਹਨੇਰ ਕਾਲ ਦੇ ਦੂਜੇ ਪਾਸੇ ਇੱਕ ਹੋਰ ਯੁੱਗ ਨਿੱਕਲ ਕੇ ਆ ਰਿਹਾ ਸੀ, ਜਦ ਇਹ ਕਾਲੇ ਘੋੜੇ ਦਾ ਸਵਾਰ ਚੱਲ ਰਿਹਾ ਸੀ, ਜਦ ਉਹਨਾਂ ਆਪਣੀਆਂ ਕੁਰਬਾਨੀਆਂ ਲਈ ਦਾਨ ਵਸੂਲ ਕਰ ਲਿਆ ਅਤੇ ਸੱਭ ਕੁਝ ਕਰ ਚੁੱਕੇ ਸਨ ਤਾਂ ਇੱਕ ਹੋਰ ਯੁੱਗ ਆਇਆ ਸੀ। ਅਤੇ ਬਸ ਪੈਸਾ ਹੀ .....ਸੀ, ਔਹ, ਕੀ ਤੁਸੀਂ ਜਾਣਦੇ ਹੋ ਕਿ ਇਹ ਕਿਵੇਂ ਸੀ।

150 ਹੁਣ, ਅਗਲੀ ਚੀਜ਼ ਜਿਹੜੀ ਕਾਲੇ ਘੋੜੇ ਨਾਲ ਮੁਕਾਬਲਾ ਕਰਨ ਲਈ ਆਈ ਉਸਦਾ ਮੂੰਹ ਮਨੁੱਖ ਦਾ ਸੀ: ਉਹ ਤੇਜ਼ ਬੁੱਧੀ, ਪੜ੍ਹਿਆ-ਲਿਖਿਆ, ਵਧੀਆ, ਚਲਾਕ, ਉਸ ਸਮੇਂ ਦੇ ਆਤਮਾ ਨਾਲ ਮਸਹ੍ਰ ਮਨੁੱਖ ਸੀ। ਕੀ ਤੁਸੀਂ ਇਸ ਤੇ ਧਿਆਨ ਦਿੱਤਾ ਹੈ? ਹੁਣ, ਉਹ ਮਨੁੱਖ ਦੀ ਬੁੱਧੀ ਸਮੇਤ ਉਸਦੇ ਨਾਲ ਮੁਕਾਬਲਾ ਕਰਨ ਆਇਆ। ਉਹ ਯੁੱਗ ਸੁਧਾਰਕਾਂ ਦਾ ਯੁੱਗ ਸੀ ਜਿਹਦੇ ਵਿੱਚ ਮਾਰਟਿਨ ਲੂਥਰ, ਜਾੱਨ ਵੈਜਲੀ ਅਤੇ ਹੋਰ ਦੂਸਰੇ ਸੁਧਾਰਕ ਹੋਏ ਸਨ। ਵੇਖੋ ਉਹ ਯੁੱਗ ਸੁਧਾਰਕਾਂ ਦਾ ਯੁੱਗ ਸੀ। ਜਵਿੰਗਲੀ, ਨਾੱਕਸ ਕੈਲਵਿਨ ਅਰ ਹੋਰ ਸੱਭ ਸੁਧਾਰਕ ਉਸਦਾ ਮੁਕਾਬਲਾ ਕਰਨ ਨੂੰ ਨਿੱਕਲੇ ਸਨ। ਇਹ ਚਲਾਕੀ ਦਾ ਯੁੱਗ ਸੀ। ਹੁਣ, ਤੁਸੀਂ ਹਨੇਰੇ ਦੇ ਯੁੱਗ ਵਿੱਚੋਂ ਸੁਧਾਰ ਦੇ ਯੁੱਗ ਨੂੰ ਬਿਲਕੁੱਲ ਠੀਕ-ਠੀਕ ਵੇਖੋ ਅਤੇ ਤੁਸੀਂ ਵੇਖੋਗੇ ਕਿ ਇਹ ਯੁੱਗ ਮਨੁੱਖ ਦੀ ਚਤੁਰਾਈ ਦਾ ਯੁੱਗ ਸੀ।

151 (ਜੇ ਤੁਸੀਂ ਖਿੜਕੀਆਂ ਨੂੰ ਥੋੜਾ ਜਿਹਾ ਹੇਠਾਂ ਨੂੰ ਕਰ ਦਿਓ। ਮੇਰਾ ਯਕੀਨ ਹੈ ਕਿ ਲੋਕਾਂ ਨੂੰ ਇੱਕ ਪ੍ਰਕਾਰ ਦੇ ਨਾਲ ਇੱਥੇ ਅੰਦਰ ਗਰਮੀਂ ਲੱਗ ਰਹੀ ਹੈ। ਕੀ ਤੁਸੀਂ ਖਿੜਕੀਆਂ ਨੂੰ ਥੋੜਾ ਜਿਹਾ ਹੇਠਾਂ ਨੂੰ ਕਰ ਦਿਓਗੇ :ਕਿਉਂਕਿ ਮੈਂ ਜਾਣਦਾ ਹਾਂ ਕਿ ਜੇ ਮੈਨੂੰ ਇੱਥੇ ਖੜੇ ਨੂੰ ਪ੍ਰਚਾਰ ਕਰਦੇ ਹੋਏ ਗਰਮੀਂ ਲੱਗ ਰਹੀ ਹੈ ਤਾਂ ਤੁਹਾਨੂੰ ਤਾਂ ਉੱਥੇ ਹੋਰ ਵੀ ਵੱਧ ਗਰਮੀਂ ਲੱਗ ਰਹੀ ਹੋਵੇਗੀ। )

152 ਪ੍ਰੰਤੂ ਧਿਆਨ ਦਿਓ, ਉਹ ਮਨੁੱਖ ਦੀ ਹੁਸ਼ਿਆਰੀ ਸੀ। ਹੁਣ, ਕੀ ਤੁਸੀਂ ਇਹਨੂੰ ਸਮਝ ਗਏ ਹੋ?

153 ਜਿਸ ਤੀਸਰੇ ਪਸ਼ੂ ਨੂੰ ਸ਼ੈਤਾਨ ਨੇ ਭੇਜਿਆ ਸੀ ਉਹ ਵੀ ਚਲਾਕ ਸੀ। ਧਿਆਨ ਦਿਓ, "ਇੱਕ ਸੇਰ ਕਣਕ ਦਾ ਮੁੱਲ ਇੱਕ ਅਠੰਨੀ, ਤਿੰਨ ਸੇਰ ਜੋਂ ਇੱਕ ਅਠੰਨੀ ਦੇ। " ਵੇਖਿਆ? ਹੇ ਮੇਰੇ ਖੁਦਾ। ਸਮਝੇ? ਦੁਨੀਆਂ ਦਾ ਧਨ ਅਤੇ ਸੋਨਾ ਪ੍ਰਾਪਤ ਕਰਨ ਲਈ ਉਸ ਦੀ ਚਤੁਰਾਈ ਵੇਖੋ। ਇਹ ਬਿਲਕੁੱਲ ਪੂਰਾ ਕਰਨ ਲਈ ਸੀ। ਇਹ ਹੀ ਉਹ ਸੀ ਜਿਹਦੇ ਲਈ ਉਹਨਾਂ ਨੇ ਦੁਆਵਾਂ ਕਰਨ ਦੀ ਕੀਮਤ ਵਸੂਲ ਕੀਤੀ ਸੀ। ਅਤੇ ਇੱਕ ਜਗ੍ਹਾ ਬਣਾਈ; ਜਿਹਨੂੰ ਮੁਰਦਿਆਂ ਦਾ ਸ਼ੁੱਧੀ ਸਥਾਨ(ਪੁਰਗੇਟਰੀ) ਕਹਿੰਦੇ ਹਨ ਅਤੇ ਉਸ ਜਗ੍ਹਾ ਤੋਂ ਲੋਕਾਂ ਦੇ ਪਿੱਤਰਾਂ ਨੂੰ ਬਾਹਰ ਕੱਢਣ ਲਈ



ਹੀ ਉਨ੍ਹਾਂ ਨੇ ਕੀਤਾ ਸੀ ......ਇਸਨੇ ਉਨ੍ਹਾਂ ਨੂੰ ਬਦਲਿਆ ਨਹੀਂ। ਯਾਦ ਰੱਖੋ ਇਹ ਕਦੇ ਨਹੀਂ ਮਰੇ। ਜਰਾ ਧਿਆਨ ਦਿਓ।

316 ਹੁਣ ਇਸ ਤੋਂ ਪਹਿਲਾਂ ਕਿ ਅਸੀਂ ਇਸ ਗੱਲ ਨੂੰ ਛੱਡੀਏ ਤੁਸੀਂ ਗੜਬੜ ਵਿੱਚ ਨਾ ਪਓ। ਤੁਸੀਂ ਏਲੀਯਾਹ ਦੀ ਪੰਜਵੀਂ ਵਾਰ ਦੀ ਸੇਵਕਾਈ ਨੂੰ ਏਲੀਯਾਹ ਦੀ ਚੋਥੀ ਵਾਰ ਦੀ ਸੇਵਕਾਈ ਨਾਲ ਮਿਲਾ ਕੇ ਗੜਬੜ ਵਿੱਚ ਨਾ ਪਓ। ਮੈਂ ਤੁਹਾਨੂੰ ਦੱਸ ਚੁੱਕਾ ਹਾਂ ਕਿ ਪਰਾਈਆਂ ਜਾਤੀਆਂ ਦੀ ਕਲੀਸਿਯਾ ਏਲੀਯਾਹ ਦੀ ਉਡੀਕ ਕਰ ਰਹੀ ਹੈ। ਇਹ ਸੱਚ ਹੈ।

317 ਹੁਣ ਇੱਥੇ ਉਹ ਯਹੂਦੀਆਂ ਦੇ ਨਾਲ ਹੈ। ਯਾਦ ਰੱਖੋ ਕਿ ਉਹ ਚਾਰ ਵਾਰ ਨਹੀਂ ਆ ਸੱਕਦਾ ਹੈ, ਚਾਰ ਅੰਕ ਤਾਂ ਵੈਰੀ ਦਾ ਅੰਕ ਹੈ। ਉਸਨੇ ਤਾਂ ਪੰਜ ਵਾਰ ਆਉਣਾ ਹੈ।

318 ਪਹਿਲੀ ਵਾਰ ਜਦ ਉਹ ਆਇਆ ਸੀ ਤਾਂ ਉਹ ਖੁਦ ਏਲੀਯਾਹ ਸੀ। ਜਦ ਉਹ ਦੂਸਰੀ ਵਾਰ ਆਇਆ ਤਾਂ ਉਹ ਅਲੀਸ਼ਾ ਸੀ। ਜਦ ਉਹ ਉਸ ਤੋਂ ਬਾਦ ਆਇਆ ਤਾਂ ਉਹ (ਕੀ ਸੀ?)ਯੂਹੰਨਾ ਬਪਤਿਸਮਾ ਦੇਣ ਵਾਲਾ ਸੀ। ਅਤੇ ਜਦ ਉਹ ਇਸ ਤੋਂ ਬਾਦ ਵਿੱਚ ਆਉਂਦਾ ਹੈ ਤਾਂ ਉਹ ਸੱਤਵੇਂ ਦੂਤ ਲਈ ਆਉਂਦਾ ਹੈ, ਅਤੇ ਜਦੋਂ ਉਹ ਪੰਜਵੀਂ ਵਾਰ ਆਉਂਦਾ ਹੈ ਤਾਂ ਉਹ ਮੂਸਾ ਦੇ ਨਾਲ ਉਨ੍ਹਾਂ ਨੂੰ ਪ੍ਰਚਾਰ ਕਰਦਾ ਹੋਇਆ ਨਜਰ ਆਉਂਦਾ ਹੈ। ਹਾਂ ਜੀ, ਸ਼੍ਰੀਮਾਨ। ਬਿਲਕੁੱਲ ਇਸੇ ਤਰ੍ਹਾਂ ਹੀ ਹੈ। ਤੁਸੀਂ ਉਹਦੇ ਬਾਰੇ ਵਿੱਚ ਉਲਝਨ ਵਿੱਚ ਨਾ ਪਵੋ।

319 ਜੇ ਤੁਸੀਂ ਬਾਈਬਲ ਦੀ ਅੰਕਾਵਲੀ ਜਾਣਦੇ ਹੋ ਤਾਂ ਤੁਸੀਂ ਜਾਣਦੇ ਹੋਵੋਗੇ ਕਿ ਪੰਜ ਮਿਹਨਤ ਕਿਰਪਾ ਦਾ ਅੰਕ ਹੈ; ਅਤੇ ਇਹੋ ਹੀ ਉਸਨੇ ਕੀਤਾ ਸੀ। ਹੁਣ ਧਿਆਨ ਦਿਓ, ਤੁਸੀਂ ਜਾਨਣਾ ਚਾਹੁੰਦੇ ਹੋ ਕਿ ਇਹ ਕੀ ਹੈ। ਕੀ ਯਿਸੂ ਮਿਹਨਤ ਦੀ ਕਿਰਪਾ ਸੀ? ਯਿਸੂ ( J-E-S-U-S) ਨਾਮ ਵਿੱਚ ਪੰਜ ਸ਼ਬਦ ਹਨ ਅਤੇ ਮਿਹਨਤ ( L-A-B-O-R) ਸ਼ਬਦ ਵਿੱਚ ਵੀ ਪੰਜ ਅੰਕ ਹਨ। ਕੀ ਇਹ ਠੀਕ ਹੈ। ਤੁਹਾਡੇ ਨਾਲ ਪਿਆਰ ਕਰਨ ਲਈ ਉਸਨੇ ਮਿਹਨਤ ਕੀਤੀ। ਅਤੇ ਜੇ ਤੁਸੀਂ ਉਸਦੇ ਕੋਲ ਆਉਂਦੇ ਹੋ ਤਾਂ ਤੁਸੀਂ ਕਿਵੇਂ ਆਉਂਦੇ ਹੋ-ਤੁਸੀਂ ਕਿਹਦੇ ਰਾਹੀਂ ਉਸਦੇ ਕੋਲ ਆਉਂਦੇ ਹੋ?ਉਸਦੀ ਮਿਹਨਤ ( L-A-B-O-R) ਤੇ ਵਿਸ਼ਵਾਸ਼ ( F-A-I-T-H)ਕਰਨ ਦੇ ਰਾਹੀਂ। ਕੀ ਇਹ ਠੀਕ ਹੈ?ਮਿਹਨਤ ਕਿਰਪਾ ਦਾ ਅੰਕ ਹੈ।

320 ਠੀਕ ਹੈ, ਵਿਸ਼ਵਾਸ਼ੀਆਂ ਦੇ ਲਈ ....ਧਿਆਨ ਦਿਓ, ਪਹਿਲਾ ਏਲੀਯਾਹ ਉਹ ਆਪ ਸੀ। ਦੂਸਰਾ ਅਲੀਸ਼ਾ ਸੀ। ਤੀਜਾ ਯੂਹੰਨਾ ਸੀ। ਚੋਥਾ ਪ੍ਰਕਾਸ਼ ਦੀ ਪੋਥੀ 10:7 ਦੇ ਅਨੁਸਾਰ ਸੱਤਵਾਂ ਦੂਤ ਅਤੇ ਮਲਾਕੀ 4 ਦੇ ਅਨੁਸਾਰ ਕਲੀਸਿਯਾ ਲਈ ਆਖਰੀ ਦੂਤ ਹੈ। ਹੁਣ ਪੰਜਵੀਂ ਵਾਰ ਉਹ ਕਲੀਸਿਯਾ ਦੇ ਉੱਪਰ ਉਠਾਏ ਜਾਣ ਤੋਂ ਬਾਦ ਉਨ੍ਹਾਂ ਯਹੂਦੀਆਂ ਲਈ, ਇੱਕ ਲੱਖ ਚੁਤਾਲੀ ਹਜਾਰ ਯਹੂਦੀਆਂ ਲਈ ਇੱਕ ਦੂਤ ਹੈ।

321 ਮੈਂ-ਮੈਂ -ਮੈਨੂੰ ਹਾਸਾ ਆਉਂਦਾ ਹੈ। ਸਮਝੇ? ਜੋ ਕੁਝ ਲੋਕ ਸੋਚਦੇ ਹਨ .......ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣ ਇਸਨੂੰ ਸਮਝ ਜਾਓ। ਜੇ ਹਾਲੇ ਵੀ ਕੁਝ ਲੋਕ ਇਹ ਸੋਚਦੇ ਹਨ ਕਿ ਮਲਾਕੀ 4 ਬਾਬ ਦਾ ਜਿਹੜਾ ਏਲੀਯਾਹ, ਬਾਲਕਾਂ ਦੇ ਦਿਲਾਂ ਨੂੰ ਪਿੱਤਰਾਂ ਦੇ ਦਿਲਾਂ ਵੱਲ ਮੋੜਨ ਦਾ ਕੰਮ ਪਰਾਈਆਂ ਜਾਤੀਆਂ ਵਿੱਚ ਕਰੇਗਾ, ਬਿਲਕੁੱਲ ਉਹ ਹੀ ਕੰਮ ਉਹ ਯਹੂਦੀਆਂ ਲਈ ਵੀ ਕਰੇਗਾ;

ਨੂੰ ਸਾਢੇ ਤਿੰਨ ਸਾਲ ਤੱਕ ਪ੍ਰਚਾਰ ਕਰਨਗੇ। ਅਤੇ ਇਸੇ ਸਮੇਂ ਵਿੱਚ ਹੀ ਉਨ੍ਹਾਂ ਇੱਕ ਲੱਖ ਚੁਤਾਲੀ ਹਜਾਰ ਦਾ ਬੁਲਾਇਆ ਜਾਣਾ ਹੈ।

308 ਅਤੇ ਇਸਦੇ ਬਾਦ ਧਿਆਨ ਦਿਓ ਕਿ ਇਹ ਦੋ ਨਬੀ ਪੱਕੇ ਤੋਰ ਤੇ ਮੂਸਾ ਅਤੇ ਏਲੀਯਾਹ ਹਨ। ਸਮਝੇ? ਵੇਖਿਆ?ਹੁਣ ਤੁਸੀਂ .......ਉਨ੍ਹਾਂ ਦੀ ਸੇਵਕਾਈ ਨੂੰ ਵੇਖੋ। ਧਿਆਨ ਦਿਓ ਇਹ ਨਬੀ ਕੀ ਕਰਦੇ ਹਨ। ਉਨ੍ਹਾਂ ਨੂੰ ਇਹ ਇਖਤਿਆਰ ਹੈ ਕਿ ਜਦ ਵੀ ਚਾਹੁਣ ਧਰਤੀ ਤੇ ਹਰ ਪ੍ਰਕਾਰ ਦੀ ਬਵਾ ਲੈ ਆਉਣ। ਇਸ ਤਰ੍ਹਾਂ ਕਿਸ ਨੇ ਕੀਤਾ ਸੀ?ਮੂਸਾ ਨੇ। ਉਨ੍ਹਾਂ ਨੂੰ ਅਧਿਕਾਰ ਹੈ ਕਿ ਅਕਾਸ਼ ਨੂੰ ਬੰਦ ਕਰ ਦੇਣ ਕਿ ਉਨ੍ਹਾਂ ਦੀ ਸੇਵਕਾਈ ਦੋਰਾਨ ਮੀਂਹ ਨਾ ਪਵੇ। ਕਿਸ ਨੇ ਸਾਢੇ ਤਿੰਨ ਸਾਲ ਤੱਕ ਅਕਾਸ਼ ਨੂੰ ਬੰਦ ਕੀਤਾ ਸੀ?[ਸੰਗਤ ਆਖਦੀ ਹੈ, "ਏਲੀਯਾਹ ਨੇ। "-ਸੰਪਾ]ਇਹ ਦੋ ਨਬੀ ਇਹੋ ਹੀ ਹਨ। ਇਹ ਉਹ ਹਨ।

309 ਜਦੋਂ ਕੋਈ ਮਨੁੱਖ ਮਰਦਾ ਹੈ ਤਾਂ ਉਸਦੀ ਹਾਲਤ ਵਿੱਚ ਕੋਈ ਵੀ ਫਰਕ ਨਹੀਂ ਪੈਂਦਾ ਹੈ ; ਉਹ ਉਸਦੀ ਸ਼ਕਲ ਜਾਂ ਰੂਪ ਵਿੱਚ ਕੋਈ ਫਰਕ ਨਹੀਂ ਪਾਉਂਦਾ ਹੈ। ਸਮਝੇ?ਵੇਖੋ ਜਦ--ਜਦ .....ਪਹਿਲਾਂ .....

310 ਜਦ ਸ਼ਾਊਲ ਭਟਕ ਗਿਆ ਸੀ ਅਰ ਉਸਦੇ ਦੇਸ਼ ਵਿੱਚ ਕੋਈ ਵੀ ਨਬੀ ਨਹੀਂ ਸੀ ਉਹ ਸਮਝ ਨਹੀਂ ਸਕਿਆ ਕਿ ਕੀ ਕਰਨਾ ਹੈ। ਉਹ ਇਸਦੇ ਵਿਰੁੱਧ ਸੀ। ਉਹ ਲੜਾਈ ਲਈ ਜਾ ਰਿਹਾ ਸੀ। ਉਹ ਇੰਦੋਰ ਦੀ ਜਾਦੂਗਰਨੀ ਕੋਲ ਗਿਆ।

311 ਉਸ ਸਮੇਂ ਬਲਦਾਂ ਅਤੇ ਬੱਕਰਿਆਂ ਦਾ ਲਹੂ ਸੀ ਇਸ ਲਈ ਉਹ ਇਹ ਕਰ ਸੱਕਦੀ ਸੀ। ਅਤੇ ਉਸਨੇ ਸਮੂਏਲ ਦੀ ਆਤਮਾ ਨੂੰ ਉੱਪਰ ਬੁਲਾਇਆ।

312 ਅਤੇ ਜਦ ਸਮੂਏਲ ਉੱਪਰ ਆਇਆ ਤਾਂ ਉਹ ਆਪਣੇ ਨਬੀ ਵਾਲੇ ਕੱਪੜੇ ਪਾਏ ਹੋਏ ਖੜਾ ਸੀ। ਸਿਰਫ ਇਹੋ ਹੀ ਨਹੀਂ ਬਲਕਿ ਉਹ ਹਾਲੇ ਵੀ ਇੱਕ ਨਬੀ ਸੀ। ਅਤੇ ਉਸਨੇ ਕਿਹਾ, "ਤੂੰ ਮੈਨੂੰ ਮੇਰੇ ਅਰਾਮ ਤੋਂ ਕਿਉਂ ਉੱਪਰ ਬੁਲਾਇਆ ਹੈ ?", ਇਹ ਜਾਣਦੇ ਹੋਏ ਕਿ ਤੂੰ ਪ੍ਰਮੇਸ਼ੁਰ ਦਾ ਵੈਰੀ ਬਣ ਗਿਆ ਹੈ। " ਅਤੇ ਉਹਨੇ ਕਿਹਾ, "ਕੱਲ ਰਾਤ ਇਸੇ ਵੇਲੇ ਤੱਕ ਤੂੰ ਲੜਾਈ ਵਿੱਚ ਮਾਰਿਆ ਜਾਵੇਂਗਾ ਅਤੇ ਇਸ ਸਮੇਂ ਤੱਕ ਤੂੰ ਮੇਰੇ ਨਾਲ ਹੋਵੇਂਗਾ। " ਅਤੇ ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਸੀ। ਵੇਖਿਆ?ਸਿਰਫ ਇਹ ਹੀ ਨਹੀਂ .......ਉਹ ਹਾਲੇ ਵੀ ਇੱਕ ਨਬੀ ਸੀ। ਸਮਝੇ?

313 ਅਤੇ ਇਹ ਦੋ ਆਦਮੀਂ ਹਾਲੇ ਵੀ ਨਬੀ ਹਨ। ਹੁਣ ਜੇ ਪ੍ਰਭੂ ਦੀ ਮਰਜੀ ਹੋਈ ਤਾਂ ਅਸੀਂ ਕੁਝ ਮਿੰਟਾਂ ਲਈ ਇਸਦੀ ਗਹਿਰਾਈ ਵੇਖਾਂਗੇ। ਸਮਝੇ?

314 ਹੇ ਮੇਰੇ, ਖੁਦਾ, ਮੈਂ ਇਸ ਵਚਨ ਨਾਲ ਕਿੰਨਾ ਪਿਆਰ ਕਰਦਾ ਹਾਂ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ "ਆਦਮੀਂ ਸਿਰਫ ਰੋਟੀ ਨਾਲ ਹੀ ਨਹੀਂ ਬਲਕਿ ਹਰ ਇੱਕ ਵਚਨ ਦੇ ਨਾਲ ਜੋ ਪ੍ਰਮੇਸ਼ੁਰ ਦੇ ਮੂੰਹ ਵਿੱਚੋਂ ਨਿੱਕਲਦਾ ਹੈ ਜੀਉਂਦਾ ਰਹੇਗਾ। "

315 ਇਨ੍ਹਾਂ ਦੇ ਕੰਮ ਅਤੇ ਨਮੂਨੇ ਦੇ ਅਨੁਸਾਰ, ਇਹ ਦੋ ਆਦਮੀਂ ਮੂਸਾ ਅਤੇ ਏਲੀਯਾਹ ਹਨ। ਉਨ੍ਹਾਂ ਦੀ ਸੇਵਕਾਈ ਵਿੱਚ ਇਹ ਹਮੇਸ਼ਾਂ ਇਸੇ ਤਰ੍ਹਾਂ ਹੀ ਰਿਹਾ ਹੈ। ਹੁਣ ਧਿਆਨ ਦਿਓ ਇਸੇ ਤਰ੍ਹਾਂ



ਪੈਸਾ ਵਸੂਲ ਕੀਤਾ ਗਿਆ। ਅਤੇ ਔਹ, ਤੁਹਾਨੂੰ ਜਾਇਦਾਦ ਅਤੇ ਆਪਣੀਆਂ ਰਜਿਸਟਰੀਆਂ ਅਤੇ ਸੱਭ ਉਹਨਾਂ ਦੇ ਨਾਮ ਲਵਾਉਣੀਆਂ ਪੈਂਦੀਆਂ ਸਨ। ਗਿਰਜਾ ਅਤੇ ਸਰਕਾਰ ਇੱਕ ਹੀ ਚੀਜ਼ ਸਨ ਅਤੇ ਗਿਰਜਾ ਤੁਹਾਡੀ ਜਾਇਦਾਦ ਲੈ ਲੈਂਦਾ ਸੀ।

154 ਅਤੇ ਕੀ ਤੁਸੀਂ ਨਹੀਂ ਵੇਖਦੇ ਕਿ ਅੱਜ ਵੀ ਕਈ ਪ੍ਰਚਾਰਕਾਂ ਦੇ ਉੱਤੇ ਉਹ ਹੀ ਮਸ੍ਹਾ ਹੈ, ਉਹ ਬੁੱਢਿਆਂ ਲੋਕਾਂ ਨੂੰ ਉਹਨਾਂ ਦੀ ਪੈਨਸ਼ਨ ਅਤੇ ਆਪਣੇ ਬੈਨਾਮੇ ਕਿਸੇ ਖਾਸ ਚੀਜ਼ ਦੇ ਨਾਮ ਲਵਾ ਦਿੰਦੇ ਹਨ। ਕਿਉਂ ਭਾਈਓ ....ਮੈਂ ਇਸ ਗੱਲ ਤੇ ਨਹੀਂ ਆਉਣਾ ਚਾਹੁੰਦਾ ਹਾਂ। ਹੁਣ ਮੈਂ ਬਸ ਉਸੇ ਗੱਲ ਤੇ ਹੀ ਰਹਾਂਗਾ ਜਿਹੜੀ ਗੱਲ ਮੈਂ ਦੱਸ ਰਿਹਾਂ ਹਾਂ। ਮੈਂ ਤਾਂ ਬਸ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਕਿ ਵੇਖ ਸਕਾਂ ਕਿ ਮੈਂ ਕਿੱਥੇ ਜਾ ਰਿਹਾਂ ਹਾਂ। ਹੁਣ ਧਿਆਨ ਦਿਓ, ਉਹ ਜੋ ਕੁਝ ਕਰਦੇ ਹਨ ਉਹ ਉਹਨਾਂ ਦਾ ਆਪਣਾ ਮਾਮਲਾ ਹੈ। ਇਹ ਉਹਨਾਂ ਤੇ ਨਿਰਭਰ ਹੈ। ਮੇਰਾ ਉਹਨਾਂ ਨਾਲ ਕੋਈ ਵੀ ਵਾਸਤਾ ਨਹੀਂ ਹੈ। ਮੈਂ ਤਾਂ ਇੱਥੇ ਇਹਦੇ ਲਈ ਹੀ ਜਿੰਮੇਵਾਰ ਹਾਂ।

155 ਹੁਣ ਧਿਆਨ ਦਿਓ, ਜਿਹੜਾ ਜੰਤੂ ਉਹਦਾ ਮੁਕਾਬਲਾ ਕਰਨ ਨੂੰ ਆਇਆ ਸੀ, ਉਹ ਮਨੁੱਖ ਸੀ। ਅਤੇ ਅਸੀਂ ਸਾਰੇ ਇਸ ਜੰਤੂ ਨੂੰ ਜਿਹਦਾ ਮੂੰਹ ਮਨੁੱਖ ਵਰਗਾ ਸੀ, ਇਸ ਮਨੁੱਖ ਨੇ ਆਪਣੀ ਬੁੱਧੀਮਾਨੀ ਦੀ ਸ਼ਕਤੀ ਨਾਲ ਉਸ ਗੋਲਾਕਾਰ ਰੋਟੀ ਜਿਹੜੀ ਮਾਰਟਿਨ ਲੂਥਰ ਦੇ ਹੱਥ ਵਿੱਚ ਸੀ ਪਛਾਣ ਲਿਆ। ਜਦ ਉਹ ਉਹਨਾਂ ਪੋੜੀਆਂ ਤੇ ਚੜ ਰਿਹਾ ਸੀ .........

156 ਉਹ ਕਹਿੰਦੇ ਸਨ, "ਇਹ ਯਿਸੂ ਮਸੀਹ ਦਾ ਲਹੂ ਹੈ। ਇਹ ਯਿਸੂ ਮਸੀਹ ਦੀ ਦੇਹ ਹੈ।"

157 ਅਤੇ ਲੂਥਰ ਨੇ ਇਸਨੂੰ ਹੇਠਾਂ ਸੁੱਟ ਦਿੱਤਾ ਅਤੇ ਆਖਿਆ, "ਇਹ ਰੋਟੀ ਅਰ ਦਾਖਰਸ ਹੈ। ਇਹ ਮਸੀਹ ਦੀ ਦੇਹ ਨਹੀਂ ਹੈ ਕਿਉਂਕਿ ਉਹ ਤਾਂ ਉਤਾਂਹ ਉਠਾਈ ਜਾ ਚੁੱਕੀ ਹੈ ਅਤੇ ਖੁਦਾ ਦੇ ਸੱਜੇ ਪਾਸੇ ਬਿਰਾਜਮਾਨ ਹੈ ਅਰ ਵਿਚੋਲਗੀ ਕਰ ਰਹੀ ਹੈ। " ਵੇਖਿਆ, ਮਨੁੱਖ ਦੀ ਬੁੱਧ। ਸਮਝੇ?

158 ਅਤੇ ਫਿਰ ਜੋਨ ਵੈਜਲੀ ਆਇਆ ਜਦੋਂ ਜਵਿੰਗਲੀ ਅਤੇ ਕੈਲਵਿਨ ਆ ਚੁੱਕੇ ਸਨ।

159 ਅਤੇ ਉਹ ਕਲੀਸਿਯਾ ਨੂੰ ਸੁਰੱਖਿਆ ਦੇ ਅਜਿਹੇ ਥਾਂ ਤੇ ਲੈ ਗਏ ਜਿੱਥੇ ਉਹਨਾਂ ਨੂੰ ਹੋਰ ਬੇਦਾਰੀਆਂ ਨਹੀਂ ਚਾਹੀਦੀਆਂ ਸਨ। ਉਹਨਾਂ ਦਾ ਤਾਂ ਇਹ ਕਹਿਣਾ ਸੀ ਕਿ, "ਜੋ ਕੁਝ ਵੀ ਹੁੰਦਾ ਹੈ ਹੋਣ ਦਿਓ ",ਬਸ ਇਹੋ ਸੱਭ ਕੁਝ ਸੀ। ਅਤੇ ਉਹ ਜਿਸ ਤਰ੍ਹਾਂ ਦਾ ਵੀ ਜੀਵਨ ਚਹੁੰਦੇ ਸਨ ਉਹਨਾਂ ਨੇ ਬਤੀਤ ਕੀਤਾ। ਲੂਥਰਨ ਕਲੀਸਿਯਾ ਬਹੁਤ ਹੀ ਵਿਗੜੀ ਹੋਈ ਹਾਲਤ ਵਿੱਚ ਸੀ ਅਤੇ ਇਸੇ ਤਰ੍ਹਾਂ ਹੀ ਐਂਗਲੀਕਨ ਗਿਰਜਾ ਸੀ (ਹੇ ਮੇਰੇ, ਪ੍ਰਭੂ !) ਸਾਰਾ ਦੇਸ਼ ਭ੍ਰਿਸ਼ਟ ਹੋ ਗਿਆ ਸੀ ਜਿਵੇਂ ਕਿ ਹੁਣ ਹੈ। ਕਲੀਸਿਯਾ ਟੁੱਟ ਗਈਆਂ ਸਨ .....ਜਦੋਂ ਰਾਜਾ ਹੈਨਰੀ ਅੱਠਵਾਂ ਇੰਗਲੈਂਡ ਵਿੱਚ ਆਇਆ, ਅਤੇ ਖੂਨੀ ਮਰਿਯਮ ਅਤੇ ਹੋਰ ਗੱਲਾਂ ਵਾਪਰਨ ਤੋਂ ਬਾਦ, ਕਲੀਸਿਯਾ ਬਹੁਤ ਹੀ ਹਿੰਸਕ ਅਤੇ ਭ੍ਰਿਸ਼ਟਤਾ ਨਾਲ ਭਰੀ ਹੋਈ ਸੀ। ਅਨੇਕਾਂ ਹੀ ਲੋਕ ਜਿਹੜੇ ਮਸੀਹੀ ਹੋਣ ਦਾ ਦਾਅਵਾ ਕਰ ਰਹੇ ਸਨ ਚਾਰ ਜਾਂ ਪੰਜ ਪਤਨੀਆਂ ਦੇ ਨਾਲ ਰਹਿ ਰਹੇ ਸਨ ਜੋ ਕੁਝ ਉਹ ਕਰਨਾ ਚਹੁੰਦੇ ਸਨ ਕਰੀ ਜਾ ਰਹੇ ਸਨ ਅਤੇ ਇਸੇ ਤਰ੍ਹਾਂ ਹੀ ਚੱਲੀ ਜਾ ਰਿਹਾ ਸੀ।

160 ਜਦੋਂ ਜਾੱਨ ਵੈਜਲੀ ਵਚਨ ਦਾ ਅਧਿਐਨ ਕਰ ਰਿਹਾ ਸੀ, ਅਤੇ ਲਿਖਤਾਂ ਤੇ ਧਿਆਨ ਕਰ ਰਿਹਾ ਸੀ ਤਾਂ ਇਹ ਗੱਲ ਉਸ ਤੇ ਪ੍ਰਗਟ ਹੋਈ ਕਿ ਯਿਸੂ ਮਸੀਹ ਦਾ ਲਹੂ ਵਿਸ਼ਵਾਸ਼ੀ ਨੂੰ ਪਵਿੱਤਰ

ਕਰਦਾ ਹੈ। ਅਤੇ ਤੁਸੀਂ ਹੋ .....ਨਹੀਂ ਕਰਨਾ ਚਾਹੀਦਾ .....ਤਦ ਉਹਨੇ ਕੀ ਕੀਤਾ? ਉਹ ਇੱਕ ਹੋਰ ਸੁਧਾਰਕ ਬਾਹਰ ਨਿੱਕਲ ਕੇ ਆਇਆ। ਉਸਨੇ ਆਪਣੇ ਸਮੇਂ ਵਿੱਚ ਦੁਨੀਆਂ ਨੂੰ ਉਸੇ ਤਰ੍ਹਾਂ ਹੀ ਬਚਾਇਆ ਜਿਵੇਂ ਲੂਥਰ ਨੇ ਆਪਣੇ ਦਿਨਾਂ ਵਿੱਚ ਬਚਾਇਆ ਸੀ। ਸਮਝੇ? ਇਹ ਕੀ ਸੀ? ਉਹ ਮਨੁੱਖ,ਉਸ ਜੰਤੂ ਦੀ ਸ਼ਕਤੀ ਸੀ ਜੋ ਬਾਹਰ ਜਾ ਰਹੀ ਸੀ।

161 ਇਹ ਮਨੁੱਖ ਦੀ ਸਮਝ ਦਾ ਹੀ ਗਿਆਨ ਸੀ ਜਿਹਨੇ ਇਹ ਦੱਸਿਆ ਕਿ ਉਹ ਗੱਲਾਂ ਝੂਠੀਆਂ ਹਨ। ਉਸਨੇ ਕਿਹਾ, ਇਹ ਯਿਸੂ ਮਸੀਹ ਦਾ ਲਹੂ ਨਹੀਂ ਹੈ। ਉਹ ਯਿਸੂ ਮਸੀਹ ਦੀ ਦੇਹ ਨਹੀਂ ਹੈ, ਇਹ ਤਾਂ ਦੇਹ ਨੂੰ ਪ੍ਰਗਟ ਕਰਦੀ ਹੈ। " ਸਮਝੇ?

162 ਕੈਥੋਲਿਕਾਂ ਅਤੇ ਪ੍ਰੋਟੈਸਟਾਂ ਵਿੱਚ ਇਹ ਹਾਲੇ ਵੀ ਬਹੁਤ ਵੱਡਾ ਝਗੜਾ ਹੈ। ਸਿਰਫ ਇਹ ਹੀ ਇੱਕ ਗੱਲ ਹੈ ਜਿਹਦੇ ਤੇ ਉਹ ਆਪਸ ਵਿੱਚ ਸਹਿਮਤ ਨਹੀਂ ਹੋ ਸੱਕਦੇ ਹਨ। ਇਸ ਗੱਲ ਤੋਂ ਇਲਾਵਾ ਉਹ ਉਹਨਾਂ ਦੀ ਹਰ ਇੱਕ ਗੱਲ ਦੇ ਨਾਲ ਸਹਿਮਤ ਹੋ ਸੱਕਦੇ ਹਨ। ਇਹ ....ਉਹਨਾਂ ਸੰਗਤਾਂ ਵਿੱਚ ਜੋ ਉਹਨਾਂ ਦੀਆਂ ਹਨ ......ਹੁਣ ਧਿਆਨ ਦਿਓ, ਪ੍ਰੰਤੂ ਉਹ ਇਸ ਤੇ ਉਹਨਾਂ ਨਾਲ ਇੱਕ ਮੱਤ ਨਹੀਂ ਹੋ ਸੱਕਦੇ ਹਨ। [ਭਾਈ ਬ੍ਰਾਨਹਾਮ ਤਿੰਨ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ]

163 ਇੱਕ ਤਾਂ ਇਹ ਕਹਿੰਦੇ ਹਨ ਕਿ ਉਹ ਯਿਸੂ ਮਸੀਹ ਦਾ ਲਹੂ ਹੈ -ਉਹ ਅਸਲ ਵਿੱਚ ਮਸੀਹ ਦਾ ਲਹੂ ਹੈ, ਅਰ ਪਾਦਰੀ ਦੇ ਕੋਲ ਇਹ ਸ਼ਕਤੀ ਹੈ ਹੁੰਦੀ ਹੈ ਕਿ ਉਹ ਉਸ ਰੋਟੀ ਨੂੰ ਮਸੀਹ ਦੀ ਅਸਲ ਦੇਹ ਵਿੱਚ ਬਦਲ ਦਿੰਦਾ ਹੈ। ਇਹ ਹੀ ਕਾਰਨ ਹੈ ਕਿ ਉਹਨਾਂ ਦੇ ਗਿਰਜੇ ਵਿੱਚ ਇੱਕ ਛੋਟਾ ਜਿਹਾ ਭਵਨ ਵੱਖਰਾ ਬਣਿਆ ਹੋਇਆ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਉਹ ਚਿੰਨ੍ਹ ਬਣਾਉਂਦੇ ਹਨ ; ਤੁਸੀਂ ਜਾਣਦੇ ਹੋ ਕਿ ਜਦ ਕਦੇ ਉਹ ਮੂਰਤੀ ਪਜਾ ਵਾਲੀ ਭੇਟ ਚੜ੍ਹਾਉਂਦੇ ਹਨ ਤਾਂ ਉਹ ਚਿੰਨ੍ਹ ਬਣਾਉਂਦੇ ਹਨ ਅਤੇ ਆਪਣੇ ਆਪ ਨੂੰ ਝੁਕਾਉਂਦੇ ਹਨ ਅਤੇ ਆਪਣੀਆਂ ਟੋਪੀਆਂ ਨੂੰ ਝੁਕਾਉਂਦੇ ਹਨ। ਉਹ ਇਸ ਤਰ੍ਹਾਂ ਉਸ ਇਮਾਰਤ ਦੇ ਨਾਲ ਨਹੀਂ ਕਰਦੇ ਹਨ ਬਲਕਿ ਉਹ ਤਾਂ ਅਜਿਹਾ ਉਸ ਵੇਫਰ ਲਈ ਕਰਦੇ ਹਨ ਜੋ ਉਸ ਛੋਟੇ ਜਿਹੇ ਭਵਨ ਵਿੱਚ ਰੱਖੀ ਹੋਈ ਹੁੰਦੀ ਹੈ। ਅਰ ਧਿਆਨ ਦਿਓ ਕਿ ਸ਼ੈਤਾਨ ਨੇ ਬੜੀ ਹੀ ਚਲਾਕੀ ਦੇ ਨਾਲ ਇਹਨੂੰ ਧੱਕ ਦਿੱਤਾ ਹੈ।

164 ਪ੍ਰੰਤੂ ਤੁਸੀਂ ਵੇਖੋ ਕਿ ਉਸ ਵੇਲੇ ਪ੍ਰਮੇਸ਼ੁਰ ਨੇ ਉਸ ਮਨੁੱਖ ਦੀ ਦੇਹ ਦੇ ਉੱਤੇ ਬੁੱਧੀ ਦਾ ਆਤਮਾ ਪਾ ਦਿੱਤਾ ਤਾਂ ਕਿ ਉਹ ਇਹ ਸਮਝ ਜਾਵੇ ਕਿ ਉਹ ਸੱਭ ਗਲਤ ਹੈ। ਹੁਣ, ਇਹ ਤੀਸਰੇ ਪਸ਼ੂ ਦਾ ਮੁਕਾਬਲਾ ਕਰਨ ਲਈ ਸੀ ਜਿਹਨੇ ਕਲੀਸਿਯਾ ਨੂੰ ਬੜਾ ਭ੍ਰਿਸ਼ਟ ਕਰ ਦਿੱਤਾ ਸੀ ਜੋ ਕਿ ਕਾਲੇ ਘੋੜੇ ਤੇ ਸਵਾਰ ਸੀ। ਅਤੇ ਉਸ ਵੇਲੇ ਕਲੀਸਿਯਾ ਏਨੀ ਭ੍ਰਿਸ਼ਟ ਹੋ ਗਈ ਸੀ ਕਿ ਉਹ ਬਹੁਤ ਹੀ ਭਿਆਨਕ ਹਾਲਤ ਵਿੱਚ ਸੀ। ਫਿਰ ਉਹਨਾਂ ਸੁਧਾਰਕਾਂ ਨੇ ਉਸ ਸੁਧਾਰ ਦੇ ਯੁੱਗ ਵਿੱਚ ਕੀ ਕੀਤਾ ਸੀ? ਉਹਨਾਂ ਨੇ ਕਲੀਸਿਯਾ ਨੂੰ ਉਹਨਾਂ ਦੇ ਮੂਰਤੀ ਪੂਜਕ ਰੀਤਾਂ- ਰਿਵਾਜ਼ਾਂ ਵਿੱਚੋਂ ਕੱਢ ਕੇ ਵਾਪਿਸ ਵਚਨ ਦੇ ਵੱਲ ਮੋੜਿਆ। ਸਮਝੇ?ਇਹ ਹੀ ਸੀ ਜਿਹਦੇ ਲਈ ਉਹ ਜੰਤੂ, ਮਨੁੱਖ ਦੀ ਚਤੁਰਾਈ ਅੱਗਾਂਹ ਵਧੀ ਸੀ। ਉਹ ਇਹੀ ਕਰਨ ਲਈ ਅੱਗੇ ਵੱਧ ਰਿਹਾ ਸੀ।

165 ਪ੍ਰੰਤੂ ਹੁਣ 3 ਜਾਂ ਜਰਾ ਇੱਕ ਮਿੰਟ ਲਈ ਪ੍ਰਕਾਸ਼ ਦੀ ਪੋਥੀ 3:2 ਪੜ੍ਹੋ। ਹੁਣ ਮੈਂ ਇਹ ਕਿਸੇ ਕਾਰਨ ਕਰਕੇ ਲਿਖਿਆ ਹੋਇਆ ਹੈ। ਪ੍ਰਕਾਸ਼ ਪੋਥੀ 3:2 ਲੂਥਰ ਦੇ ਯੁੱਗ ਲਈ .......ਸੁਧਾਰਕਾਂ ਦੇ ਯੁੱਗ ਲਈ ਲਾਗੂ ਹੁੰਦਾ ਹੈ।



299 ਪ੍ਰੰਤੂ ਵੇਖੋ, ਉਸ ਸਮੇਂ ਕੀ ਹੁੰਦਾ ਹੈ, ਇਨ੍ਹਾਂ ਸੱਤਾਂ ਕਲੀਸਿਯਾ ਦੇ ਯੁੱਗਾਂ ਦੌਰਾਨ ਪਰਾਈਆਂ ਜਾਤੀਆਂ ਵਿੱਚੋਂ ਲਾੜੀ ਚੁਣੀ ਜਾਂਦੀ ਹੈ ਅਤੇ ਉੱਪਰ ਚਲੀ ਜਾਂਦੀ ਹੈ।

300 ਅਤੇ ਜਦ ਯਹੂਦੀਆਂ ਨੇ ਆਪਣੀਆਂ ਅੱਖਾਂ ਅੰਨ੍ਹੀਆਂ ਹੋਣ ਕਾਰਨ ਇਸ ਤਰ੍ਹਾਂ ਕੀਤਾ ਤਾਂ ਇਨ੍ਹਾਂ ਸੱਭ ਯਹੂਦੀਆਂ ਨੂੰ ਸ਼ਹੀਦ ਹੋਣਾ ਪਿਆ ਅਤੇ ਉਹ ਜਗਵੇਦੀ ਦੇ ਥੱਲੇ ਪਾਏ ਜਾਂਦੇ ਹਨ ਅਰ ਖੁਦਾ ਉੱਥੇ ਆਇਆ ਅਤੇ ਕਹਿੰਦਾ ਹੈ, " ਕੀ ਤੁਸੀਂ ਵੇਖਦੇ ਹੋ ਕਿ ਇਹ ਕੀ ਸੀ?ਹੁਣ, ਮੈਂ ਤੁਹਾਨੂੰ ਸਭਨਾਂ ਨੂੰ ਇੱਕ ਚਿੱਟਾ ਬਸਤਰ ਦਿੰਦਾ ਹਾਂ। "

ਉਨ੍ਹਾਂ ਨੇ ਕਿਹਾ, "ਪ੍ਰਭੂ ਕਦ ਤੀਕ? ਕੀ ਹੁਣ ਅਸੀਂ ਅੰਦਰ ਜਾ ਰਹੇ ਹਾਂ?"

301 ਉਸਨੇ ਕਿਹਾ, " ਨਹੀਂ, ਨਹੀਂ, ਨਹੀਂ। ਤੁਹਾਡੇ ਸੰਗੀ ਯਹੂਦੀਆਂ ਨੇ ਹਾਲੇ ਕਸ਼ਟ ਭੋਗਣਾ ਹੈ, ਉਨ੍ਹਾਂ ਨੇ ਵੀ ਉਸੇ ਤਰ੍ਹਾਂ ਸ਼ਹੀਦ ਹੋਣਾ ਹੈ ਜਿਵੇਂ ਤੁਸੀਂ ਸ਼ਹੀਦ ਹੋਏ ਸੀ। ਉਹ ਦਰਿੰਦਾ ਜਦ ਆਪਣੇ ਨੇਮ ਨੂੰ ਤੋੜ ਦੇਵੇਗਾ ਤਾਂ ਉਹ ਉਨ੍ਹਾਂ ਨੂੰ ਕਤਲ ਕਰੇਗਾ।

302 ਹੁਣ ਧਿਆਨ ਦਿਓ। ਹੁਣ ਇੱਕ ਵਾਰ ਧਿਆਨ ਦੇਵੋ .....ਹੁਣ ਤੁਸੀਂ ਯਾਦ ਕਰੋ ਇਹਨਾਂ ਨਬੀਆਂ ਨੇ ਪ੍ਰਕਾਸ਼ ਦੀ ਪੋਥੀ 11 ਬਾਬ ਅਨੁਸਾਰ ਭਵਿੱਖਬਾਣੀ ਕਰਨੀ ਹੈ। ਜਿਹਨਾਂ ਨੇ ਇਹ ਪੜ੍ਹਿਆ ਸੀ ਉਹ ਆਪਣੇ ਹੱਥ ਉੱਪਰ ਕਰਕੇ ਵਿਖਾਉਣ। ਵੇਖਿਆ? ਅਤੇ ਉਨ੍ਹਾਂ ਨੂੰ ਇਖਤਿਆਰ ਦਿੱਤਾ ਗਿਆ ਸੀ।

303 ਅਤੇ ਜੇ ਪ੍ਰਮੇਸ਼ੁਰ ਦੀ ਮਰਜੀ ਹੋਈ ਤਾਂ ਅਸੀਂ ਇੱਕ ਪਲ ਵਿੱਚ ਪਤਾ ਲਗਾਉਣ ਜਾ ਰਹੇ ਹਾਂ ਕਿ ਇਹ ਦੋ ਨਬੀ ਕੌਣ ਹਨ। ਹੁਣ ਧਿਆਨ ਦਿਓ ਕਿ ਇਹ ਦੋ ਨਬੀ ਕੌਣ ਹਨ। ਅਤੇ ਬਾਈਬਲ ਇੱਥੇ ਇਨ੍ਹਾਂ ਦੇ ਬਾਰੇ ਵਿੱਚ ਦੱਸਦੀ ਹੈ। ਬਿਲਕੁੱਲ ਇਹ ਇਸਦੇ ਬਾਰੇ ਵਿੱਚ ਦੱਸਦੀ ਹੈ। ਯਕੀਨਨ। ਸਮਝੇ?

304 ਹੁਣ ਤੁਸੀਂ ਇਨ੍ਹਾਂ ਸਾਡੇ ਤਿੰਨ ਹਫਤਿਆਂ ਦੇ ਵਿੱਚਕਾਰ ਵੇਖੋ, ਹੁਣ ਉਹ ਉੱਥੇ ਭਵਿੱਖਬਾਣੀ ਕਰ ਰਹੇ ਹਨ ......ਪ੍ਰਕਾਸ਼ ਦੀ ਪੋਥੀ ਇਸੇ ਤਰ੍ਹਾਂ ਹੀ ਦੱਸਦੀ ਹੈ ......ਅਤੇ ਉਹ ਇੱਕ ਹਜ਼ਾਰ ਤਿੰਨ ਸੋ ਸੱਠ ਦਿਨਾਂ ਤੱਕ ਭਵਿੱਖਬਾਣੀ ਕਰਦੇ ਹਨ। ਜੇਕਰ ........

305 ਹੁਣ ਨਿਯਮਿਤ ਯਹੂਦੀ ਕੈਲੰਡਰ, ਪ੍ਰਮੇਸ਼ੁਰ ਦੇ ਕੈਲੰਡਰ ਵਿੱਚ ਇੱਕ ਮਹੀਨਾ ਪੂਰੇ ਤੀਹ ਦਿਨਾਂ ਦੇ ਬਰਾਬਰ ਹੈ। ਰੋਮਨ ਕੈਲੰਡਰ ਮਿਲਿਆ ਜੁਲਿਆ ਕੈਲੰਡਰ ਹੈ। ਪ੍ਰੰਤੂ ਨਿਯਮਿਤ ਕੈਲੰਡਰ ਵਿੱਚ ਇੱਕ ਮਹੀਨਾ ਤੀਹ ਦਿਨ ਦਾ ਹੁੰਦਾ ਹੈ।

306 ਹੁਣ ਜੇ ਤੁਸੀਂ ਸਾਢੇ ਤਿੰਨ ਸਾਲ ਨੂੰ ਤੀਹ ਦਿਨਾਂ ਨਾਲ ਗੁਣਾ ਕਰੋ ਤਾਂ ਤੁਹਾਨੂੰ ਕੀ ਗੁਣਨਫਲ ਮਿਲਦਾ ਹੈ?ਇੱਕ ਹਜਾਰ ਤਿੰਨ ਸੋ .....ਇੱਕ ਹਜਾਰ ਦੋ ਸੋ ਸੱਠ ਦਿਨ: ਇੱਕ ਹਜਾਰ ਤਿੰਨ ਸੋ --ਦੋ ਸੋ ਸੱਠ ਦਿਨ ; ਇੱਕ ਹਜਾਰ ਦੋ ਸੋ ਸੱਠ ਦਿਨ ( ਸੱਠ ਦਿਨ)ਬਿਲਕੁੱਲ ਸਾਢੇ ਤਿੰਨ ਸਾਲ ਦੇ ਬਰਾਬਰ ਹਨ।

307 ਹੁਣ ਤੁਸੀਂ ਵੇਖੋ ਕਿ ਇਸ ਵਿੱਚ ਕੋਈ ਵੀ ਗਲਤੀ ਨਹੀਂ ਹੈ। ਇਹ ਤਾਂ ਇੱਕ ਦੂਸਰੇ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ, ਇੱਕ ਦੂਸਰੇ ਦੇ ਨੇੜੇ ਆ ਕੇ ਜੁੜ ਜਾਂਦੇ ਹਨ। ਇਹ ਦੋ ਨਬੀ ਯਹੂਦੀਆਂ

292 ਸੁਰਗ ਦੇ ਰਾਜ ਦਾ ਯਹੂਦੀਆਂ ਦੇ ਰਾਹੀਂ ....ਜਾਂ ...ਪ੍ਰਚਾਰ ਕੀਤਾ ਜਾ ਚੁੱਕਾ ਹੈ --ਮੇਰਾ ਮਤਲਬ ਹੈ ਕਿ ਪਰਾਈਆਂ ਜਾਤੀਆਂ ਨੂੰ।

293 ਇੱਥੇ ਧਰਤੀ ਦਾ ਰਾਜ ਹਜਾਰ ਸਾਲੇ ਰਾਜ ਵਿੱਚ ਸਥਾਪਤ ਕੀਤਾ ਜਾਵੇਗਾ, ਹਜਾਰ ਸਾਲੇ ਰਾਜ ਤੋਂ ਬਾਦ ਯਹੂਦੀਆਂ ਨੂੰ।

294 ਹੁਣ ਧਿਆਨ ਦਿਓ। ਹੁਣ ਇਸਤੇ ਧਿਆਨ ਦਿਓ। ਜਦਕਿ ਉਹ ਪ੍ਰਚਾਰ ਕਰ ਰਹੇ ਹਨ.....

295 ਇਸ ਤੋਂ ਪਹਿਲਾਂ ਕਿ ਇਹ ਨਬੀ ਦ੍ਰਿਸ਼ ਤੇ ਖੜ੍ਹੇ ਹੁੰਦੇ ਹਨ ਇਨ੍ਹਾਂ ਯਹੂਦੀਆਂ ਨੂੰ ਆਇਕਮੈਨ ਅਤੇ ਹੋਰ ਦੂਸਰਿਆਂ ਦੀ ਅਧੀਨਤਾ ਵਿੱਚ ਮਰਨਾ ਸੀ ਅਤੇ ਜੋ ਪਹਿਲਾਂ ਤੋਂ ਹੀ ਠਹਿਰਾਏ ਗਏ ਸਨ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਕਿਰਪਾ ਦੁਆਰਾ, ਚਿੱਟਾ ਬਸਤਰ ਦਿੱਤਾ ਗਿਆ ਸੀ। ਆਮੀਨ। ਉਨ੍ਹਾਂ ਵਿੱਚੋਂ ਹਰ ਇੱਕ ਨੂੰ ਇੱਕ ਚਿੱਟਾ ਬਸਤਰ ਦਿੱਤਾ ਗਿਆ ਸੀ।

ਹੁਣ ਵੇਖੋ ਹੁਣ ਧਿਆਨ ਦਿਓ ਕੀ ਹੋਇਆ? ਜਿਉਂ ਇਹ ਹੁੰਦਾ ਹੈ ...........

296 ਮੈਂ ਉੱਥੇ ਪਿੱਛੇ ਲੱਗੀ ਘੜੀ ਨੂੰ ਵੇਖ ਰਿਹਾ ਹਾਂ ਅਤੇ ਮੈਂ ਜਾਣਦਾ ਹਾਂ ਕਿ ਸਾਨੂੰ ਦੇਰ ਹੋ ਰਹੀ ਹੈ। ਪ੍ਰੰਤੂ ਮੈਂ ਨਹੀਂ ਚਾਹੁੰਦਾ ਹਾਂ ਕਿ ....ਵੇਖੋ, ਮੈਂ-ਮੈਂ .....ਉੱਥੇ ਖੜੇ ਉਨ੍ਹਾਂ ਬੇਚਾਰੇ ਲੋਕਾਂ ਨੂੰ ਵੇਖ ਰਿਹਾ ਹਾਂ। ਭਾਈਓ, ਖੁਦਾ ਤੁਹਾਡੀ ਮੱਦਦ ਕਰੇ। ਮੈਂ ਨਿਹਚਾ ਕਰਦਾ ਹਾਂ ਕਿ ਉਸ ਦਿਨ ਤੁਹਾਡੇ ਵਿੱਚੋਂ ਹਰ ਇੱਕ ਨੂੰ ਇੱਕ ਚਿੱਟਾ ਬਸਤਰ ਦਿੱਤਾ ਜਾਵੇਗਾ। ਤੁਸੀਂ ਉੱਥੇ ਖੜ੍ਹੇ-ਖੜ੍ਹੇ ਆਪਣੀਆਂ ਲੱਤਾਂ ਦੇ ਥੱਕ ਜਾਣ ਕਾਰਨ ਆਪਣੇ ਪਾਸੇ ਬਦਲ ਰਹੇ ਹੋ। ਅਰ ਤੁਹਾਡੇ ਵਿੱਚੋਂ ਕੁਝ ਤਾਂ ਅਜਿਹੇ ਹਨ ਜਿਹੜੇ ਸਾਰਾ ਦਿਨ ਕੰਮ ਕਰਨ ਤੋਂ ਬਾਦ ਇੱਥੇ ਖੜੇ ਹਨ। ਅਤੇ ਮੈਂ ਉੱਥੇ ਵੇਖਿਆ ਹੈ .....ਕੁਝ ਬੇਚਾਰੀਆਂ ਬੁੱਢੀਆਂ ਔਰਤਾਂ ਵੀ ਖੜੀਆਂ ਹਨ। ਮੈਂ ਇਹਨਾਂ ਵਿੱਚੋਂ ਕੁਝ ਆਦਮੀਆਂ ਨੂੰ ਆਪਣੀਆਂ ਸੀਟਾਂ ਔਰਤਾਂ ਨੂੰ ਦਿੰਦੇ ਹੋਏ ਵੇਖਿਆ ਹੈ ਅਤੇ ਕਈਆਂ ਨੇ ਆਪਣੀਆਂ ਸੀਟਾਂ ਉਨ੍ਹਾਂ ਮਾਵਾਂ ਨੂੰ ਦਿੱਤੀਆਂ ਹਨ ਜਿਹੜੀਆਂ ਆਪਣੇ ਬੱਚੇ ਚੁੱਕ ਕੇ ਖੜ੍ਹੀਆਂ ਹਨ। ਮੈਂ ਇਹਨਾਂ ਸਭਨਾਂ ਨੂੰ ਵੇਖਦਾ ਹਾਂ ਅਤੇ ਮੈਨੂੰ ਯਕੀਨ ਹੈ ਕਿ ਉਹ ਵੀ ਇਹ ਸੱਭ ਵੇਖਦਾ ਹੈ। ਪ੍ਰੰਤੂ ਮੈਂ ਤੁਹਾਨੂੰ ਬਹੁਤ ਦੇਰ ਤੱਕ ਰੋਕ ਕੇ ਨਹੀਂ ਰੱਖਣਾ ਚਹੁੰਦਾ ਹਾਂ। ਕਾਸ਼ ਕਿ ਮੈਂ ਤੁਹਾਨੂੰ ਸੰਦੇਸ਼ ਵਿਖਾ ਸਕਾਂ ਬਸ ਇਹੋ ਹੀ ਮੈਂ ਚਾਹੁੰਦਾ ਹਾਂ। ਸਮਝੇ?

297 ਹੁਣ ਧਿਆਨ ਦਿਓ। ਇਹ ਯਹੂਦੀ .......ਇਸ ਮੋਹਰ ਦਾ ਪ੍ਰਕਾਸ਼ ਸਮਝਾਉਣ ਲਈ ਮੈਨੂੰ ਇਹ ਕਰਨਾ ਪੈਣਾ ਹੈ, ਵੇਖੋ ਇਹ ਕੀ ਹੈ, ਜਗਵੇਦੀ ਦੇ ਥੱਲੇ ਜਿਹੜੇ ਪ੍ਰਾਣ ਹਨ ਉਹ ਕੌਣ ਹਨ।

298 ਹੁਣ ਧਿਆਨ ਦਿਓ। ਹੁਣ ਦਾਨੀਏਲ ਦੇ ਸਮੇਂ ਵਿੱਚ, ਸੱਤਰਵੇਂ ਸਾਤੇ ਦੇ ਦੂਸਰੇ ਹਿੱਸੇ ਵਿੱਚ ......ਹੁਣ ਯਾਦ ਰੱਖੋ ਮਸੀਹਾ ਨੇ ਸੱਤਰਵੇਂ ਸਾਤੇ ਦੇ ਅੱਧ ਵਿੱਚ ਕੱਟਿਆ ਜਾਣਾ ਸੀ। ਇਹ ਹਫਤੇ(ਸਾਤੇ) ਦਾ ਅੱਧ ਹੈ। ਚੰਗਾ, ਸੱਤ ਦਾ ਅੱਧ ਕੀ ਹੁੰਦਾ ਹੈ? [ਸੰਗਤ ਆਖਦੀ ਹੈ, "ਸਾਡੇ ਤਿੰਨ। " -ਸੰਪਾ] ਸਾਢੇ ਤਿੰਨ। ਮਸੀਹ ਨੇ ਕਿੰਨੇ ਸਮੇਂ ਤੱਕ ਪ੍ਰਚਾਰ ਕੀਤਾ ਸੀ? ["ਸਾਡੇ ਤਿੰਨ ਸਾਲ। "] ਇਹ ਸੱਚ ਹੈ। ਪ੍ਰੰਤੂ ਉਨ੍ਹਾਂ ਲੋਕਾਂ ਲਈ ਹਾਲੇ ਵੀ ਕੁਝ ਰੱਖਿਆ ਹੋਇਆ ਹੈ, ਕੀ?ਉਨ੍ਹਾਂ ਲਈ ਬਾਕੀ ਸਾਢੇ ਤਿੰਨ ਸਾਲ ਠਹਿਰਾਏ ਹੋਏ ਹਨ।



166 ਉਹਨਾਂ ਨੇ ਕੀ ਕੀਤਾ ਸੀ, ਉਹ ਜੱਥੇਬੰਦ ਹੋ ਗਏ। ਜਿਵੇਂ ਹੀ ਲੂਥਰ ਨੇ ਕਲੀਸਿਯਾ ਸ਼ੁਰੂ ਕੀਤੀ ਉਹਨਾਂ ਨੇ ਇਸਨੂੰ ਜੱਥੇਬੰਦ ਕਰ ਲਿਆ। ਇਹ ਸੱਚ ਹੈ ਕਿ ਵੈਜਲੀ ਨੇ ਵੀ ਇਹੋ ਕੁਝ ਹੀ ਕੀਤਾ ਸੀ, ਪੈਂਤੀਕਾਸਟਲਾਂ ਨੇ ਵੀ ਬਿਲਕੁੱਲ ਇਹ ਹੀ ਕੰਮ ਕੀਤਾ। ਬਿਲਕੁੱਲ ਠੀਕ ਉਸੇ ਤਰ੍ਹਾਂ ਹੀ ਜੱਥੇਬੰਦੀ ਬਣਾ ਲਈ। ਅਤੇ ਉਹਨਾਂ ਨੇ ਕੀ ਕੀਤਾ? ਉਹਨਾਂ ਨੇ ਉਸੇ ਸਿਸਟਮ ਨੂੰ ਕਬੂਲ ਕਰ ਲਿਆ ਜਿਹਦੇ ਵਿੱਚੋਂ ਉਹ ਬਾਹਰ ਨਿੱਕਲ ਕੇ ਆਏ ਸਨ।

167 ਹੁਣ ਤੁਸੀਂ ਪ੍ਰਕਾਸ਼ ਦੀ ਪੋਥੀ ਧਿਆਨ ਦਿਓ ਇਹ ਸਾਰਦੀਸ ਦੀ ਕਲੀਸਿਯਾ ਦੇ ਬਾਰੇ ਵਿੱਚ ਕਹਿ ਰਿਹਾ ਹੈ। ਅਸਲ ਵਿੱਚ ਇਸ ਬਾਬ ਦੀ ਪਹਿਲੀ ਆਇਤ ਇਹ ਕਹਿੰਦੀ ਹੈ ਕਲੀਸਿਯਾ ਦੇ ਦੂਤ ਨੂੰ। ਵੇਖਿਆ? ਹੁਣ ਧਿਆਨ ਦਿਓ।

*ਚੌਕਸ ਹੋ ਜਾ ਅਤੇ ਜੋ ਕੁਝ ਰਹਿ ਗਿਆ ਹੈ ਉਸਨੂੰ ਪੱਕਿਆਂ ਕਰ .....*

168 ਇਹ ਹੈ ਉਹ ਵਚਨ ਜੋ ਉਹਨੂੰ ਸਿਖਾਇਆ ਗਿਆ ਸੀ। ਸਮਝੇ?...ਜੋ ਕੁਝ ਰਹਿ ਗਿਆ ਹੈ, ਭਾਵੇਂ ਮਰਨ ਵਾਲਾ ਹੋਵੇ....

169 ਉਹ ਫਿਰ ਇੱਕ ਕਲੀਸਿਯਾ ਨੂੰ ਰੋਮਨ ਕੈਥੋਲਿਕ ਕਲੀਸਿਯਾ ਦੇ ਵਾਂਗ ਹੀ, ਜਿਹਦੇ ਵਿੱਚੋਂ ਉਹ ਬਾਹਰ ਨਿੱਕਲ ਕੇ ਆਇਆ ਸੀ, ਸ਼ੁਰੂ ਕਰਨ ਲਈ ਤਿਆਰ ਹੋ ਗਿਆ ਸੀ। ਸਮਝੇ?

*.....ਕਿਉਂ ਜੋ ਮੈਂ ਤੇਰੇ ਕੰਮਾਂ ਵਿੱਚੋਂ ਆਪਣੇ ਪ੍ਰਮੇਸ਼ੁਰ ਦੇ ਅੱਗੇ ਪੂਰੇ ਕੋਈ ਨਹੀਂ ਪਾਏ।*

170 ਉੱਥੇ ਹੀ ਤੁਸੀਂ ਜਾਂਦੇ ਹੋ। ਉਹ ਫਿਰ ਉੱਥੇ ਹੀ ਦੁਬਾਰਾ ਜਾਂਦਾ ਹੈ। ਕੀ ਤੁਸੀਂ ਨਹੀਂ ਸਮਝਦੇ ਹੋ ਕਿ ਕਿਉਂ ਜੱਥੇਬੰਦੀਆਂ ਦਾ ਸਿਸਟਮ ਗਲਤ ਹੈ?ਕਿਹਨੇ ਇਹ ਸ਼ੁਰੂ ਕੀਤਾ ਸੀ ? ਕੀ ਇਹ ਖੁਦਾ ਨੇ ਸ਼ੁਰੂ ਕੀਤੀ ਸੀ?ਕੀ ਚੇਲਿਆਂ ਨੇ ਇਹ ਸ਼ੁਰੂ ਕੀਤਾ ਸੀ?ਇਹ ਰੋਮਨ ਕੈਥੋਲਿਕ ਕਲੀਸਿਯਾ ਸੀ ਜਿਹਨੇ ਜੱਥੇਬੰਦੀ ਸ਼ੁਰੂ ਕੀਤੀ। ਹੁਣ ਕੀ ਕੋਈ ਵੀ ਇਤਿਹਾਸਕਾਰ ਇਸ ਤੋਂ ਭਲਾ ਵੱਖ ਕੁਝ ਕਹਿ ਸੱਕਦਾ ਹੈ। ਇਤਿਹਾਸ ਵਿੱਚ ਇਸ ਤੋਂ ਵੱਖਰੀ ਗੱਲ ਕੋਈ ਨਹੀਂ ਹੈ। ਉਹ ਕਹਿੰਦੇ ਹਨ ਕਿ ਇਹ ਕਲੀਸਿਯਾਵਾਂ ਦੀ ਮਾਂ ਹੈ, ਅਤੇ ਉਹ ਹਨ। ਪ੍ਰੰਤੂ ਉਹ ਤਾਂ ਇਸਨੂੰ ਜੱਥੇਬੰਦ ਬਣਾ ਦਿੰਦੇ ਹਨ ਜਿਹਦਾ ਪ੍ਰਧਾਨ ਇੱਕ ਮਨੁੱਖ ਹੁੰਦਾ ਹੈ। ਅਤੇ ਅਸੀਂ ਕਿਸੇ ਇੱਕ ਆਦਮੀਂ ਨੂੰ ਲੈ ਕੇ ਇਸ ਤਰ੍ਹਾਂ ਨਹੀਂ ਕਰਦੇ ਹਾਂ ਜਿਵੇਂ ਕਿ ਉਹਨਾਂ ਨੇ ਕੀਤਾ ਸੀ ਅਸੀਂ ਤਾਂ ਮਨੁੱਖਾਂ ਦੀ ਸਾਰੀ ਸਭਾ ਲੈਂਦੇ ਹਾਂ, ਉਹਨਾਂ ਨੂੰ ਇੱਕ ਥਾਂ ਇਕੱਠਾ ਕਰਦੇ ਹਾਂ, ਅਰ ਤਦ ਤਾਂ ਤੁਸੀਂ ਸੱਚ ਮੁੱਚ ਗੜਬੜ ਵਿੱਚ ਪੈ ਜਾਂਦੇ ਹੋ। ਇਹ ਠੀਕ ਹੈ। ਕੁਝ ਵੀ ਹੋਵੇ ਇੱਕ ਸਭਾ ਇਸ ਤਰ੍ਹਾਂ ਕਿਵੇਂ ਕਰ ਸੱਕਦੀ ਹੈ ........

171 ਇਹ ਠੀਕ ਉਸੇ ਤਰ੍ਹਾਂ ਹੀ ਹੈ ਜਿਵੇਂ ਕਿ ਅਸੀਂ ਸੋਚਦੇ ਹਾਂ ਕਿ ਲੋਕਤੰਤਰ ਠੀਕ ਹੈ। ਮੈਂ ਵੀ ਯਕੀਨ ਕਰਦਾ ਹਾਂ ਕਿ ਇਹ ਠੀਕ ਹੈ, ਪਰ ਇਹ ਤਾਂ ਠੀਕ ਢੰਗ ਨਾਲ ਕੰਮ ਨਹੀਂ ਕਰੇਗਾ। ਇਹ ਠੀਕ ਢੰਗ ਨਾਲ ਕੰਮ ਕਰ ਹੀ ਨਹੀਂ ਸੱਕਦਾ ਹੈ। ਜਦ ਅਵਾਰਾ ਗਰਦੀ ਕਰਨ ਵਾਲੇ ਲੋਕ ਇਸ ਸਮੂਹ ਨੂੰ ਚਲਾ ਰਹੇ ਹਨ ਤਾਂ ਇਹ ਕਿਵੇਂ ਠੀਕ ਹੋ ਸੱਕਦਾ ਹੈ?ਤੁਸੀਂ ਇਹਨੂੰ ਠੀਕ ਲੱਭ ਹੀ ਨਹੀਂ ਸੱਕਦੇ ਹੋ। ਤੁਸੀਂ ਨਹੀਂ ਕਰ ਸੱਕਦੇ ਹੋ? ਧਿਆਨ ਦਿਓ, ਅਸਲ ਚੀਜ਼ ਤਾਂ ਰੱਬ ਦਾ ਡਰ ਮੰਨਣ ਵਾਲਾ ਰਾਜਾ ਹੀ ਹੁੰਦਾ ਹੈ।

172 ਹੁਣ ਇਸ ਜੰਤੂ ਤੇ ਧਿਆਨ ਦਿਓ, ਤੀਸਰਾ ਜੰਤੂ ਮਨੁੱਖ ਦੀ ਚਤੁਰਾਈ ਸੀ। ਅਤੇ ਇਹ ਉਹਨਾਂ ਸੁਧਾਰਕਾਂ ਨੂੰ ਦਰਸਾਉਂਦਾ ਹੈ ਜੋ ਹੋਏ ਸਨ।

173 ਉਹ ਕਿਸੇ ਮੂਰਤੀ ਨੂੰ ਲੈ ਕੇ ਇਹ ਕਹਿੰਦੇ ਹਨ, "ਇਹ ਰੋਟੀ ਹੈ ; [ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਚਾਰ ਵਾਰ ਤਾੜੀ ਮਾਰਦੇ ਹਨ-ਸੰਪਾ] ਇਹ ਦਾਖਰਸ ਹੈ। "[ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਦੋ ਵਾਰ ਤਾੜੀ ਮਾਰਦੇ ਹਨ] ਵੇਖੋ, ਮਸੀਹ ਵਿਰੋਧੀ ਦੇ ਕੋਲ ਮਸੀਹਤ ਨੂੰ ਦਰਸਾਉਣ ਲਈ ਹਾਲੇ ਵੀ ਕੁਝ ਹੈ। ਉਸਦੇ ਕੋਲ ਤਾਂ ਇਹ ਹੋਣਾ ਹੀ ਹੈ ਕਿਉਂਕਿ ਉਹ ਇੱਕ ਵਿਰੋਧੀ ਹੈ। ਸਮਝੇ?ਅਤੇ ਫਿਰ ਜੇ ਉਹਦੇ ਕੋਲ ਕਿਸੇ ਚੀਜ਼ ਦੇ ਵਿਰੋਧ ਵਿੱਚ ਹੈ ........

174 ਹੁਣ, ਜੇ ਉਹ ਸਿੱਧਾ ਆ ਕੇ ਕਹਿੰਦਾ ਹੈ," ਔਹ, ਮੈਂ ਬੁੱਧ ਹਾਂ। "ਚੰਗਾ, ਇਹਦੇ ਨਾਲ ਕੋਈ ਵੀ ਫਰਕ ਨਹੀਂ ਪੈਂਦਾ ਹੈ। ਉਹ ਸੱਭ ਇਸੇ ਤਰ੍ਹਾਂ ਹੀ ਕਰਦੇ ਹਨ। ਇਹ ਤਾਂ ਸ਼ੁਰੂ ਤੋਂ ਹੀ ਮੂਰਤੀਪੂਜਕ ਹੈ।

175 ਪ੍ਰੰਤੂ ਮਸੀਹ ਵਿਰੋਧੀ ਚਲਾਕ ਹੈ। ਉਸਦੇ ਕੋਲ ਮਸੀਹਤ ਦਾ ਵਿਖਾਵਾ ਕਰਨ ਲਈ ਸਾਰੀਆਂ ਚੀਜ਼ਾਂ ਹਨ। ਪਰ ਉਹ ਉਲਟ ਤਰੀਕੇ ਦੀਆਂ ਹਨ। ਉਹ ਵਚਨ ਦੀ ਮੁੱਢਲੀ ਸਿੱਖਿਆ ਦੇ ਵਿਰੁੱਧ ਹੈ। ਇਹ ਹੀ ਉਹ ਹੈ ਜੋ ਉਹਨੂੰ ਮਸੀਹ ਵਿਰੋਧੀ ਬਣਾਉਂਦਾ ਹੈ। ਸਮਝੇ?

176 ਇਸ ਲਈ ਜਦ ਉਹ ਜੰਤੂ ਮਨੁੱਖ ਦੇ ਰੂਪ ਵਿੱਚ ਉਸਦਾ ਸਾਹਮਣਾ ਕਰਨ ਲਈ ਆਇਆ ਤਾਂ ਸੁਧਾਰਕ ਆਏ ਸਨ।

177 ਹੁਣ ਤੁਸੀਂ ਇਹਨੂੰ ਭੁੱਲਿਓ ਨਾ। ਤੁਸੀਂ ਇਹ ਭੁੱਲਣਾ ਨਹੀਂ। [ਭਾਈ ਬ੍ਰਾਨਹਾਮ ਪੁਲਪਿਟ ਤੇ ਚਾਰ ਵਾਰ ਖੜਾਕ ਕਰਦੇ ਹਨ -ਸੰਪਾ] ਤੁਸੀਂ ਆਪਣੀ ਸਾਰੀ ਜ਼ਿੰਦਗੀ ਇਹ ਯਾਦ ਰੱਖਿਓ। ਸਮਝੇ? ਇਹ ਜੰਤੂ ਬਿਲਕੁੱਲ ਠੀਕ ਹੈ। *ਇਹ ਯਹੋਵਾਹ ਇਉਂ ਫਰਮਾਉਂਦਾ ਹੈ।* ਸਮਝੇ?ਧਿਆਨ ਦਿਓ ਮੂਰਤੀ ਪੂਜਾ ਲੈ ਕੇ ਆਈ ......

178 ਉਹ ਮਨੁੱਖ ਵਰਗਾ ਜੰਤੂ ਜੋ ਪ੍ਰਮੇਸ਼ੁਰ ਦੀ ਸ਼ਕਤੀ ਦੇ ਨਾਲ ਬਾਹਰ ਆਇਆ ਉਹ ਉਸ ਬੁੱਧੀ ਦੇ ਨਾਲ ਜੋ ਉਹਨੂੰ ਖੁਦਾ ਨੇ ਦਿੱਤੀ ਸੀ,ਕਲੀਸਿਯਾ ਨੂੰ ਮੂਰਤੀ ਪੂਜਾ ਵਿੱਚੋਂ ਬਾਹਰ ਕੱਢ ਪ੍ਰਮੇਸ਼ੁਰ ਦੇ ਵੱਲ ਲੈ ਕੇ ਆਇਆ ......

179 ਅਸੀਂ ਇਹ ਵੇਖਿਆ ਕਿ ਉਸੇ ਕਲੀਸਿਯਾ ਦੇ ਯੁੱਗ ਵਿੱਚ ਜਦ ਉਹਨਾਂ ਨੇ ਫਿਰਕਾਪ੍ਰਸਤ ਕਲੀਸਿਯਾ ਬਣਾਉਣੀ ਸ਼ੁਰੂ ਕੀਤੀ ਤਾਂ ਉਹਨਾਂ ਨੇ ਵੀ ਉਸੇ ਕੰਮ ਨੂੰ ਕੀਤਾ ਜੋ ਸ਼ੁਰੂ ਵਿੱਚ ਰੋਮ ਨੇ ਕੀਤਾ ਸੀ .....ਅਤੇ ਹੁਣ ਉਹ ਉਸ ਕਲੀਸਿਯਾ ਦੀਆਂ ਧੀਆਂ ਬਣਨ ਜਾ ਰਹੀਆਂ ਹਨ। ਅਤੇ ਉਹ ਕੀ ਆਖਦੀ ਹੈ?

180 ਉਸਨੇ ਕਿਹਾ, "ਮੈਂ ਤੈਨੂੰ ਸੰਪੂਰਣ ਨਹੀਂ ਪਾਇਆ ਹੈ, ਅਤੇ ਤੈਂ ਉਸ ਤਾਕਤ ਨੂੰ ਹੋਰ ਵੀ ਪੱਕਿਆਂ ਕਰਨਾ ਹੈ ਜੋ ਬਾਕੀ ਰਹਿ ਗਈ ਹੈ। " ਹੁਣ ਤੁਸੀਂ ਉਹਨੂੰ ਪ੍ਰਕਾਸ਼ ਦੀ ਪੋਥੀ 3:3 ਵਿੱਚ ਚਿਤਾਵਨੀ ਦਿੰਦੇ ਹੋਏ ਸੁਣੋ। ਚੰਗਾ, ਮੈਂ ਯਕੀਨ ਕਰਦਾ ਹਾਂ ਕਿ ਮੈਂ ਇਸ ਲਿਖਤ ਨੂੰ ਕੁਝ ਮਿੰਟ ਪਹਿਲਾਂ ਹੀ ਲੱਭ ਲਿਆ ਸੀ।



285 ਹੁਣ ਉਹ ਉੱਪਰ ਚਲੀ ਜਾਂਦੀ ਹੈ। ਅਤੇ ਜਦ ਉਹ ਉੱਪਰ ਜਾਂਦੀ ਹੈ ਤਾਂ ਦੋ ਨਬੀ ਇਸਰਾਏਲ ਵਿੱਚ ਪਹੁੰਚ ਜਾਂਦੇ ਹਨ। ਸਮਝੇ?

286 ਅਤੇ ਉਹ ਪ੍ਰਾਣ ਜਿਹੜੇ ਸ਼ਹੀਦ ਕੀਤੇ ਗਏ ਸਨ, ਉਹ ਜਾਨਾਂ ਜਿਹੜੀਆਂ ਪਿਛਲੇ ਸਮੇਂ ਵਿੱਚ ਕਤਲ ਕੀਤੀਆਂ ਗਈਆਂ ਸਨ ਉਹ ਸੱਚੇ ਅਤੇ ਅਸਲੀ ਯਹੂਦੀ ਸਨ, ਉਨ੍ਹਾਂ ਦੇ ਨਾਮ ਕਿਤਾਬ ਵਿੱਚ ਸਨ ਉਨ੍ਹਾਂ ਨੇ ਚੰਗਾ ਜੀਵਨ ਬਤੀਤ ਕੀਤਾ ਸੀ ਅਤੇ ਭਲੇ ਕੰਮ ਕੀਤੇ ਸਨ ਅਤੇ ਉਨ੍ਹਾਂ ਨੇ ਬਿਲਕੁੱਲ ਯਹੂਦੀ ਧਰਮ ਦੇ ਅਨੁਸਾਰ ਜੀਵਨ ਬਤੀਤ ਕੀਤਾ ਸੀ। ਉਨ੍ਹਾਂ ਨੂੰ ਆਇਕਮੈਨ ਅਤੇ ਹੋਰਨਾਂ ਨੇ ਸ਼ਹੀਦ ਕੀਤਾ ਸੀ। ਉਨ੍ਹਾਂ ਵਿੱਚੋਂ ਲੱਖਾਂ ਸੱਚੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਅਤੇ ਉਨ੍ਹਾਂ ਜਰਮਨ ਦੇ ਲੋਕਾਂ ਨੇ ਉਨ੍ਹਾਂ ਨੂੰ ਗੋਲੀ ਦੇ ਨਾਲ ਮਾਰ ਦਿੱਤਾ ਸੀ ਅਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਅਤੇ ਉਨ੍ਹਾਂ ਨੂੰ ਮਾਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਕੰਧਾਂ ਤੇ ਲਟਕਾ ਦਿੱਤਾ ਸੀ ਅਤੇ ਸਾੜ ਦਿੱਤਾ ਸੀ ਅਤੇ ਉਨ੍ਹਾਂ ਨੂੰ ਸੁਆਹ ਬਣਾ ਦਿੱਤਾ ਸੀ ਅਤੇ ਉਨ੍ਹਾਂ ਦੇ ਨਾਲ ਹੋਰ ਕਈ ਕੁਝ ਕੀਤਾ ਸੀ। ਉਨ੍ਹਾਂ ਬੇਦਰਦ ਅਤੇ ਭੁੱਖੇ ਹਿਟਲਰ ਅਰ ਸਟਾਲਿਨ ਅਤੇ ਮੂਸੋਲਿਨੀ ਅਤੇ ਉਨ੍ਹਾਂ ਸੱਭ ਲੋਕਾਂ ਨੇ ਉਨ੍ਹਾਂ ਯਹੂਦੀਆਂ ਨਾਲ ਘਿਰਣਾ ਕੀਤੀ ਸੀ।

287 ਮੈਂ ਸੋਚਦਾ ਹਾਂ ਕਿ ਇਸ ਕੌਮ ਨੂੰ ਜਿਹੜੀ ਚੀਜ਼ ਨੇ ਇੱਕਠੇ ਬੰਨ੍ਹਿਆ ਹੋਇਆ ਹੈ ਉਨ੍ਹਾਂ ਵਿੱਚੋਂ ਇੱਕ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਹਮੇਸ਼ਾਂ ਯਹੂਦੀਆਂ ਦਾ ਆਦਰ ਕੀਤਾ ਹੈ, ਇਹ ਸੱਚ ਹੈ ਕਿ ਉਨ੍ਹਾਂ ਨੇ ਹਮੇਸ਼ਾਂ ਯਹੂਦੀਆਂ ਨੂੰ ਥਾਂ ਦਿੱਤੀ ਹੈ। ਤੁਸੀਂ ਯਹੂਦੀ (ਇਸਰਾਏਲ )ਦਾ ਆਦਰ ਕਰੋ ਪ੍ਰਮੇਸ਼ੁਰ ਤੁਹਾਡਾ ਆਦਰ ਕਰੇਗਾ।

288 ਹੁਣ, ਯਹੂਦੀਆਂ ਦਾ ਇੱਕ ਝੁੰਡ ਸੀ ਜੋ ਕਿ ਬੇਪ੍ਰਤੀਤਾ ਸੀ ਜਿਵੇਂ ਕਿ ਪਰਾਈਆਂ ਜਾਤੀਆਂ ਹਨ।

289 ਪ੍ਰੰਤੂ ਸੱਚੇ ਯਹੂਦੀ ਦਾ ਨਾਮ ਪ੍ਰਮੇਸ਼ੁਰ ਨੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਆਪਣੀ ਪੋਥੀ ਵਿੱਚ ਲਿਖਿਆ ਹੋਇਆ ਹੈ ਅਤੇ ਉਹ ਉਸ ਸਮੇਂ ਉੱਥੇ ਮਾਰਿਆ ਗਿਆ। ਅਤੇ ਯਾਦ ਰੱਖੋ ......ਹੁਣ ਤੁਸੀਂ ਇਸਦੇ ਬਾਰੇ ਵਿੱਚ ਜਰਾ ਸੋਚੋ ਕਿ ਇਹ ਕਿੰਨਾ ਸਿੱਧ ਹੈ। ਅਤੇ ਯਾਦ ਰੱਖੋ ਕਿ ਬਾਈਬਲ ਦੱਸਦੀ ਹੈ ਕਿ ਜਦ ਉਨ੍ਹਾਂ ਲੱਖਾਂ ਯਹੂਦੀਆਂ ਨੂੰ, ਨਿਰਦੋਸ਼ਾਂ ਨੂੰ ਦੇਸ਼ਾਂ ਦੁਆਰਾ ਮਾਰ ਦਿੱਤਾ ਗਿਆ ਤਾਂ ਉਨ੍ਹਾਂ ਵਿੱਚੋਂ ਹਰ ਇੱਕ ਜਗਵੇਦੀ ਦੇ ਹੇਠਾਂ ਪਹੁੰਚਾਂ ਅਤੇ ਤਦ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਕੀ ਹੋਇਆ ਹੈ; ਅਤੇ ਉਨ੍ਹਾਂ ਨੂੰ ਚਿੱਟੇ ਬਸਤਰ ਦਿੱਤੇ ਗਏ।

290 ਅਤੇ ਉਨ੍ਹਾਂ ਆਖਿਆ, " ਚੰਗਾ, ਕਿਉਂ--ਕੀ ਅਸੀਂ ਹੁਣ ਇਸ ਵੇਲੇ ਯਹੂਦੀ ਰਾਜ ਵਿੱਚ ਵਾਪਿਸ ਜਾ ਸੱਕਦੇ ਹਾਂ?ਤੁਸੀਂ ਜਾਣਦੇ ਹੋ ਕਿ ਯਹੂਦੀ ਰਾਜ ਧਰਤੀ ਦੇ ਉੱਤੇ ਸਥਾਪਿਤ ਹੋਵੇਗਾ। ਯੂਹੰਨਾ ਨੇ ਕਿਹਾ ਸੀ ਕਿ ਸੁਰਗੀ ਰਾਜ ਸਥਾਪਤ ਹੋਣਾ ਹੈ ।

(ਹੁਣ ਤੁਸੀਂ ਵੇਖੋ ਕਿ) ਇਹ ਖੁਸ਼ਖਬਰੀ ਦਾ ਰਾਜ ਹੈ।

291 ਪੰਤੂ ਯਹੂਦੀਆਂ ਦੇ ਰਾਜ ਦਾ ਪ੍ਰਚਾਰ ਇਨ੍ਹਾਂ ਦੋ ਨਬੀਆਂ ਦੇ ਰਾਹੀਂ ਕੀਤਾ ਜਾਵੇਗਾ ਇਸ ਲਈ ਧਿਆਨ ਦਿਓ ਕਿ ਇਹ ਰਾਜ ਧਰਤੀ ਦਾ ਹੈ।

ਗਿਆ, "ਥੋੜੀ ਦੇਰ ਹੋਰ ਅਰਾਮ ਕਰੋ। ਹੁਣ ਤੁਹਾਨੂੰ ਤੁਹਾਡਾ ਚਿੱਟਾ ਵਸਤਰ ਮਿਲ ਗਿਆ ਹੈ, ਤੁਸੀਂ ਘਰ ਜਾ ਰਹੇ ਹੋ, ਹੋਰ ਥੋੜੀ ਕੁ ਦੇਰ ਉੱਥੇ ਹੀ ਬੈਠੇ ਰਹੋ ;ਥੋੜੀ ਦੇਰ ਹੋਰ ਉਡੀਕ ਕਰੋ। "

277 ਹੁਣ ਧਿਆਨ ਦਿਓ। ਹੁਣ ਤੁਸੀਂ "ਤੁਹਾਡੇ ਭਰਾਵਾਂ " ਸ਼ਬਦ ਤੇ ਧਿਆਨ ਦਿਓ। ਤੇਰੇ ਭਰਾਵਾਂ ਦਾ ਵੱਢੇ ਜਾਣਾ ਹਾਲੇ ਬਾਕੀ ਹੈ ਜਿਹਦਾ ਅਰਥ ਹੈ ਕਿ ਉਨ੍ਹਾਂ ਇੱਕ ਲੱਖ ਚੁਤਾਲੀ ਹਜ਼ਾਰ ਨੇ ਮੁਸੀਬਤਾਂ ਦੇ ਸਮੇਂ ਦੌਰਾਨ ਆਉਣਾ ਹੈ। ਇੱਕ ਲੱਖ ਚੁਤਾਲੀ ਹਜਾਰ ਨੂੰ ਬੁਲਾਇਆ ਜਾਣਾ ਹੈ।

278 ਕਾਸ਼ ਕਿ ਸਾਡੇ ਕੋਲ ਸਮਾਂ ਹੁੰਦਾ। ਖੁਦਾ ਨੇ ਚਾਹਿਆ ਤਾਂ ਅਸੀਂ ਕੱਲ ਰਾਤ ਇਹਨੂੰ ਵੇਖਾਂਗੇ। ਅਸੀਂ .....ਇਸ ਤੋਂ ਪਹਿਲਾਂ ਕਿ ਅਸੀਂ ਅਗਲੀ ਮੋਹਰ ਨੂੰ ਲਈਏ। ਸਮਝੇ?

279 ਹੁਣ ਤੁਸੀਂ ਇਸ ਉੱਤੇ ਵੀ ਧਿਆਨ ਦਿਓ ਕਿ ਉਨ੍ਹਾਂ ਨੇ ਮਸੀਹ ਵਿਰੋਧੀ ਦੇ ਰਾਹੀਂ ਸ਼ਹੀਦ ਹੋਣਾ ਹੈ। ਅਸੀਂ ਇਹਦਾ ਅਧਿਐਨ ਕਰ ਚੁੱਕੇ ਹਾਂ ਉਸਦੇ ਆਖਰੀ ਘੋੜੇ ਦਾ ਅਧਿਐਨ ਕਰਦੇ ਸਮੇਂ ਅਸੀਂ ਵੇਖਿਆ ਸੀ ਕਿ ਕਿੱਥੇ ਉਹਨੇ ਉਸ ਨੇਮ ਨੂੰ ਯਹੂਦੀਆਂ ਦੇ ਨਾਲੋਂ ਤੋੜ ਲਿਆ ਸੀ। ਅਤੇ ਉਹ ਨੇਮ ਤੋੜ ਦਿੱਤਾ ਜਾਂਦਾ ਹੈ। ਸਮਝੇ?

280 ਉਨ੍ਹਾਂ ਯਹੂਦੀਆਂ ਨੂੰ -ਇਹ ਪ੍ਰਕਾਸ਼ ਦੀ ਪੋਥੀ ਅਨੁਸਾਰ ਇੱਕ ਲੱਖ ਚੁਤਾਲੀ ਹਜ਼ਾਰ ਹਨ ਜਿਨ੍ਹਾਂ ਨੂੰ ਦੋ ਗਵਾਹਾਂ ਦੁਆਰਾ ਬਾਹਰ ਬੁਲਾਇਆ ਜਾਂਦਾ ਹੈ। ਹੁਣ ਤੁਸੀਂ ਯਾਦ ਰੱਖੋ ਕਿ ਉਨ੍ਹਾਂ ਨੇ ਭਵਿੱਖਬਾਣੀ ਕਰਨੀ ਹੈ। ਸਮਝੇ?

281 ਤੁਸਾਂ ਇਹ ਪੜ੍ਹਿਆ ਹੈ। ਕਿੰਨਿਆ ਨੇ ਇਹ ਪੜ੍ਹਿਆ ਹੈ?[ਸੰਗਤ ਆਖਦੀ ਹੈ, "ਆਮੀਨ।" -ਸੰਪਾ] ਯਕੀਨਨ, ਅਸੀਂ ਸਾਰੇ ਵਚਨ ਦੇ ਪੜ੍ਹੇ ਜਾਣ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ।

282 ਅਤੇ ਇਹ ਦੋ ਗਵਾਹ ਭਵਿੱਖਬਾਣੀ ਕਰਦੇ ਹਨ-ਇਹ ਦੋ ਗਵਾਹ ਦਾਨੀਏਲ ਦੇ ਸੱਤਰਵੇਂ ਹਫਤੇ ਦੇ ਦੂਸਰੇ ਅੱਧੇ ਭਾਗ ਵਿੱਚ ਭਵਿੱਖਬਾਣੀ ਕਰਦੇ ਹਨ। ਇਹ ਆਖਰੀ ਸਾਢੇ ਤਿੰਨ ਸਾਲ ਹਨ।

283 ਕੀ ਤੁਹਾਨੂੰ ਯਾਦ ਹੈ ਕਿਵੇਂ ਅਸੀਂ ਦਾਨੀਏਲ ਦੇ ਸੱਤਰ ਸਾਤੇ ਲਏ ਸਨ?ਮੈਂ ਕਿਹਾ ਸੀ ਜਦ ਅਸੀਂ ਇੱਥੇ ਆਵਾਂਗੇ ਤਾਂ ਸਾਨੂੰ ਇਸਦੀ ਲੋੜ ਪਵੇਗੀ। ਮੈਂ ਨਹੀਂ ਜਾਣਦਾ ਸੀ ਕਿ ਮੈਂ ਕਿਉਂ ਇਸ ਤਰ੍ਹਾਂ ਕਿਹਾ ਹੈ ਪ੍ਰੰਤੂ ਮੈਂ ਤਾਂ ਬਸ -ਕਿਸੇ ਨੇ ਮੈਨੂੰ ਦੱਸਿਆ ਸੀ ਕਿ ਸਾਨੂੰ ਇਸਦੀ ਲੋੜ ਪਵੇਗੀ ਅਤੇ ਇੱਥੇ ਅਸੀਂ ਇਸਦੀ ਲੋੜ ਵੇਖ ਰਹੇ ਹਾਂ। ਵੇਖਿਆ, ਸਮਝੇ?

284 ਦਾਨੀਏਲ ਦੇ ਸਮੇਂ ਵੱਲ ਧਿਆਨ ਦਿਓ ......ਹੁਣ ਯਾਦ ਰੱਖੋ ਕਿ ਦਾਨੀਏਲ ਨੂੰ ਦੱਸਿਆ ਗਿਆ ਸੀ ਕਿ ਮਸੀਹਾ ਆਵੇਗਾ(ਉਹ ਰਾਜ ਕੁਮਾਰ,ਅਸਲ ਵਿੱਚ ਮਸੀਹਾ ਹੈ)ਅਤੇ ਉਹ ਭਵਿੱਖਬਾਣੀ ਕਰੇਗਾ। ਇਸਰਾਏਲ ਦਾ ਹਾਲੇ ਸੱਤਰਵਾਂ ਸਾਤਾ ਬਾਕੀ ਹੈ ਅਰ ਸੱਤਰਵੇਂ ਸਾਤੇ ਦੇ ਵਿੱਚਕਾਰ ਹੀ ਮਸੀਹ ਕੱਟਿਆ ਜਾਵੇਗਾ ਅਤੇ ਰੋਜਾਨਾ ਦੀ ਬਲੀ ਬੰਦ ਕੀਤੀ ਜਾਵੇਗੀ। ਕੀ ਇਹ ਠੀਕ ਹੈ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਪ੍ਰੰਤੂ ਹਾਲੇ ਵੀ ਉਨ੍ਹਾਂ ਦੇ ਕੋਲ ਸਾਡੇ ਤਿੰਨ ਸਾਲ ਰਹਿੰਦੇ ਹਨ। ਪ੍ਰੰਤੂ ਇਸ ਸਮੇਂ ਦੌਰਾਨ ਉਹ ਪਰਾਈਆਂ ਜਾਤੀਆਂ ਵਿੱਚੋਂ ਦੁਲਹਨ ਲੈਂਦਾ ਹੈ।



*ਇਸ ਲਈ ਚੇਤੇ ਕਰ ਭਈ ਤੈਂ ਕਿਸ ਬਿਧ ਪ੍ਰਾਪਤ ਕੀਤਾ ਅਤੇ ਸੁਣਿਆ, ਉਹਦੀ ਪਾਲਨਾ ਕਰ ਅਤੇ ਤੋਬਾ ਕਰ।*

181 ਦੂਜੇ ਲਫਜ਼ਾਂ ਵਿੱਚ ਉਸਨੇ ਕਿਹਾ, "ਚੇਤੇ ਕਰ ਕਿ ਤੂੰ ਉਸ ਸੜਿਆਂਦ ਵਿੱਚੋਂ ਬਾਹਰ ਆਇਆ ਹੈਂ। " ਸਮਝੇ?ਅਤੇ ਇੱਧਰ ਧਿਆਨ ਦਿਓ।

*ਅਤੇ ਜੇ ਤੂੰ ਨਾ ਜਾਗਿਆ ਤਾਂ ਮੈਂ ਚੋਰ ਵਾਂਗੂ ਅਵਾਂਗਾ ਅਤੇ ਤੈਨੂੰ ਮੂਲੋਂ ਪਤਾ ਨਾ ਹੋਵੇਗਾ ਜੋ ਮੈਂ ਤੇਰੇ ਉੱਤੇ ਕਿਹੜੀ ਘੜੀ ਆਣ ਪਵਾਂਗਾ।*

182 ਅਤੇ ਅਗਾਂਹ ਨੂੰ ਉਹ ਸ਼ਮਾਦਾਨ ਨੂੰ ਹਟਾ ਦੇਵੇਗਾ। ਇਸ ਲਈ ਇਹ ਹੀ ਉਹ ਹੈ। ਇਹ ਸ਼ਮਾਦਾਨ ਕੀ ਹੈ? ਕਲੀਸਿਯਾ ਦਾ ਉਜਿਆਲਾ।

183 ਅਤੇ ਉਹ ਫਿਰ ਉਸੇ ਜੱਥੇਬੰਦੀ ਦੀ ਮੂਰਤੀ ਪੂਜਾ ਦੇ ਹਨੇਰੇ ਵਾਲੀ ਪ੍ਰਣਾਲੀ ਵਿੱਚ ਚਲੀ ਗਈ ਜਿਹਦੇ ਵਿੱਚੋਂ ਉਹ ਨਿੱਕਲ ਕੇ ਆਈ ਸੀ ਅਤੇ ਉਹ ਅੱਜ ਵੀ ਉਸੇ ਵਿੱਚ ਹੈ। ਅਤੇ ਜੋ ਸਿੱਧੇ ਮਨ ਦੇ ਲੋਕ ਹਨ ਉਹ ਸੋਚ ਰਹੇ ਹਨ ਕਿ ਉਹ ਸੱਚੀ ਹੈ; ਪ੍ਰੰਤੂ ਉਹ ਵੀ ਕੈਥੋਲਿਕਾਂ ਵਾਂਗ ਹੀ ਹਨ, ਅਤੇ ਪ੍ਰੋਟੈਸਟੈਂਟ ਕੈਥੋਲਿਕਾਂ ਤੇ ਹੱਸਦੇ ਹਨ ਜਦਕਿ ਵਚਨ ਦੇ ਅਨੁਸਾਰ ਤਾਂ ਉਹ ਸੱਭ ਇੱਕੋ ਵਰਗੇ ਹੀ ਹਨ : ਮਨੁੱਖ ਦੀ ਬੁੱਧੀ।

184 ਹੁਣ ਧਿਆਨ ਦਿਓ। ਔਹ ਮੈਂ ਇਹਨੂੰ ਕਿੰਨਾ ਪਸੰਦ ਕਰਦਾ ਹਾਂ। ਹੁਣ ਉਹਨੂੰ ਚੇਤਾਵਨੀ ਦਿੰਦੇ ਨੂੰ ਮੈਂ ਸੁਣਨਾ ਚਾਹੁੰਦਾ ਹਾਂ। ਹੁਣ, ਹੁਣ, ਅਸੀਂ .......ਕੀ ਹੁਣ ਤੁਹਾਡੇ ਵਿੱਚੋਂ ਹਰ ਕੋਈ ਇਸਦੇ ਨਾਲ ਪੂਰੀ ਤਰ੍ਹਾਂ ਸਹਿਮਤ ਹੈ, ਜੇ ਤੁਸੀਂ ਸਹਿਮਤ ਨਹੀਂ ਹੋ ਤਾਂ ਮੈਨੂੰ ਪ੍ਰਸ਼ਨ ਲਿਖ ਲਿਖੋ। ਜਿਵੇਂ ਬਾਈਬਲ ਉਹਨਾਂ ਦੀ ਪਛਾਣ ਕਰਾਉਂਦੀ ਹੈ ਉਸੇ ਤਰ੍ਹਾਂ ਹੀ ਹਰ ਇੱਕ ਯੁੱਗ ਵਿੱਚ ਉਹਨਾਂ ਦੀ ਪਛਾਣ ਹੋਈ ਸੀ। ਬਿਲਕੁੱਲ ਇਹ ਹੀ ਉਹਨਾਂ ਨੇ ਤਦ ਕੀਤਾ ਸੀ। ਇਤਿਹਾਸ ਵਿਖਾਉਂਦਾ ਹੈ ਕਿ ਉਹਨਾਂ ਨੇ ਕੀ ਕੀਤਾ ਸੀ। ਅਸੀਂ ਉਹਨਾਂ ਦੇ ਬਾਰੇ ਵਿੱਚ ਵੇਖਿਆ ਹੈ ਅਤੇ ਵੇਖਿਆ ਕਿ ਉਹਨਾਂ ਨੇ ਕੀ ਕੀਤਾ ਸੀ।

185 ਅਤੇ ਮੈਂ ਉਹਨਾਂ ਜੰਤੂਆਂ ਦੇ ਵਾਰੇ ਵਿੱਚ ਇਸ ਤੋਂ ਪਹਿਲਾਂ ਕਦੇ ਨਹੀਂ ਜਾਣਦਾ ਸੀ। ਮੈਂ ਤਾਂ ਬਸ ਇੱਥੇ ਬੈਠਾ ਹੋਇਆ ਸੀ ਅਤੇ ਮੈਂ ਇਹਨੂੰ ਉੱਥੇ ਚੱਲਦਾ ਹੋਇਆ ਠੀਕ ਉਸੇ ਤਰ੍ਹਾਂ ਹੀ ਵੇਖ ਸੱਕਦਾ ਸੀ ਜਿਵੇਂ ਤੁਸੀਂ ਮੈਨੂੰ ਵੇਖ ਰਹੇ ਹੋ। ਸਮਝ ਲੱਗੀ? ਅਤੇ ਇਹਨੇ ਠੀਕ ਹੀ ਹੋਣਾ ਹੈ ਕਿਉਂਕਿ ਇਹ ਬਾਈਬਲ ਦੇ ਨਾਲ ਬਿਲਕੁੱਲ ਠੀਕ-ਠੀਕ ਮੇਲ ਖਾਂਦਾ ਹੈ। ਇਸ ਲਈ ਤੁਸੀਂ ਇਹਨੂੰ ਸੱਚ ਕਹਿਣ ਤੋਂ ਇਲਾਵਾ ਹੋਰ ਕੁਝ ਕਿਵੇਂ ਕਹੋਗੇ ?

186 ਹੁਣ ਧਿਆਨ ਦਿਓ ਉਹ ਚੌਥਾ ਜੰਤੂ ਜਿਹੜਾ ਮਸੀਹ ਵਿਰੋਧੀ ਦਾ ਸਾਹਮਣਾ ਕਰਨ ਲਈ ਭੇਜਿਆ ਗਿਆ ਸੀ,ਉਹ ਆਖਰੀ ਜੰਤੂ ....ਕੀ ਤੁਸੀਂ ਤਿਆਰ ਹੋ?[ਸੰਗਤ ਆਖਦੀ ਹੈ-"ਆਮੀਨ।"] ਉਹ ਆਖਰੀ ਜੰਤੂ ਸੀ, ਉਹ ਆਖਰੀ ਸਮਰੱਥਾ ਜੋ ਮਸੀਹ ਵਿਰੋਧੀ ਦਾ ਜਿਹੜਾ ਕਿ ਪ੍ਰਮੇਸ਼ੁਰ ਦੀਆਂ ਸਿੱਖਿਆਵਾਂ ਦੇ ਵਿਰੁੱਧ ਹੈ ਮੁਕਾਬਲਾ ਕਰਨ ਲਈ ਭੇਜਿਆ ਗਿਆ, ਉਹ ਉਕਾਬ ਸੀ। ਸਮਝੇ?ਹੁਣ ਤੁਸੀਂ ਕਲੀਸਿਯਾਈ ਯੁੱਗਾਂ ਦਾ ਅਰ ਲਿਖਤਾਂ ਦਾ ਅਧਿਐਨ ਕਰੋ ਤਾਂ ਤੁਸੀਂ ਜਾਣ ਜਾਓਗੇ ਕਿ ਇਹ ਚੌਥਾ ਜੰਤੂ ਉਕਾਬ ਹੈ। ਅਤੇ ਬਾਈਬਲ ਵਿੱਚ ਆਖਰੀ ਯੁੱਗ ਵੀ ਉਕਾਬ ਦਾ ਯੁੱਗ ਹੈ ਅਤੇ ਖੁਦਾ

ਆਪਣੇ ਨਬੀਆਂ ਨੂੰ ਉਕਾਬਾਂ ਵਾਂਗੂ ਦਰਸਾਉਂਦਾ ਹੈ। ਸਮਝੇ?ਹੁਣ ਧਿਆਨ ਦਿਓ। ਆਖਰੀ ਯੁੱਗ ਉਕਾਬ ਦਾ ਯੁੱਗ ਹੈ-- ਸੱਚੇ ਵਚਨ ਨੂੰ ਪ੍ਰਗਟ ਕਰਨ ਦਾ ਯੁੱਗ ਹੈ। ਸਮਝੇ?

187 ਇਸ ਤੋਂ ਪਹਿਲਾਂ ਕਿ ਪ੍ਰਮੇਸ਼ੁਰ ਕੋਈ ਕੰਮ ਕਰੇ ਉਹ ਆਪਣਾ ਇੱਕ ਉਕਾਬ ਭੇਜਦਾ ਹੈ; ਜਿਵੇਂ ਉਸਨੇ ਨੂਹ ਦੇ ਦਿਨਾਂ ਵਿੱਚ ਕੀਤਾ ਸੀ। ਜਦ ਉਹ ਇਸਰਾਏਲ ਨੂੰ ਲਿਆਇਆ ਅਤੇ ਫਿਰਊਨ ਦੀ ਸੈਨਾ ਜਾਣ ਦੇ ਲਈ ਤਿਆਰ ਸੀ ਤਾਂ ਉਸਨੇ ਇੱਕ ਉਕਾਬ ਭੇਜਿਆ। ਹਰ ਵਾਰੀ ਸਮੇਂ ਦੇ ਅੰਤ ਵਿੱਚ ਉਹਨੇ ਇੱਕ ਉਕਾਬ ਭੇਜਿਆ।

188 ਅਰ ਉਸਨੇ ਫਿਰ ਇੱਕ ਉਕਾਬ ਨੂੰ ਦੁਬਾਰਾ ਭੇਜਿਆ ਹੈ। ਇਹ ਗੱਲ ਵਚਨ ਦੇ ਨਾਲ ਬਿਲਕੁੱਲ ਮੇਲ ਖਾਂਦੀ ਹੈ। ਇਸ ਲਈ ਤੁਸੀਂ ਇਸਨੂੰ ਕੁਝ ਹੋਰ ਕਿਵੇਂ ਬਣਾ ਸੱਕਦੇ ਹੋ?ਉਹ ਇੱਕ ਉਕਾਬ ਨੂੰ ਭੇਜਦਾ ਹੈ। ਕਿਉਂ ?ਉਹ ਉਸ ਸੱਚਾਈ ਨੂੰ ਪ੍ਰਗਟ ਕਰਨ ਵਾਲਾ ਭੇਜਦਾ ਹੈ ਜੋ ਕਿ ਸਾਰੇ ਯੁੱਗਾਂ ਵਿੱਚ ਡਿੱਗ ਚੁੱਕੀ ਸੀ।

189 ਇਸ ਲਈ ਭਾਵੇਂ ਵਹਿੜਕਾ ਜਾਂ ਮਨੁੱਖ ਜਾਂ ਜੋ ਕੋਈ ਵੀ ਜੰਤੂ ਸਵਾਰੀ ਕਰ ਰਿਹਾ ਸੀ, ਇਹ ਤਦ ਤੱਕ ਕਿਵੇਂ ਪ੍ਰਗਟ ਹੋ ਸੱਕਦਾ ਸੀ ਜਦ ਤੱਕ ਕਿ ਉਕਾਬ ਨਾ ਆਉਂਦਾ?ਦੂਸਰਿਆਂ ਦਾ ਆਪਣਾ ਸਥਾਨ ਸੀ, ਉਹ ਤਾਂ ਪ੍ਰਮੇਸ਼ੁਰ ਵੱਲੋਂ ਘੱਲੇ ਹੋਏ ਜੰਤੂ ਸਨ, ਬਿਲਕੁੱਲ ਉਸੇ ਤਰ੍ਹਾਂ ਹੀ ਜਿਵੇਂ ਕਿ ਕੋਈ ਹੋਰ ਹੁੰਦਾ ਹੈ।

190 ਸ਼ੇਰ, ਇਹ ਤਾਂ ਅਸਲੀ (ਮੂਲ)ਜੰਤੂ ਸੀ। ਇਹ ਹੀ ਹੈ ਜਿੱਥੇ ਮਸੀਹ ਵਿਰੋਧੀ ਮੁਕਾਬਲਾ ਕਰਨ ਲਈ ਆਉਂਦਾ ਹੈ।

191 ਇਸ ਤੋਂ ਬਾਦ ਉਸਨੇ ਇੱਕ ਹੋਰ ਸ਼ਕਤੀ ਉਠਾ ਖੜੀ ਕੀਤੀ, ਉਸਨੇ ਇਹਦਾ ਮੁਕਾਬਲਾ ਕਰਨ ਲਈ ਇੱਕ ਹੋਰ ਸ਼ਕਤੀ ਨੂੰ ਭੇਜ ਦਿੱਤਾ।

192 ਫਿਰ ਉਸਨੇ ਇੱਕ ਹੋਰ ਸ਼ਕਤੀ ਨੂੰ ਖੜਾ ਕੀਤਾ ਅਤੇ ਪ੍ਰਮੇਸ਼ੁਰ ਨੇ ਉਸ਼ ਸ਼ਕਤੀ ਦਾ ਸਾਹਮਣਾ ਕਰਨ ਲਈ ਆਪਣੀ ਇੱਕ ਹੋਰ ਸ਼ਕਤੀ ਭੇਜੀ।

193 ਅਤੇ ਫਿਰ ਅੰਤ ਵਿੱਚ ਪ੍ਰਮੇਸ਼ੁਰ ਆਪਣੀ ਆਖਰੀ ਸ਼ਕਤੀ ਦੇ ਰੂਪ ਵਿੱਚ ਉਕਾਬ ਨੂੰ ਥੱਲੇ ਲੈ ਕੇ ਆਉਂਦਾ ਹੈ ਤਾਂ ਕਿ "ਬੱਚਿਆਂ ਦੇ ਦਿਲਾਂ ਨੂੰ ਉਹਨਾਂ ਦੇ ਪੇਵਾਂ ਦੇ ਵਿਸ਼ਵਾਸ਼ ਵੱਲ ਮੋੜਿਆ ਜਾਵੇ। " ਉਕਾਬ ਦਾ ਯੁੱਗ। ਤਦ ਫਿਰ ਕੀ ਤੁਸੀਂ ਧਿਆਨ ਦਿੱਤਾ? ਇਸ ਤੋਂ ਬਾਦ ਹੋਰ ਕੋਈ ਜੰਤੂ ਨਹੀਂ ਹੈ। ਬਸ ਏਨੇ ਹੀ ਸਨ। ਇਹੋ ਹੀ ਅੰਤ ਹੈ। ਹੁਣ ਜੇ ਤੁਸੀਂ ਪ੍ਰਕਾਸ਼ ਦੀ ਪੋਥੀ 10:1-7 ਤੱਕ ਵੇਖੋ ਤਾਂ ਤੁਹਾਨੂੰ ਇਹ ਹੀ ਮਿਲੇਗਾ। ਮੈਂ ਇਸਦਾ ਬਿਆਨ ਕਰ ਚੁੱਕਾ ਹਾਂ। ਯਾਦ ਕਰੋ ਕਿ ਆਖਰੀ ਦੂਤ ਦੇ ਯੁੱਗ ਵਿੱਚ ਕੀ ਹੋਣਾ ਸੀ? "ਪ੍ਰਮੇਸ਼ੁਰ ਦੇ ਸਾਰੇ ਗੁਪਤ ਭੇਤ ਪ੍ਰਗਟ ਹੋਣਗੇ। " ਉਕਾਬ। ਆਮੀਨ।

194 ਹੁਣ ਤੁਸੀਂ ਉਹਨਾਂ ਚਾਰਾਂ ਜੰਤੂਆਂ ਨੂੰ ਵੇਖ ਲਿਆ ਹੈ ਜੋ ਆਏ ਸਨ। ਉਹ ਸੰਪੂਰਨ ਤੋਰ ਤੇ ਠੀਕ ਸਨ। ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ?[ਸੰਗਤ ਆਖਦੀ ਹੈ-"ਆਮੀਨ। "-ਸੰਪਾ] ਅਤੇ ਹੁਣ ਇਹ ਹੀ ਹਰ ਇੱਕ ਯੁੱਗ ਹੈ ਅਤੇ ਇਹ ਹੀ ਹਰ ਇੱਕ ਸ਼ਕਤੀ ਹੈ ਜੋ ਪਿੱਛੇ ਆਈ ਸੀ।



ਵਸਤਰ ਦਿੱਤਾ ਅਰ ਜਿਵੇਂ ਵੀ ਹੋਵੇ ਉਹ ਉਨ੍ਹਾਂ ਨੂੰ ਘਰ ਦੇ ਅੰਦਰ ਲੈ ਜਾਵੇਗਾ। ਇਸ ਨਾਲ ਕੋਈ ਵੀ ਫਰਕ ਨਹੀਂ ਪੈਂਦਾ ਕਿਉਂਕਿ ਉਸਨੇ ਕਿਹਾ ਸੀ, " ਜਿਦਾਂ ਵੀ ਹੋਵੇ ਮੈਂ ਉਨ੍ਹਾਂ ਸੱਭਨਾਂ ਨੂੰ ਬਚਾ ਲਵਾਂਗਾ। "ਸਮਝੇ?

ਹੁਣ ਤੁਸੀਂ ਦੱਸਵੀਂ ਆਇਤ ਤੇ ਧਿਆਨ ਦਿਓ ਇੱਥੇ ਉਹ ਬਦਲਾ ਲੈਣ ਲਈ ਕਹਿ ਰਹੇ ਹਨ। ਸਮਝੇ?

271 ਹੁਣ ਜੇ ਇਹ ਦੁਲਹਨ ਹੁੰਦੀ ਤਾਂ ਉਹ ਇਸਤੀਫਾਨ ਦੇ ਵਰਗੀ ਹੁੰਦੀ। ਤੁਸੀਂ ਜਾਣਦੇ ਹੋ ਕਿ ਇਸਤੀਫਾਨ ਨੇ ਕਿਹਾ ਸੀ, " ਹੇ ਪਿਤਾ ਇਨ੍ਹਾਂ ਨੂੰ ਮਾਫ ਕਰ। " ਵੇਖਿਆ?

272 ਪ੍ਰੰਤੂ ਇਹ ਯਹੂਦੀ ਹਨ ਜੋ ਕਿ ਹੁਣੇ ਹੀ ਅੰਦਰ ਆਏ ਹਨ। ਸਮਝੇ?ਉਹ ਬਦਲਾ ਲੈਣ ਲਈ ਕਹਿੰਦੇ ਹਨ। ਫਿਰ ਧਿਆਨ ਦਿਓ, ਫਿਰ ਵੇਖੋ ਉਸਨੇ ਕਿਹਾ ......ਧਿਆਨ ਦਿਓ ਕਿ ਇਹ ਅਜਿਹਾ ਨਹੀਂ ਹੈ .....ਉਸਨੇ ਕਿਹਾ ਸੀ, : ਇਹ ਤੇਰੇ ਭਾਈ ਯਹੂਦੀ ਹਨ, ਸੋ .....ਹੁਣ ਉਹ ਬਦਲਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ, " ਔਹ, ਅਸੀਂ ਜਾ ਰਹੇ ਹਾਂ.....ਅਸੀਂ ਚਾਹੁੰਦੇ ਹਾਂ ਕਿ ਤੂੰ ਸਾਡਾ ਬਦਲਾ ਲਵੇਂ।

273 ਉਸਨੇ ਆਖਿਆ, " ਬਸ ਥੋੜੀ ਦੇਰ ਹੋਰ, ਥੋੜੀ ਦੇਰ ਹੋਰ ਅਰਾਮ ਕਰੋ। " ਹੁਣ ਜਦ ਮੈਂ ਇਹਨੂੰ ਪੜ੍ਹਦਾ ਹਾਂ ਤਾਂ ਤੁਸੀਂ ਇਸਤੇ ਧਿਆਨ ਦਿਓ। ਇਹ ਦੱਸਵੀਂ ਆਇਤ ਵਿੱਚ ਹੈ। ਠੀਕ ਹੈ।

*ਅਤੇ ਉਹਨਾਂ ਵੱਡੀ ਅਵਾਜ਼ ਦੇ ਨਾਲ ਪੁਕਾਰ ਕੇ ਇਹ ਆਖਿਆ ਭਈ ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸੱਤ ਹੈ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?*

*ਅਤੇ ਉਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

274 ਸਮਝੇ? ਹੁਣ ਇਹ ਕੀ ਹੈ? ਹੁਣ ਨਬੀ ਇਸਰਾਏਲ ਨੂੰ ਪ੍ਰਚਾਰ ਕਰ ਰਹੇ ਹਨ। ਸਮਝੇ?

*ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

275 ਵੇਖੋ ਉਨ੍ਹਾਂ ਨੂੰ ਵੱਢੇ ਜਾਣ ਲਈ ਪਹਿਲਾਂ ਤੋਂ ਹੀ ਠਹਿਰਾਇਆ ਹੋਇਆ ਹੈ। ਕੀ ਤੁਸੀਂ ਸਮਝ ਗਏ?

*ਜਿਹੜੇ ਤੁਹਾਡੇ ਵਾਂਙੁ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

276 ਦੂਜੇ ਲਫਜ਼ਾਂ ਵਿੱਚ ਇਹ ਉਨ੍ਹਾਂ ਲਈ ਪਹਿਲਾਂ ਤੋਂ ਹੀ ਠਹਿਰਾਇਆ ਹੋਇਆ ਹੈ, ਸਮਝੇ। ਇਹ ਵਚਨ ਦੀਆਂ ਲਿਖਤਾਂ ਦੇ ਅਨੁਸਾਰ ਹੈ ਕਿ ਉਨ੍ਹਾਂ ਨੇ ਤਾਂ ਵੱਢੇ ਜਾਣਾ ਹੀ ਹੈ। ਉਨ੍ਹਾਂ ਨੂੰ ਕਿਹਾ

ਪ੍ਰਭੂ ਯਿਸੂ ਲਈ ਇੱਕ ਦੁਲਹਨ ਲੈ ਸਕੇ। ਉਨ੍ਹਾਂ ਨੂੰ ਉਹਦੇ ਵਿੱਚੋਂ ਬਾਹਰ ਕੱਢਿਆ ......ਸਮਝੇ, ਅਰ ਇਸਦਾ ਪਹਿਲਾਂ ਹੀ ਨਮੂਨਾ ਦਿੱਤਾ ਅਤੇ ਸੱਭ ਕੁਝ ਕੀਤਾ।

265 ਹੁਣ ਤੁਸੀਂ ਸਮਝੇ ਕਿ ਉਹ ਜਾਨਾਂ ਕਿਹੜੀਆਂ ਹਨ?ਉਹ ਸ਼ਹੀਦ ਹੋਏ ਸੰਤ ਨਹੀਂ ਹਨ, ਸੰਤ ਤਾਂ ਜਾ ਚੁੱਕੇ ਹਨ। ਇਹ ਠੀਕ ਹੈ। ਧਿਆਨ ਦਿਓ ਉਹ ਤਾਂ ਜਾ ਚੁੱਕੇ ਸਨ। ਸਮਝੇ?

266 ਪ੍ਰੰਤੂ ਇਹਨਾਂ ਵਿੱਚੋਂ ਹਰ ਇੱਕ ਨੂੰ ਇੱਕ ਚਿੱਟਾ ਵਸਤਰ ਦਿੱਤਾ ਗਿਆ ਸੀ। ਅਰ ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ। ਪ੍ਰੰਤੂ ਹੁਣ ਖੁਦਾ ਦੀ ਕਿਰਪਾ ਉਨ੍ਹਾਂ ਵੱਲ ਹੁੰਦੀ ਹੈ। ਯਿਸੂ ਉਨ੍ਹਾਂ ਸਭਨਾਂ ਨੂੰ ਇੱਕ-ਇੱਕ ਚਿੱਟਾ ਵਸਤਰ ਦਿੰਦਾ ਹੈ, ਉਨ੍ਹਾਂ ਉੱਤੇ ਉਸੇ ਤਰ੍ਹਾਂ ਹੀ ਕਿਰਪਾ ਕਰਦਾ ਹੈ ਜਿਵੇਂ ਯੂਸਫ ਨੇ ਆਪਣੇ ਭਰਾਵਾਂ ਤੇ ਕੀਤੀ ਸੀ।

267 ਹੁਣ ਧਿਆਨ ਦਿਓ। ਭਾਵੇਂ ਉਨ੍ਹਾਂ ਨੇ ਯੂਸਫ ਤੋਂ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕੀਤੀ ਸੀ ਪ੍ਰੰਤੂ ਉਸਦੀ ਕਿਰਪਾ ਉਨ੍ਹਾਂ ਤੱਕ ਅੱਪੜ ਗਈ ਸੀ। ਸਮਝ ਲੱਗੀ?ਉਸਨੇ ਕਿਹਾ, " ਔਹ ਇਹ ਠੀਕ ਹੈ। ਜੋ ਕੁਝ ਤੁਸਾਂ ਕੀਤਾ ਉਹ ਠੀਕ ਹੀ ਕੀਤਾ ਸੀ। ਤੁਸੀਂ ਇਹ ਕਰਨਾ ਨਹੀਂ ਸੀ ਚਾਹੁੰਦੇ। ਪਰ ਵੇਖੋ, ਇਹ ਤਾਂ ਪ੍ਰਮੇਸ਼ੁਰ ਸੀ ਜੋ ਇਹ ਕਰ ਰਿਹਾ ਸੀ। ਪ੍ਰਮੇਸ਼ੁਰ ਨੇ ਤੁਹਾਨੂੰ ਇਹ ਸੱਭ ਕਰਨ ਦਿੱਤਾ ਤਾਂ ਕਿ ਉਹ ਮੈਨੂੰ ਬਾਹਰ ਭੇਜ ਸਕੇ ਅਤੇ ਮੈਨੂੰ ਇੱਥੇ ਹੇਠਾਂ ਲੈ ਆਇਆ। ਤਾਂ ਕਿ ਮੈਂ ਲੋਕਾਂ ਦਾ, ਇਹਨਾਂ ਗੈਰ ਜਾਤੀਆਂ ਦਾ, ਜਿੱਥੋਂ ਮੈਂ ਆਪਣੇ ਲਈ ਇੱਕ ਦੁਲਹਨ ਪ੍ਰਾਪਤ ਕੀਤੀ ਹੈ, ਜੀਵਨ ਬਚਾ ਸਕਾਂ। ਜੇ ਮੈਂ ਉੱਥੇ ਉੱਪਰ ਹੀ ਰਹਿੰਦਾ ਤਾਂ ਮੇਰੇ ਕੋਲ ਕੋਈ ਦੁਲਹਨ ਨਾ ਹੁੰਦੀ। ਮੈਂ ਆਪਣੀ ਪਤਨੀ ਨਾਲ ਪਿਆਰ ਕਰਦਾ ਹਾਂ ;ਉਸਦੇ ਰਾਹੀਂ ਮੈਨੂੰ ਇੱਥੇ ਇਹ ਬੱਚੇ ਮਿਲੇ ਹਨ। " ਅਤੇ ਉਸਨੇ ਕਿਹਾ, "ਮੈਂ -ਮੈਂ ......ਅਤੇ ਹੁਣ ਮੈਂ ਤੁਹਾਨੂੰ ਸਾਰਿਆਂ ਨੂੰ ਲੈਣ ਆ ਰਿਹਾ ਹਾਂ। ਮੈਂ ਤੁਹਾਨੂੰ ਸਾਰਿਆਂ ਨੂੰ ਇੱਥੇ ਲਿਆਵਾਂਗਾ। ਅਸੀਂ ਸੱਭ ਇੱਕ ਵੱਡੇ ਪਰਿਵਾਰ ਵਾਂਗ ਇੱਥੇ ਰਹਾਂਗੇ। "ਸਮਝੇ?ਉਸਨੇ ਕਿਹਾ, " ਮੈਂ ਤੁਹਾਨੂੰ ਇੱਕ ਗੱਲ ਪੁਛਦਾ ਹਾਂ, ਕੀ ਮੇਰਾ ਬਜ਼ੁਰਗ ਪਿਤਾ ਹਾਲੇ ਤੀਕ ਜੀਉਂਦਾ ਹੈ?" ਔਹ।

268 ਅਤੇ ਉਸ ਤੇ ਧਿਆਨ ਦਿਓ, ਉਸਨੇ ਛੋਟੇ ਬਿਨਯਾਮੀਨ ਲਈ ਕੀ ਕੀਤਾ ਜੋ ਕਿ ਇੱਕ ਲੱਖ ਚੁਤਾਲੀ ਹਜ਼ਾਰ ਦਾ ਨਮੂਨਾ ਹੈ, ਅਸੀਂ ਇਸ ਵਿਸ਼ੇ ਨੂੰ ਬਾਦ ਵਿੱਚ ਲਵਾਂਗੇ। ਵੇਖੋ ਉਹਨੇ ਕੀ ਕੀਤਾ? ਉਹ ਸਿੱਧਾ ਬਿਨਯਾਮੀਨ ਵੱਲ ਭੱਜਾ ਅਤੇ ਉਸਦੇ ਗਲੇ ਨਾਲ ਲੱਗ ਗਿਆ ਅਤੇ ਉਸ ਨੂੰ ਜੱਫੀ ਪਾ ਕੇ ਰੋਣ ਲੱਗਾ। ਉਸਦਾ ਇਹ ਛੋਟਾ ਭਾਈ ਉਹਦੇ ਪਰਿਵਾਰ ਵਿੱਚੋਂ, ਉਸਦੀ ਮਾਂ ਦੁਆਰਾ, ਪੁਰਾਣੀ (ਔਰਥੋਡੋਕਸ)ਕਲੀਸਿਯਾ ਵਿੱਚ ਤਦ ਜੰਮਿਆ ਸੀ ਜਦ ਉਹ ਜਾ ਚੁੱਕਾ ਸੀ। ਇੱਕ ਲੱਖ ਚੁਤਾਲੀ ਹਜ਼ਾਰ ਉਸ ਦੀ ਗੈਰਹਾਜ਼ਰੀ ਵਿੱਚ ਤਦ ਪੈਦਾ ਹੋਏ ਜਦ ਕਿ ਉਹ ਪਰਾਈਆਂ ਜਾਤੀਆਂ ਵਿੱਚੋਂ ਆਪਣੀ ਲਾੜੀ ਨੂੰ ਲੈਣ ਗਿਆ ਹੋਇਆ ਸੀ। ਔਹ, ਕੀ ਇਹ ਗੱਲ ਤੁਹਾਡੇ ਅੰਦਰ ਕੁਝ ਨਹੀਂ ਕਰਦੀ?ਇਸ ਲਈ ਤੁਸੀਂ ਸਮਝਦੇ ਹੋ ਕਿ ਉਹ ਕੌਣ ਹਨ? ਇਹ ਉਹ ਹਨ।

269 ਹੁਣ ਤੁਸੀਂ ਇਸਦਾ ਧਿਆਨ ਰੱਖੋ ਕਿ ਭਾਵੇਂ ਉਨ੍ਹਾਂ ਨੇ ਯੂਸਫ ਤੋਂ ਪਿੱਛਾ ਛੁਡਾਉਣਾ ਚਾਹਿਆ ਪਰ ਉਸਦੀ ਕਿਰਪਾ ਉਨ੍ਹਾਂ ਤੱਕ ਪਹੁੰਚੀ।

270 ਜਦਕਿ ਉਨ੍ਹਾਂ ਨੇ ਯਿਸੂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਫਿਰ ਵੀ ਉਹ ਉਨ੍ਹਾਂ ਦੇ ਕੋਲ ਵਾਪਿਸ ਆਉਂਦਾ ਹੈ (ਕਿਉਂਕਿ ਉਹ ਅੰਨ੍ਹੇ ਸਨ )ਅਤੇ ਉਨ੍ਹਾਂ ਸਭਨਾਂ ਨੂੰ ਇੱਕ ਚਿੱਟਾ



ਅਤੇ ਲਿਖਤਾਂ ਦੱਸਦੀਆਂ ਹਨ ਕਿ ਦੁਸ਼ਮਣ ਦੇ ਸਵਾਰ ਨੇ ਕੀ ਕੀਤਾ ਸੀ। ਇਹ ਉਹਨਾਂ ਮੋਹਰਾਂ ਦੇ ਵਿੱਚ ਪ੍ਰਗਟ ਹੋ ਚੁੱਕਾ ਹੈ। ਅਤੇ ਹੁਣ ਇਹ ਵੀ ਪ੍ਰਗਟ ਹੋ ਚੁੱਕਿਆ ਹੈ ਹਰ ਇੱਕ ਉਹ ਜੰਤੂ -ਹਰ ਇੱਕ ਉਹ ਸ਼ਕਤੀ ਜਿਹੜੀ ਪ੍ਰਮੇਸ਼ੁਰ ਨੇ ਭੇਜੀ ਉਸਨੇ ਉਸ ਤੇ ਉਕਾਬ ਦੇ ਸਮੇਂ ਤੱਕ ਠੀਕ ਨਿਸ਼ਾਨੇ ਤੇ ਹਮਲਾ ਕੀਤਾ। ਹੁਣ ਜੇ ਇਹ ਆਖਰੀ ਸਮਾਂ ਹੈ ਤਾਂ ਇੱਕ ਉਕਾਬ ਆਵੇਗਾ। ਇਹ ਠੀਕ ਹੈ। ਅਤੇ ਤੁਸੀਂ, ਤੁਸੀਂ ਇਹਨੂੰ ਯਾਦ ਰੱਖੋ।

195 ਹੁਣ, ਜਿਸ ਵੇਲੇ ਸ਼ੇਰ ;ਕੋਲ ਵਚਨ ਆਇਆ ਸੀ ਉਸ ਸਮੇਂ ਲੱਗ ਭੱਗ ਸੌ ਵਿੱਚੋਂ ਇੱਕ ਨੇ ਹੀ ਸ਼ੇਰ ਦੇ ਸੰਦੇਸ਼ ਨੂੰ ਸੁਣਿਆ ਸੀ।

196 ਉਹਨਾਂ ਦਿਨਾਂ ਵਿੱਚ, ਜਦੋਂ ਵਹਿੜਕਾ ਆਇਆ ਸੀ; ਉਹਨਾਂ ਵਿੱਚੋਂ ਸਿਰਫ ਥੋੜਿਆਂ ਜਿਹਿਆਂ ਨੇ ਵਹਿੜਕੇ ਦੇ ਸੰਦੇਸ਼ ਨੂੰ ਸੁਣਿਆ ਸੀ।

197 ਉਹਨਾਂ ਦਿਨਾਂ ਵਿੱਚ ਜਦ ਮਨੁੱਖ ਆਇਆ ਤਾਂ ਉਸਨੇ ਮਨੁੱਖਾਂ ਦੇ ਵਿੱਚ ਕੰਮ ਕੀਤਾ ਸੀ, ਅਤੇ ਤੁਸੀਂ ਜਾਣਦੇ ਹੋ ਕਿ ਉਹ ਬਹੁਤ ਚਾਤੁਰ ਸੀ। ਉਹ ਇੱਕ ਛੋਟੇ ਜਿਹੇ ਝੁੰਡ ਨੂੰ ਬਾਹਰ ਲੈ ਕੇ ਆਇਆ ਸੀ।

198 ਅਤੇ ਉਹਨਾਂ ਨੇ ਕੀ ਕੀਤਾ ਸੀ? ਸ਼ੈਤਾਨ ਨੇ ਇਹ ਵੇਖ ਲਿਆ ਸੀ ਇਸ ਲਈ ਉਸਨੇ ਉਹਨਾਂ ਨੂੰ ਫਿਰ ਦੁਬਾਰਾ ਵਾਪਿਸ ਭੇਜ ਦਿੱਤਾ ਅਤੇ ਉਹਨਾਂ ਦਾ ਉਸ ਵਿੱਚ ਵਿਆਹ ਕਰਵਾਇਆ।

199 ਅਤੇ ਯਾਦ ਰਹੇ ਕਿ ਜਦ ਆਖੀਰ ਵਿੱਚ ਉਕਾਬ ਆਉਂਦਾ ਹੈ ਤਾਂ ਸੌ ਵਿੱਚੋਂ ਇੱਕ ਹਿੱਸਾ ਹੀ ਉਸਦੀ ਸੁਣੇਗਾ। ਇਹ ਉਕਾਬ ਦਾ ਯੁੱਗ ਹੈ। ਤੁਸੀਂ ਇਹਨਾਂ ਬਾਕੀ ਦੇ ਸਾਰੇ ਸਵਾਰਾਂ ਨੂੰ ਯਾਦ ਰੱਖੋ .....ਅਤੇ ਐਥੋਂ ਤੋੜੀ ਕਿ ਪ੍ਰਭੂ ਯਿਸੂ ਨੇ ਵੀ ਅਗੰਮਵਾਕ ਕੀਤਾ ਕਿ,"ਜੇ ਉਹ ਆਪਣੀ ਆਮਦ ਦੇ ਦਿਨਾਂ ਨੂੰ ਨਾ ਘਟਾਉਂਦਾ ਤਾਂ ਕੋਈ ਵੀ ਸ਼ਰੀਰ ਨਾ ਬੱਚਦਾ। " ਕੀ ਲਿਖਤ ਇਹੋ ਹੈ?[ਸੰਗਤ ਆਖਦੀ ਹੈ-"ਆਮੀਨ। "]ਇਸ ਲਈ ਤੁਸੀਂ ਵੇਖੋ ਕਿ ਅਸੀਂ ਕਿੱਥੇ ਹਾਂ, ਭਾਈਓ ਅਤੇ ਭੈਣੋਂ ਕਿ ਤੁਸੀਂ ਨਹੀਂ ਵੇਖਦੇ ਹੋ ਕਿ ਅਸੀਂ ਕਿੱਥੇ ਹਾਂ?[ਸੰਗਤ ਆਖਦੀ ਹੈ-"ਆਮੀਨ। "]ਵੇਖੋ ਕਿ ਅਸੀਂ ਕਿੱਥੇ ਹਾਂ?

200 ਪ੍ਰਮੇਸ਼ੁਰ, ਮੈਂ ਬਹੁਤ ਖੁਸ਼ ਹਾਂ। ਭਾਈਓ ਮੈਂ-ਮੈਂ ਨਹੀਂ ਜਾਣਦਾ ਹਾਂ ਕਿ ਕੀ ਕਰਨਾ ਹੈ। ਅਜਿਹਾ ਨਹੀਂ ਹੈ ਕਿ ਮੈਂ ਬਸ ਇੱਥੇ ਖੜਾ ਹੋ ਕੇ ਬੋਲ ਰਿਹਾ ਹਾਂ। ਮੈਂ ਵੀ ਇੱਥੇ ਤੁਹਾਡੇ ਵਰਗਾ ਹੀ ਹਾਂ। ਮੈਂ ਵੀ ਤੁਹਾਡੇ ਵਿੱਚ ਹਾਂ। ਵੇਖੋ ਇਹ ਮੈਂ ਹਾਂ। ਮੇਰਾ ਪਰੀਵਾਰ ਹੈ। ਮੇਰੇ ਭੈਣ ਭਾਈ ਹਨ ਜਿਨ੍ਹਾਂ ਨਾਲ ਮੈਂ ਪਿਆਰ ਕਰਦਾ ਹਾਂ ਅਤੇ ਸੁਰਗ ਦਾ ਪ੍ਰਮੇਸ਼ੁਰ ਬੜਾ ਦਿਆਲੂ ਹੈ ਕਿ ਆਣ ਕੇ ਉਹਨਾਂ ਚੀਜ਼ਾਂ ਨੂੰ ਵਚਨ ਅਤੇ ਦਰਸ਼ਨਾਂ ਨਾਲ ਪਿਛਲੇ ਤੀਹ ਸਾਲਾਂ ਤੋਂ ਪ੍ਰਗਟ ਕਰਦਾ ਆ ਰਿਹਾ ਹੈ ਕਿ ਇਹ ਸੱਚ ਹੈ। ਅਸੀਂ ਇਸ ਹਾਲਤ ਵਿੱਚ ਹਾਂ। ਅਸੀਂ ....ਆ ਪਹੁੰਚੇ ਹਾਂ। ਬਸ ਇਹ ਹੀ ਹੈ। ਸਾਇੰਸ ਦੀ ਖੋਜ ਨੇ ਇਸਨੂੰ ਸਾਬਤ ਕੀਤਾ ਹੈ। ਵਚਨ ਦੇ ਪ੍ਰਮਾਣ ਨੇ ਵੀ ਇਹਨੂੰ ਸਿੱਧ ਕਰ ਵਿਖਾਇਆ ਹੈ। ਅਤੇ ਅਸੀਂ ਇੱਥੇ ਹਾਂ। ਅਤੇ ਇਹ ਪ੍ਰਕਾਸ਼ ਪ੍ਰਮੇਸ਼ੁਰ ਦੇ ਵੱਲੋਂ ਆਉਂਦਾ ਹੈ ਅਤੇ ਇਹ ਸੱਚ ਹੈ।

201 ਕੀ ਤੁਸੀਂ ਕੁਝ ਪਕੜਿਆ ਹੈ? [ਸੰਗਤ ਆਖਦੀ ਹੈ-"ਆਮੀਨ। "-ਸੰਪਾ] ਮੈਂ ਹੈਰਾਨ ਸਾਂ ਕਿ ਤੁਸਾਂ ਕੁਝ ਸਮਝਿਆ ਵੀ ਹੈ। ਵੇਖਿਆ? ਜੀ ਹਾਂ ਸ਼੍ਰੀਮਾਨ। ਠੀਕ ਹੈ। ਫਿਰ ਮੈਨੂੰ ਐਤਵਾਰ ਨੂੰ

ਤੁਹਾਨੂੰ ਦੱਸਣ ਦੀ ਲੋੜ ਨਹੀਂ ਹੈ। ਧਿਆਨ ਦਿਓ। ਧਿਆਨ ਦਿਓ। ਬਹੁਤ ਸ਼ਾਨਦਾਰ। ਹੁਣ ਤੁਸੀਂ ਧਿਆਨ ਦਿਓ।

202 ਅਤੇ ਤਦ ਸਮੇਂ ਦੇ ਅਨੁਸਾਰ ਜਦ ਖੁਦਾ ਨੂਹ ਦੀ ਜਲ ਪਰਲੋ ਤੋਂ ਪਹਿਲਾਂ ਬਚਾਉਣ ਵਾਲਾ ਸੀ ਉਸਨੇ ਇੱਕ ਉਕਾਬ ਨੂੰ ਭੇਜਿਆ। ਅਤੇ ਜਿਸ ਵੇਲੇ ਉਹ ਇਸਰਾਈਲ ਨੂੰ ਛੁਡਾਉਣ ਵਾਲਾ ਸੀ ਉਸਨੇ ਇੱਕ ਉਕਾਬ ਭੇਜਿਆ।

203 ਕੀ ਤੁਸੀਂ ਇਹਦਾ ਵਿਸ਼ਵਾਸ਼ ਕਰਦੇ ਹੋ ਕਿ ਪਤਮੁਸ ਟਾਪੂ ਤੇ ਯੂਹੰਨਾ ਦੇ ਕੋਲ ਇੱਕ ਅਜਿਹਾ ਸਮਾਂ ਆਉਂਦਾ ਹੈ ਜਦ ਉਹ ਇਸ ਸੰਦੇਸ਼ ਦਾ ਜਿਹੜਾ ਕਿ ਇੰਨਾ ਜਿਆਦਾ ਸਿੱਧ ਸੀ ਵਿਸ਼ਵਾਸ਼ ਨਹੀਂ ਕਰ ਸਕਿਆ ਸੀ ਜਦਕਿ ਇਹ ਤਾਂ ਉਹਨੂੰ ਇੱਕ ਦੂਤ ਦੇ ਰਾਹੀਂ ਦਿੱਤਾ ਜਾ ਰਿਹਾ ਸੀ? ਤੁਸੀਂ ਜਾਣਦੇ ਹੋ ਕਿ ਦੂਤ ਇੱਕ ਸੰਦੇਸ਼ਵਾਹਕ ਹੁੰਦਾ ਹੈ। ਪ੍ਰੰਤੂ ਕੀ ਤੁਸੀਂ ਜਾਣਦੇ ਹੋ ਕਿ ਦੂਤ ਇੱਕ ਨਬੀ ਸੀ?ਕੀ ਤੁਸੀਂ ਇਹਦਾ ਯਕੀਨ ਕਰਦੇ ਹੋ?[ਸੰਗਤ ਆਖਦੀ ਹੈ-"ਆਮੀਨ। "-ਸੰਪਾ]ਆਓ ਅਸੀਂ ਇਹਨੂੰ ਸਾਬਤ ਕਰੀਏ। ਆਓ ਪ੍ਰਕਾਸ਼ ਦੀ ਪੋਥੀ 22 ਵਿੱਚ ਵੇਖੀਏ ਕਿ ਕੀ ਉਹ ਉਕਾਬ ਸੀ। ਵੇਖੋ, ਉਹ ਸੀ ......ਯਕੀਨਨ ਉਹ ਇੱਕ ਸੰਦੇਸ਼ਵਾਹਕ ਸੀ ; ਉਹ ਇੱਕ ਦੂਤ ਸੀ। ਪ੍ਰੰਤੂ ਇਹ ਇੱਕ ਨਬੀ ਸੀ ਜਿਸਨੇ ਪ੍ਰਕਾਸ਼ ਦੀ ਸਾਰੀ ਪੋਥੀ ਉਹਦੇ ਉੱਤੇ ਪ੍ਰਗਟ ਕੀਤੀ ਸੀ।

204 ਪ੍ਰਕਾਸ਼ ਦੀ ਪੋਥੀ 22ਬਾਬ ਦੀ 19 ਆਇਤ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਹ ਠੀਕ ਹੈ ਜੋ ਮੈਂ ਇੱਥੇ ਲਿਖਿਆ ਹੋਇਆ ਹੈ ......22:19, ਹੋ ਸੱਕਦਾ ਹੈ ਕਿ ਮੈਂ ਗਲਤ ਹੋਵਾਂ। [ਕੋਈ ਆਖਦਾ ਹੈ ਹੋ ਸੱਕਦਾ ਹੈ ਕਿ ਇਹ 22:9 ਹੋਵੇ। -ਸੰਪਾ]ਪ੍ਰਕਾਸ਼ ਪੋਥੀ 22:9 ਹੀ ਹੈ। ਮੈਂ ਪ੍ਰਕਾਸ਼ ਦੀ ਪੋਥੀ 22:9 ਵੱਲ ਵੇਖ ਰਿਹਾ ਹਾਂ। ਇਹ ਠੀਕ ਹੈ। ਔਹ, ਹਾਂ, ਇਹ ਹੀ ਹੈ।

*ਤਾਂ ਉਸ ਮੈਨੂੰ ਆਖਿਆ ਭਈ ਇਉਂ ਨਾ ਕਰ ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਨਾਲ ਦਾ ਦਾਸ ਹਾਂ।*

205 ਧਿਆਨ ਦਿਓ ਕਿ ਯੂਹੰਨਾ ਨੇ ਇੱਥੇ ਕੀ ਵੇਖਿਆ ਸੀ :

*ਮੈਂ ਯੂਹੰਨਾ ਉਹ ਹਾਂ ਜਿਹ ਨੇ ਇਹਨਾਂ ਗੱਲਾਂ ਨੂੰ ਸੁਣਿਆ ਅਤੇ ਵੇਖਿਆ।*

206 ਅਤੇ ਹੁਣ ਉਹ ਸਮਾਪਤ ਕਰ ਰਿਹਾ ਹੈ। ਇਹ ਆਖਰੀ ਬਾਬ ਹੈ।

*ਅਤੇ ਜਾਂ ਮੈਂ ਸੁਣਿਆ ਅਤੇ ਵੇਖਿਆ ਤਾਂ ਮੈਂ ਮੱਥਾ ਟੇਕਣ ਲਈ ਡਿੱਗ ਕੇ ਉਸ ਦੂਤ ਦੇ ਪੈਰਾਂ ਉੱਤੇ ਪਿਆ ਜਿੰਨੇ ਮੈਨੂੰ ਇਹ ਗੱਲਾਂ ਵਿਖਾਈਆਂ ਸਨ।*

207 ਅਤੇ "ਉਹ ", ਤਦ ਉਹ ਦੂਤ .......ਸਮਝੇ?

*ਤਦ ਉਹਨੇ ਮੈਨੂੰ ਆਖਿਆ, ਤੂੰ ਇਉਂ ਨਾ ਕਰ ......*

208 ਕੋਈ ਵੀ ਸੱਚਾ ਨਬੀ ਜਾਂ ਕੋਈ ਵੀ ਸੰਦੇਸ਼ ਵਾਹਕ ਪੂਜਿਆ ਨਹੀਂ ਜਾ ਸੱਕਦਾ ਹੈ। ਵੇਖਿਆ, ਸਮਝੇ?

258 ਜਿਵੇਂ ਯੂਸਫ ਨੇ ਆਪਣੇ ਭਾਈਆਂ ਦੇ ਨਾਲ ਕੀਤਾ ਸੀ ਜੋ ਕਿ ਇੱਕ ਨਮੂਨਾ ਸੀ। ਜਦੋਂ ਯੂਸਫ ਉੱਥੇ ਖੜ੍ਹਾ ਸੀ ਅਤੇ ਅਖੀਰ ਵਿੱਚ ਜਦ ਉਸਨੇ ਆਪਣੇ ਆਪ ਦੀ ਪਛਾਣ ਕਰਾਈ, ਆਪਣੀ ਹੀ ਵੇਦੀ ਤੇ, ਆਪਣੇ ਹੀ ਮਹਿਲ ਵਿੱਚ ਆਪਣੇ ਸਿੰਘਾਸਣ ਤੇ ਪ੍ਰਗਟ ਕੀਤਾ ਸੀ। ਉਸਨੇ ਕਿਹਾ ਸੀ, "ਹਰ ਇੱਕ ਮੈਨੂੰ ਇਕੱਲਾ ਛੱਡ ਦੇਵੇ। " ਉਸਦੀ ਪਤਨੀ ਮਹਿਲ ਵਿੱਚ ਸੀ ਜਿੱਥੇ ਦੁਲਹਨ ਹੋਵੇਗੀ।

259 ਅਤੇ ਉਸਨੇ ਉਨ੍ਹਾਂ ਨੂੰ ਕਿਹਾ, "ਕੀ ਤੁਸੀਂ ਮੈਨੂੰ ਨਹੀਂ ਜਾਣਦੇ ਹੋ?" ਵੇਖਿਆ ਹੁਣ ਉਹ ਇਬਰਾਨੀ ਭਾਸ਼ਾ ਬੋਲ ਰਿਹਾ ਸੀ। ਉਸਨੇ ਕਿਹਾ, " ਮੈਂ ਤੁਹਾਡਾ ਭਰਾ ਯੂਸਫ ਹਾਂ। " ਔਹ।

ਉਨ੍ਹਾਂ ਨੇ ਕਿਹਾ, ਔਹ, "ਹੁਣ ਤਾਂ ਤੂੰ ਸਾਨੂੰ ਸਜਾ ਦੇਵੇਂਗਾ। "

260 ਯੂਸਫ ਨੇ ਆਖਿਆ, " ਇੱਕ ਮਿੰਟ ਠਹਿਰੋ ;ਇੱਕ ਮਿੰਟ ਜਰਾ ਠਹਿਰੋ। ਖੁਦਾ ਨੇ ਹੀ ਇਹ ਇੱਕ ਉਦੇਸ਼ ਲਈ ਕੀਤਾ ਸੀ। ਉਸੇ ਨੇ ਹੀਂ ਮੈਨੂੰ ਸੁੱਟ ਲੈਣ ਦਿੱਤਾ ਤਾਂ ਕਿ ਤੁਹਾਡਾ ਜੀਵਨ ਬਚ ਸਕੇ। " ਮਹਿਮਾਂ ਹੋਵੇ। ਤੁਸੀਂ ਬਿਲਕੁੱਲ ਉਸੇ ਹੀ ਹਾਲਤ ਵਿੱਚ ਹੋ। ਉਸਨੇ ਕਿਹਾ, "ਤੁਸੀਂ ਆਪਣੇ ਆਪ ਤੇ ਗੁੱਸਾ ਨਾ ਕਰੋ। " ਕੀ ਤੁਹਾਨੂੰ ਯਾਦ ਹੈ ਕਿ ਯੂਸਫ ਨੇ ਇਹ ਕਿਹਾ ਸੀ?ਉਸਨੇ ਕਿਹਾ,"ਤੁਸੀਂ ਆਪਣੇ ਆਪ ਤੇ ਗੁੱਸਾ ਨਾ ਕਰੋ। ਹੁਣ ਸੱਭ ਕੁਝ ਠੀਕ ਹੈ। ਇਹ ਪੂਰਾ ਹੋ ਚੁੱਕਾ ਹੈ। ਪ੍ਰਮੇਸ਼ੁਰ ਨੇ ਹੀ ਤੁਹਾਡੇ ਲਈ ਮੈਨੂੰ ਅੱਗੇ ਭੇਜ ਦਿੱਤਾ ਸੀ। "

261 ਤੁਸੀਂ ਜਾਣਦੇ ਹੋ ਬਾਈਬਲ ਦੱਸਦੀ ਹੈ ਕਿ ਜਦ ਉਹ ਉਹਨੂੰ ਆਉਂਦੇ ਹੋਏ ਨੂੰ ਵੇਖਣਗੇ, ਉਹ ਕਹਿਣਗੇ, " ਅਸੀਂ ਜਾਣਦੇ ਹਾਂ ਕਿ ਤੂੰ ਮਸੀਹ ਹੈ। ਪਰ ਤੇਰੇ ਇਹ ਜ਼ਖਮ ਕਿਵੇਂ ਹੋਏ?" ਸਮਝੇ?

262 ਉਸਨੇ ਕਿਹਾ, " ਔਹ, ਇਹ ਜ਼ਖਮ ਮੈਨੂੰ ਮੇਰੇ ਮਿੱਤਰਾਂ ਦੇ ਘਰ ਵਿੱਚੋਂ ਮਿਲੇ ਹਨ। " ਮਿੱਤਰਾਂ ਦੇ?

263 ਉਹ ਜਿਹੜੇ ਕਿ ਬਾਕੀ ਰਹਿ ਗਏ ਹਨ ਜਦ ਇਹਨੂੰ ਮਹਿਸੂਸ ਕਰਦੇ ਹਨ ਤਾਂ, ਉਹ ਇੱਕ ਲੱਖ ਚੁਤਾਲੀ ਹਜ਼ਾਰ ਵੱਖ ਹੋ ਜਾਣਗੇ, ਬਾਈਬਲ ਆਖਦੀ ਹੈ ਕਿ ਉਹ ਹਰ ਘਰ ਵਿੱਚ ਵੱਖ-ਵੱਖ ਵਿਰਲਾਪ ਕਰਨਗੇ। ਅਤੇ ਉਹ ਕਈ ਦਿਨਾਂ ਤੱਕ ਰੋਂਦੇ ਰਹਿਣਗੇ ਅਤੇ ਵਿਰਲਾਪ ਕਰਦੇ ਰਹਿਣਗੇ ਅਤੇ ਫਰਸ਼ ਉੱਤੇ ਅਗਾਂਹ ਪਿਛਾਂਹ ਚੱਲਣਗੇ ਅਰ ਕਹਿਣਗੇ, "ਅਸੀਂ ਇਹ ਕਿਵੇਂ ਕੀਤਾ ਸੀ?" ਕਿਉਂ ਅਸੀਂ ਆਪਣੇ ਮਸੀਹਾ ਨੂੰ ਹੀ ਸਲੀਬ ਤੇ ਮਾਰ ਦਿੱਤਾ ਸੀ। " ਬਾਈਬਲ ਦੱਸਦੀ ਹੈ ਕਿ ਉਹ ਇਸ ਤਰ੍ਹਾਂ ਰੋਣਗੇ ਜਿਵੇਂ ਕੋਈ ਆਪਣੇ ਇਕਲੋਤੇ ਪੁੱਤਰ ਲਈ ਰੋਂਦਾ ਕੁਰਲਾਉਂਦਾ ਹੈ। ਉਹ ਕਹਿਣਗੇ, " ਅਸੀਂ ਇਹ ਕਿਵੇਂ ਕੀਤਾ?"

264 ਉਹ ਯਹੂਦੀ ਲੋਕ, ਸੰਸਾਰ ਵਿੱਚ ਸੱਭ ਤੋਂ ਵੱਧ ਧਰਮੀਂ ਹਨ,ਉਹ ਖੁਦਾ ਦੇ ਚੁਣੇ ਹੋਏ ਲੋਕ ਹਨ। ਪ੍ਰੰਤੂ ਪ੍ਰਮੇਸ਼ੁਰ ਨੇ ਸਾਨੂੰ ਲੈਣ ਦੇ ਲਈ ਉਨ੍ਹਾਂ ਨੂੰ ਅੰਨ੍ਹਿਆ ਕਰ ਦਿੱਤਾ ਅਤੇ ਅਸੀਂ ਉਹਨੂੰ ਹੀ ਰੱਦ ਦਿੰਦੇ ਹਾਂ। ਪਰਾਈਆਂ ਜਾਤੀਆਂ ਦੀ ਕਲੀਸਿਯਾ ਲਈ ਕੀ ਨਿਆਂ ਹੈ। ਤੁਸੀਂ ਇਸੇ ਹਾਲਤ ਵਿੱਚ ਹੋ। ਸਮਝੇ? ਪ੍ਰਮੇਸ਼ੁਰ ਨੇ ਉਨ੍ਹਾਂ ਨੂੰ ਮਕਸਦ ਲਈ ਅੰਨ੍ਹਾ ਕੀਤਾ ਸੀ ਤਾਂ ਕਿ ਉਹ ਸਾਡੇ ਵਿੱਚੋਂ

ਸੀ। ਉਸਦੇ ਚਲੇ ਜਾਣ ਤੋਂ ਬਾਦ ਉਨ੍ਹਾਂ ਨੇ ਉਸਨੂੰ ਪਛਾਣਿਆ। ਤਦ ਉਨ੍ਹਾਂ ਨੇ ਉਹਨੂੰ ਵੇਖਿਆ। ਜਦ ਉਹ ਪ੍ਰਮੇਸ਼ੁਰ ਦੀ ਜਗਵੇਦੀ ਦੇ ਸਾਹਮਣੇ ਆਏ ਤਾਂ ਉਹ ਉਹਨੂੰ ਪਛਾਣ ਗਏ ਸਨ। ਪ੍ਰੰਤੂ ਹੁਣ ਪ੍ਰਮੇਸ਼ੁਰ ਦੀ ਕਿਰਪਾ ਉਨ੍ਹਾਂ ਦੇ ਲਈ ਹੈ।

254 ਹੁਣ ਧਿਆਨ ਦਿਓ। ਉਹ ਕਿਸੇ ਵੀ ਤਰ੍ਹਾਂ ਸੰਤ ਨਹੀਂ ਹੋ ਸੱਕਦੇ ਸਨ ਕਿਉਂਕਿ ਉਨ੍ਹਾਂ ਦੇ ਕੋਲ ਤਾਂ ਪਹਿਲਾਂ ਹੀ ਵਸਤਰ ਹਨ। ਪ੍ਰੰਤੂ ਇੱਥੇ, ਜਗਵੇਦੀ ਦੇ ਹੇਠਾਂ ਪਾਏ ਜਾਣ ਵਾਲੀਆਂ ਉਹ ਜਾਨਾਂ ਹਨ ਜੋ ਪ੍ਰਮੇਸ਼ੁਰ ਦੇ ਵਚਨ ਦੇ ਕਾਰਨ ਅਤੇ ਉਸ ਗਵਾਹੀ ਦੇ ਕਾਰਨ ਜਿਹੜੀ ਉਨ੍ਹਾਂ ਨੇ ਭਰੀ ਸੀ ਸ਼ਹੀਦ ਕੀਤੇ ਗਏ ਸਨ। ਉਹ ਪ੍ਰਮੇਸ਼ੁਰ ਦੇ ਲੋਕ ਹੋਣ ਕਾਰਨ, ਯਹੂਦੀ ਹੋਣ ਕਾਰਨ ਮਾਰੇ ਗਏ ਸਨ।

255 ਪਰ ਹੁਣ ਵੇਖੋ ਖੁਦਾ ਦੀ ਕਿਰਪਾ ਉਨਾਂ ਤੇ ਹੁੰਦੀ ਹੈ। ਅਤੇ ਪ੍ਰਭੂ ਯਿਸੂ ਉਨ੍ਹਾਂ ਵਿੱਚੋਂ ਹਰੇਕ ਨੂੰ ਚਿੱਟੇ ਵਸਤਰ ਦਿੰਦਾ ਹੈ (ਧਿਆਨ ਦਿਓ, ਜਦ ਕਲੀਸਿਯਾ ਉਠਾ ਲਈ ਗਈ ਸੀ, ਉਸਦੇ ਬਾਦ)ਕਿਉਂਕਿ ਉਹ ਆਪਣੇ ਮੰਤਵ ਪ੍ਰਤੀ ਵਫਾਦਾਰ ਸਨ। ਅਤੇ ਉਹ ਅੰਨ੍ਹੇ ਕਰ ਦਿੱਤੇ ਗਏ ਸਨ ਪਰ ਉਹ ਇਸਨੂੰ ਨਹੀਂ ਜਾਣਦੇ ਸਨ। ਉਹ ਇਸ ਗੱਲ ਨੂੰ ਨਹੀਂ ਜਾਣਦੇ ਸਨ। ਉਹ ਬਿਲਕੁੱਲ ਉਹੀ ਭਾਗ ਪੂਰਾ ਕਰ ਰਹੇ ਸਨ ਜਿਹੜਾ ਖੁਦਾ ਨੇ ਆਪਣੀ ਯੋਜਨਾ ਨਾਲ ਉਨ੍ਹਾਂ ਲਈ ਪਹਿਲਾਂ ਤੋਂ ਠਹਿਰਾਇਆ ਸੀ। ਅਤੇ ਇੱਥੇ ਯੂਹੰਨਾ ਨਿਗਾਹ ਮਾਰਦਾ ਹੈ ਅਤੇ ਜਗਵੇਦੀ ਦੇ ਹੇਠਾਂ ਜਾਨਾਂ ਨੂੰ ਵੇਖਦਾ ਹੈ। ਵੇਖੋ ਕਿ ਉਹ ਉਨ੍ਹਾਂ ਨੂੰ ਕਿੰਜ ਪੁਕਾਰਦਾ ਹੈ।

ਉਨ੍ਹਾਂ ਨੇ ਪੁਕਾਰ ਕੇ ਆਖਿਆ, " ਹੇ ਸੁਆਮੀਂ ਕਦ ਤੋੜੀ? " ਧਿਆਨ ਦਿਓ।

ਉਨ੍ਹਾਂ ਨੂੰ ਕਿਹਾ ਗਿਆ, ਹੋਰ ਥੋੜੀ ਦੇਰ ਅਰਾਮ ਕਰੋ। " ਸਮਝੇ?

256 ਜਿਦਾਂ ਕਿ ਅਸੀਂ ਹੁਣ ਲਿਖਤਾਂ ਦਾ ਅਧਿਐਨ ਕਰਦੇ ਹਾਂ,ਆਓ ਇਹਨੂੰ ਸਮਝ ਲਈਏ। ਉਨਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੇ ਆਪਣੇ ਮਸੀਹਾ ਦਾ ਕਤਲ ਕੀਤਾ ਹੈ। ਸਮਝੇ? ਅਤੇ ਉਹ ਇਹ ਗੱਲ ਨਹੀਂ ਜਾਣਦੇ ਸਨ, ਪ੍ਰੰਤੂ ਤਦ ਉਨ੍ਹਾਂ ਨੇ ਇਸਦਾ ਅਹਿਸਾਸ ਕੀਤਾ ਸੀ। ਉਨ੍ਹਾਂ ਨੂੰ ਆਪਣੇ ਇਸ ਗਲਤ ਕੰਮ ਦੀ ਖਾਤਰ,ਇਸ ਗਲਤ ਕੰਮ ਦਾ ਭੁਗਤਾਨ ਕਰਨ ਲਈ ਮਰਨਾ ਪਿਆ ਸੀ। ਹੁਣ ਵੇਖੋ ਕਿ ਉਨ੍ਹਾਂ ਨੂੰ ਕੀ ਕਰਨਾ ਪਿਆ। ਵੇਖੋ, ਉਹ ਤਾਂ ਕਤਲ ਕਰਨ ਦੇ ਦੋਸ਼ੀ ਸਨ ਇਸ ਲਈ ਉਨ੍ਹਾਂ ਦੇ ਕਤਲ ਹੋਏ ਸਨ। ਸਮਝੇ? ਉਨ੍ਹਾਂ ਨੇ ਵੱਡੇ ਸ਼ਬਦ ਨਾਲ ਪੁਕਾਰ ਕੇ ਕਿਹਾ, "ਇਹਦਾ ਲਹੂ ਸਾਡੇ ਉੱਤੇ ਹੋਵੇ। " ਸਮਝੇ? ਇਹ ਸੱਚ ਹੈ। ਅਰ ਉਨ੍ਹਾਂ ਨੂੰ ਅੰਨ੍ਹੇ ਕੀਤਾ ਗਿਆ ਸੀ।

257 ਹੁਣ ਜੇ ਉਨ੍ਹਾਂ ਨੂੰ ਅੰਨ੍ਹੇ ਨਾ ਕੀਤਾ ਹੁੰਦਾ, ਪ੍ਰਮੇਸ਼ੁਰ ਨੇ ਕਿਹਾ ਕਿ ਉਨ੍ਹਾਂ ਨੂੰ ਇਕੱਲੇ ਛੱਡ ਦਿਓ। ਉਹ ਯੋਗ ਨਹੀਂ ਹਨ। ਹੁਣ ਇਸ ਕਾਰਨ ਕਿ ਉਹ ਪ੍ਰਮੇਸ਼ੁਰ ਦੇ ਦੁਆਰਾ ਅੰਨ੍ਹੇ ਕੀਤੇ ਗਏ ਸਨ ਪ੍ਰਮੇਸ਼ੁਰ ਦੀ ਕਿਰਪਾ ਉਨ੍ਹਾਂ ਦੇ ਕੋਲ ਪਹੁੰਚ ਗਈ। ਆਮੀਨ। ਉਸਦੀ ਅਸ਼ਚਰਜ ਕਿਰਪਾ ਦੇ ਬਾਰੇ ਵਿੱਚ ਗੱਲਾਂ ਕਰਨਾ। ਅਤੇ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਚਿੱਟੇ ਵਸਤਰ ਦਿੱਤੇ ਗਏ ਕਿਉਂਕਿ ਸਾਰਾ ਇਸਰਾਏਲ ਬਚਾਇਆ ਜਾਵੇਗਾ, ਸਾਰੇ ਇਸਰਾਏਲੀਆਂ ਦਾ ਨਾਮ ਲਿਖਿਆ ਹੋਇਆ ਹੈ। ਠੀਕ ਹੈ। ਪ੍ਰਭੂ ਯਿਸੂ ਨੇ ਉਨ੍ਹਾਂ ਨੂੰ ਵਸਤਰ ਦਿੱਤੇ।



..... ਅਤੇ ਉਸਨੇ ਮੈਨੂੰ ਆਖਿਆ, *ਤੂੰ ਇਉਂ ਨਾ ਕਰ : ਕਿਉਂਕਿ ਮੈਂ ਤਾਂ ਤੇਰੇ ਅਤੇ ਨਬੀਆਂ ਦੇ ਜੋ ਤੇਰੇ ਭਰਾ ਹਨ ਅਤੇ ਉਹਨਾਂ ਦੇ ਜਿਹੜੇ ਇਸ ਪੋਥੀ ਦੀਆਂ ਗੱਲਾਂ ਦੀ ਪਾਲਨਾ ਕਰਦੇ ਹਨ ਨਾਲ ਦਾ ਦਾਸ ਹਾਂ। ਪ੍ਰਮੇਸ਼ੁਰ ਨੂੰ ਮੱਥਾ ਟੇਕ।*

209 ਸਮਝ ਲੱਗੀ? ਹੁਣ, ਇਹ ਪੋਥੀ ਬਹੁਤ ਮਹੱਤਵਪੂਰਨ ਹੈ, ਇਹ ਪ੍ਰਮੇਸ਼ੁਰ ਦਾ ਵਚਨ ਹੈ। ਹੁਣ ਧਿਆਨ ਦਿਓ। ਅਰ ਜਦੋਂ ਖੁਦਾ ਦਾ ਵਚਨ ਲਿਆਇਆ ਜਾਂਦਾ ਹੈ ਤਾਂ ਉਹ ਨਬੀ ਦੇ ਰਾਹੀਂ ਹੀ ਆਉਣਾ ਚਾਹੀਦਾ ਹੈ ਕਿਉਂਕਿ ਉਹ ਹੀ ਹੈ ਜਿਹਦੇ ਕੋਲ ਪ੍ਰਮੇਸ਼ੁਰ ਦਾ ਵਚਨ ਆਉਂਦਾ ਹੈ।

210 ਮੈਂ ਆਸ ਕਰਦਾ ਹਾਂ ਕਿ ਮੈਨੂੰ ਇਸ ਬਕਸੇ ਵਿੱਚ ਇਸ ਤੇ ਕੋਈ ਪ੍ਰਸ਼ਨ ਮਿਲੇਗਾ। ਤੁਸੀਂ ਜਾਣਦੇ ਹੋ ਕਿ ਮੈਂ ਸੋਚਿਆ ਸੀ ਕਿ ਮੈਂ ਉਸ ਤੇ ਥੋੜਾ ਵਿਚਾਰ ਕਰਾਂਗਾ। ਮੈਂ ਬਸ ਇਹ ਹੀ ਮਹਿਸੂਸ ਕੀਤਾ ਸੀ ਕਿ ਉਸ ਵਿੱਚ ਇਸੇ ਤਰ੍ਹਾਂ ਦਾ ਕੋਈ ਪ੍ਰਸ਼ਨ ਹੋਵੇਗਾ। ਤੁਸੀਂ ਵੇਖੋ ਕਿ ਮੈਂ ਸੋਚਿਆ ਸੀ ਕਿ ਮੈਨੂੰ ਉਸ ਬਕਸੇ ਵਿੱਚੋਂ ਕੋਈ ਪ੍ਰਸ਼ਨ ਲੱਭੇਗਾ।

211 ਪ੍ਰਮੇਸ਼ੁਰ ਦਾ ਹਰ ਇੱਕ ਵਚਨ ਲਿਆਂਦਾ ਗਿਆ ਹੈ। ਬਾਈਬਲ ਇਸ ਸਿਸਟਮ ਨੂੰ ਬਿਲਕੁੱਲ ਵੀ ਬਦਲਦੀ ਨਹੀਂ ਹੈ। ਇਹ ਸਦਾ ਇਸੇ ਤਰ੍ਹਾਂ ਹੀ ਰਹਿੰਦੀ ਹੈ। ਇਹ ਉਸ ਨਬੀ ਦੇ ਕੋਲ ਆਉਣਾ ਹੀ ਹੈ ਜਿਹਦੇ ਆਉਣ ਦੀ ਅਸੀਂ ਉਮੀਦ ਕਰਰਹੇ ਹਾਂ। ਹੁਣ ਤੁਸੀਂ ਪ੍ਰਕਾਸ਼ ਦੀ ਪੋਥੀ 10:1-7 ਵੱਲ ਧਿਆਨ ਦਿਓ।

212 ਹੁਣ ਆਓ 9ਵੀਂ ਆਇਤ ਫਿਰ ਪੜ੍ਹੀਏ। ਇਸ ਆਇਤ ਨੂੰ ਪੜ੍ਹਨ ਤੋਂ ਪਹਿਲਾਂ ਮੈਂ ਤੁਹਾਨੂੰ ਕੁਝ ਪੁੱਛਣਾ ਚਹੁੰਦਾ ਹਾਂ।

213 ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਮੋਹਰਾਂ ਦਾ ਪ੍ਰਚਾਰ ਬੰਦ ਕਰੀਏ ਕੀ ਤੁਸੀਂ ਸੰਪੂਰਨ ਤੌਰ ਤੇ ਇਹਨਾਂ ਨੂੰ ਸਮਝ ਗਏ ਹੋ?ਹੁਣ ਤੁਸੀਂ ਇਹ ਯਾਦ ਰੱਖੋ ਕਿ ਉਕਾਬ ਦੇ ਬਾਦ ਵਿੱਚ ਹੋਰ ਕੋਈ ਸ਼ਕਤੀ ਕਦੇ ਨਹੀਂ ਆਉਂਦੀ ਹੈ। ਹਰ ਵਾਰ ਮਸੀਹ ਵਿਰੋਧੀ ਜਦੋਂ ਕਿਸੇ ਚੀਜ਼ ਨੂੰ ਭੇਜਦਾ ਹੈ ਤਾਂ ਪ੍ਰਮੇਸ਼ੁਰ ਉਸਦਾ ਮੁਕਾਬਲਾ ਕਰਨ ਲਈ ਇੱਕ ਸ਼ਕਤੀ ਭੇਜਦਾ ਹੈ। ਮਸੀਹ ਵਿਰੋਧੀ ਨੇ ਇੱਕ ਹੋਰ ਸ਼ਕਤੀ ਨੂੰ ਘੱਲਿਆ ਤਦ ਪ੍ਰਮੇਸ਼ੁਰ ਨੇ ਇਹ ਦਾ ਸਾਹਮਣਾ ਕਰਨ ਲਈ ਕੁਝ ਹੋਰ ਘੱਲ ਦਿੱਤਾ। ਸਮਝੇ?ਅਤੇ ਫਿਰ ਜਦ ਉਹ ਉਕਾਬ ਤੇ ਆਉਂਦਾ ਹੈ ਜੋ ਉਸਦਾ ਵਚਨ ਹੈ ਇਹ ਅੰਤ ਵਿੱਚ ਬਿਲਕੁੱਲ ਉਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦਾ ਇਹ ਸ਼ੁਰੂ ਵਿੱਚ ਸੀ।

214 ਹੁਣ ਵੇਖੋ ਕੀ ਉਹ ਇੱਕ ਨਬੀ ਨਹੀਂ ਹੈ ਜਿਹਦੇ ਆਉਣ ਦੀ ਅਸੀਂ ਉਡੀਕ ਕਰ ਰਹੇ ਹਾਂ, ਕੋਈ ਆਦਮੀਂ ਜਿਹਦੇ ਉੱਤੇ ਉਹ ਹੀ ਆਤਮਾ ਹੋਵੇ ਜਿਹੜਾ ਏਲੀਯਾਹ ਦੇ ਉੱਤੇ ਸੀ। ਬੇਸ਼ੱਕ ਇਹ ਏਲੀਯਾਹ ਤਾਂ ਨਹੀਂ ਹੋਵੇਗਾ ਪ੍ਰੰਤੂ ਇਹ ਆਦਮੀਂ ਜਿਹੜਾ ਆਏਗਾ ਉਸੇ ਵਰਗਾ ਹੀ ਹੋਵੇਗਾ। ਅਤੇ ਜਿਹੜਾ ਮਨੁੱਖ ਭੇਜਿਆ ਜਾਵੇਗਾ ਉਸਦੀ ਸੇਵਕਾਈ ਇਹੋ ਹੀ ਹੋਵੇਗੀ ਕਿ ਉਹ ਉਹਨਾਂ ਡਿੱਗੇ ਹੋਏ ਲੋਕਾਂ ਨੂੰ ਵਾਪਿਸ ਇਹਨਾਂ ਮਿਸ਼ਨਾਂ ਅਤੇ ਫਿਰਕਾਪ੍ਰਸਤੀਆਂ ਦੀ ਤੋੜ-ਮਰੋੜ ਵਿੱਚੋਂ ਕੱਢ ਕੇ ਪਿੱਤਰਾਂ ਦੇ ਮੂਲ ਵਿਸ਼ਵਾਸ਼ ਦੇ ਵੱਲ ਮੋੜੇ। ਹੁਣ ਜੇ ਇਹ ਗੱਲ ਬਾਈਬਲ ਨੂੰ ਉਤਪਤ ਦੀ ਕਿਤਾਬ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਨਹੀਂ ਜੋੜਦੀ ਹੈ ਤਾਂ ਫਿਰ ਮੈਂ ਨਹੀਂ ਜਾਣਦਾ ਹਾਂ ਕਿ ਕਿਵੇਂ ਜੋੜੇਗੀ। ਇਹਦੇ ਬਾਰੇ ਵਿੱਚ ਮੈਂ ਹੋਰ ਕੁਝ ਨਹੀਂ ਬੋਲ ਸੱਕਦਾ ਹਾਂ ਕਿਉਂਕਿ ਇਹ ਇਹੋ ਹੀ ਹੈ।

ਤੁਸੀਂ ਬਸ ਆਓ। ਤੁਸੀਂ ਉਸਦੇ ਵਿੱਚੋਂ ਕੁਝ ਵੀ ਲੈ ਸੱਕਦੇ ਹੋ ਅਤੇ ਉਹਨੂੰ ਮਰੋੜ ਸੱਕਦੇ ਹੋ। ਸਮਝੇ? ਇਸ ਲਈ ਇਹਨੇ ਤਾਂ ਇਸੇ ਢੰਗ ਦੇ ਨਾਲ ਹੀ ਹੋਣਾ ਹੈ।

215 ਹੁਣ ਤੁਸੀਂ ਨੌਵੀਂ ਆਇਤ ਤੇ ਧਿਆਨ ਦਿਓ "ਜਗਵੇਦੀ ਦੇ ਹੇਠਾਂ ਰੂਹਾਂ। " ਹੁਣ ਇਸ ਗੱਲ ਤੇ ਮੈਨੂੰ ਬਹੁਤ ਸਾਰੀ ਅਸਹਿਮਤੀ ਮਿਲਣ ਵਾਲੀ ਹੈ। ਪ੍ਰੰਤੂ ਤੁਸੀਂ ਜਰਾ ਇੱਕ ਮਿੰਟ ਲਈ ਵੇਖੋ। ਅਤੇ ਸਿਰਫ.....ਸਮਝੇ? ਮੈਂ ਵੀ ਉਸੇ ਤਰ੍ਹਾਂ ਹੀ ਸੋਚਿਆ ਸੀ ਪਰ ਇਹ ਤਾਂ ਉਸ ਢੰਗ ਦੇ ਨਾਲ ਨਹੀਂ ਆਇਆ ਸੀ। ਅਸੀਂ ਮੈਂ ...... ਹਮੇਸ਼ਾਂ ਹੀ ਇਹ ਸੋਚਿਆ ਸੀ ਕਿ ਇਹ ਰੂਹਾਂ ਜਿਹੜੀਆਂ ਜਗਵੇਦੀ ਦੇ ਥੱਲੇ ਹਨ ਸ਼ੁਰੂ ਦੀ ਕਲੀਸਿਯਾ ਦੇ ਸ਼ਹੀਦ ਹਨ। ਅਤੇ ਮੈਨੂੰ ਯਕੀਨ ਹੈ ਕਿ ਡਾਕਟਰ ਉਰੀਯਾਹ ਸਮਿੱਥ ਅਤੇ ਉਹਨਾਂ ਵਿੱਚੋਂ ਹਰ ਇੱਕ ਇਹ ਹੀ ਆਖਦਾ ਹੈ। ਸਮਝੇ?ਪ੍ਰੰਤੂ ਮੈਂ ਖੁਦ ਆਪ ਵੀ ਇਹ ਹੀ ਸੋਚਿਆ ਸੀ। ਪਰ ਜਦੋਂ ਪਵਿੱਤਰ ਆਤਮਾ ਨੇ ਮੈਨੂੰ ਉਸ ਤੇ ਦਰਸ਼ਨ ਵਿਖਾਇਆ ਤਾਂ ਇਹ ਉਸ ਤਰ੍ਹਾਂ ਨਹੀਂ ਸੀ-ਇਹ ਉਹ ਰੂਹਾਂ ਨਹੀਂ ਸਨ।

ਹੁਣ ਤੁਸੀਂ ਆਖਦੇ ਹੋ, " ਚੰਗਾ ਠੀਕ ਹੈ, ਮੈਂ ਇਹਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ।"

216 ਠੀਕ ਹੈ ਅਸੀਂ ਹੁਣ ਇੱਕ ਮਿੰਟ ਵਿੱਚ ਇਹਨੂੰ ਵੇਖਾਂਗੇ। ਇਹ ਲਾੜੀ ਰੂਪੀ ਕਲੀਸਿਯਾ ਦੀਆਂ ਜਾਨਾਂ ਨਹੀਂ ਹਨ। ਅਸੀਂ ਸੋਚਿਆ ਸੀ ਕਿ ਇਹ ਲਾੜੀ ਵਾਲੀ ਕਲੀਸਿਯਾ ਹੈ ਜੋ ਜਗਵੇਦੀ ਦੇ ਥੱਲੇ ਉਡੀਕ ਕਰ ਰਹੇ ਸਨ ਅਤੇ ਪੁਕਾਰ ਰਹੇ ਸਨ, "ਪ੍ਰਭੂ ਕਦੋਂ ਤੋੜੀ, ਕਦੋਂ ਤੋੜੀ?" ਮੈਂ ਇਸਨੂੰ ਦੁਬਾਰਾ ਪੜ੍ਹਦਾ ਹਾਂ ਤਾਂ ਕਿ ਅਸੀਂ ਇਹਨੂੰ ਚੰਗੀ ਤਰ੍ਹਾਂ ਸਮਝ ਲਈਏ।

*ਜਾਂ ਉਹਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਜਗਵੇਦੀ ਦੇ ਹੇਠਾਂ ਉਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ ਪ੍ਰਮੇਸ਼ੁਰ ਦੇ ਵਚਨ ਦੇ ਕਾਰਨ ਅਤੇ ਉਸ ਸਾਖੀ ਦੇ ਕਾਰਨ ਜਿਹੜੀ ਉਹਨਾਂ ਨੇ ਭਰੀ ਸੀ ਵੱਢੇ ਗਏ ਸਨ।*

217 ਵੇਖੋ, ਪ੍ਰਮੇਸ਼ੁਰ ਦਾ ਵਚਨ ਅਤੇ ਉਹ ਗਵਾਹੀ ਜਿਹੜੀ ਉਹਨਾਂ ਨੇ ਭਰੀ ਸੀ ਕਾਰਨ ਵੱਢੇ ਗਏ ਸਨ। ਹੁਣ ਤੁਸੀਂ ਆਪਣੀ ਜਗ੍ਹਾ ਤੋਂ ਨਾ ਹਿੱਲਿਓ। ਆਓ ਇੱਕ ਮਿੰਟ ਲਈ ਇਹਨੂੰ ਵੇਖੀਏ।

*ਅਤੇ ਉਹਨਾਂ ਵੱਡੀ ਅਵਾਜ਼ ਦੇ ਨਾਲ ਪੁਕਾਰ ਕੇ ਇਹ ਆਖਿਆ ਭਈ ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸੱਤ ਹੈ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?*

*ਅਤੇ ਉਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਅਤੇ ਓਹਨਾਂ ਨੂੰ ਇਹ ਬਚਨ ਹੋਇਆ ਭਈ ਥੋੜਾ ਚਿਰ ਹੋਰ ਅਰਾਮ ਕਰੋ ਜਦੋਂ ਤੀਕ ਤੁਹਾਡੇ ਨਾਲ ਦੇ ਦਾਸਾਂ ਅਤੇ ਤੁਹਾਡੇ ਭਰਾਵਾਂ ਦੀ ਜਿਹੜੇ ਤੁਹਾਡੇ ਵਾਂਙੂ ਵੱਢੇ ਜਾਣਗੇ ਗਿਣਤੀ ਪੂਰੀ ਨਾ ਹੋ ਲਵੇ।*

218 ਹੁਣ ਜੇ ਤੁਸੀਂ ਧਿਆਨ ਦਿਓ ਤਾਂ ਤੁਸੀਂ ਵੇਖੋਗੇ ਕਿ ਜਿਸ ਵੇਲੇ ਪੰਜਵੀਂ ਮੋਹਰ ਖੁੱਲ੍ਹਦੀ ਹੈ ਉਸ ਵੇਲੇ ਤੱਕ ਦੁਲਹਨ ਜਾ ਚੁੱਕੀ ਹੈ। ਇਸ ਲਈ ਉਹ ਜਾਨਾਂ ਜਿਹੜੀਆਂ ਵੇਦੀ ਦੇ ਥੱਲੇ ਹਨ ਉਹ ਸ਼ੁਰੂ ਦੀ ਕਲੀਸਿਯਾ ਦੇ ਸ਼ਹੀਦਾਂ ਦੀਆਂ ਜਾਨਾਂ ਨਹੀਂ ਹੋ ਸੱਕਦੀਆਂ ਹਨ।



247 ਔਹ, ਉਸ ਦਿਨ ਕਿੰਜ ਉਹ ਨਬੀ ਉੱਥੇ ਖੜਾ ਹੋ ਕੇ ਕਹਿ ਸੱਕਦਾ ਸੀ, " ਹੇ ਇਸਰਾਏਲ ਤੂੰ ਸਾਂਡ ਵਾਂਗ ਵਿਖਾਈ ਦਿੰਦਾ ਹੈ। " ਜਦ ਕਿ ਉਸਨੂੰ ਇਹਨਾਂ ਦਾ ਸੱਭ ਤੋਂ ਖਰਾਬ ਭਾਗ ਦਿਖਾਉਣ ਦਾ ਯਤਨ ਕਰ ਰਹੇ ਸਨ, ਉਹਨੇ ਆਖਿਆ, " ਜਿਹੜਾ ਤੈਨੂੰ ਬਰਕਤ ਦਿੰਦਾ ਹੈ ਬਰਕਤ ਪਾਵੇਗਾ ਅਤੇ ਜੋ ਤੈਨੂੰ ਸਰਾਪ ਦਿੰਦਾ ਹੈ ਸਰਾਪਤ ਹੋਵੇਗਾ। " ਇਹ ਠੀਕ ਹੈ। ਔਹ। ਮਨੁੱਖ ਤੂੰ ਇਹ ਕਿਵੇਂ ਕਰ ਸੱਕਦਾ ਹੈਂ ?

248 ਉਹਨਾਂ ਨੇ ਸੋਚਿਆ ਸੀ ਕਿ ਪ੍ਰਮੇਸ਼ੁਰ ਉਹਨਾਂ ਨੂੰ ਭੁੱਲ ਗਿਆ ਹੋਵੇਗਾ। ਇੱਕ ਵਾਰ ਜਦ ਨਬੀ ਨੇ ਯਹੂਦੀਆਂ ਵੱਲ ਹਨੇਰੀ ਚੀਜ਼ ਆਉਂਦੀ ਵੇਖੀ। ਉਹ ਆਦਮੀਂ ਉੱਥੇ ਖੜ੍ਹਾ ਸੀ ਅਤੇ ਪ੍ਰਮੇਸ਼ੁਰ ਦਾ ਵਚਨ ਉਸ ਤੇ ਉਡੇਲਿਆ ਗਿਆ ਸੀ ਤਾਂ ਉਸਨੇ ਕਿਹਾ, "ਪ੍ਰਭੂ ਕੀ ਤੂੰ ਆਪਣੇ ਲੋਕਾਂ ਨੂੰ ਛੱਡ ਦੇਵੇਂਗਾ। ?"

ਪ੍ਰਮੇਸ਼ੁਰ ਨੇ ਕਿਹਾ,, " ਤੇਰੇ ਸਾਹਮਣੇ ਕੀ ਪਿਆ ਹੋਇਆ ਹੈ?"

ਉਹਨੇ ਆਖਿਆ, " ਇੱਕ ਨਾਪਣ ਵਾਲੀ ਸੋਟੀ। "

249 ਪ੍ਰਮੇਸ਼ੁਰ ਨੇ ਕਿਹਾ, " ਕੀ ਤੂੰ ਇਹ ਨਾਪ ਸੱਕਦਾ ਹੈ ਕਿ ਅਕਾਸ਼ ਕਿੰਨਾ ਉੱਚਾ ਹੈ? ਸਮੁੰਦਰ ਕਿੰਨਾ ਡੂੰਘਾ ਹੈ? " ਉਸਨੇ ਕਿਹਾ, "ਮੈਂ ਇਹ ਨਹੀਂ ਕਰ ਸੱਕਦਾ ਹਾਂ। "

250 ਖੁਦਾ ਨੇ ਕਿਹਾ, " ਨਾ ਹੀ ਮੈਂ ਇਹ ਕਰ ਸੱਕਦਾ ਹਾਂ, ਮੈਂ ਕਦੇ ਇਸਰਾਏਲ ਨੂੰ ਨਹੀਂ ਭੁੱਲ ਸੱਕਦਾ ਹਾਂ। " ਨਹੀਂ ਜੀ ਸ਼੍ਰੀਮਾਨ, ਉਹ ਇਸਰਾਏਲ ਨੂੰ ਨਹੀਂ ਭੁੱਲੇਗਾ।

251 ਉਸਨੂੰ ਤਾਂ ਆਪਣੇ ਹੀ ਬੱਚਿਆਂ ਨੂੰ ਅੰਨ੍ਹੇ ਕਰਨਾ ਪਿਆ। ਹੁਣ ਤੁਸੀਂ ਜਰਾ ਕੁ ਇਸਦੇ ਬਾਰੇ ਵਿੱਚ ਸੋਚੋ। ਉਸਨੇ ਸਾਨੂੰ ਮੌਕਾ ਦੇਣ ਲਈ ਆਪਣੇ ਹੀ ਬੱਚਿਆਂ ਨੂੰ ਅੰਨ੍ਹਾ ਕੀਤਾ ਅਤੇ ਅਸੀਂ ਉਹਨੂੰ ਰੱਦ ਦਿੰਦੇ ਹਾਂ। ਹੁਣ ਕੀ ਇਹ ਗੱਲ ਤੁਹਾਨੂੰ ਨੀਵੇਂਪਨ ਦਾ ਅਹਿਸਾਸ ਨਹੀਂ ਕਰਾਉਂਦੀ ਕਿ ਤੁਸੀਂ ਦਸ ਗੈਲਨ ਵਜ਼ਨ ਦਾ ਟੋਪ ਪਾ ਕੇ ਬੱਜ਼ਰੀ ਦੇ ਉੱਤੇ ਰਿੜਦੇ ਹੋਏ ਚੱਲੋ ਅਤੇ ਕਦੇ ਵੀ ਇਹਨੂੰ ਛੂਹ ਨਾ ਸਕੋ?ਤੁਸੀਂ ਵੇਖੋ ਕਿ ਇਸ ਤਰ੍ਹਾਂ ਕਰਨਾ ਵੀ ਕਿੰਨਾ ਛੋਟਾ ਹੋਵੇਗਾ। ਹਾਂ ਸ਼੍ਰੀਮਾਨ ਜੀ।

252 ਉਹਨਾਂ ਨੇ ਪ੍ਰਮੇਸ਼ੁਰ ਦੇ ਵਚਨ ਦੀ ਖਾਤਿਰ ਦੁੱਖ ਝੱਲਿਆ ਸੀ। ਉਹ ਯਹੂਦੀ ਸਨ। ਉਹਨਾਂ ਦੇ ਕੋਲ ਉਹਨਾਂ ਦੀ ਬਿਵਸਥਾ ਸੀ ਅਤੇ ਉਹ ਉਸੇ ਤੇ ਹੀ ਖੜ੍ਹੇ ਰਹੇ ਸਨ, ਹੁਣ ਕੀ ਤੁਹਾਨੂੰ ਕੱਲ ਰਾਤ ਬਾਰੇ ਯਾਦ ਹੈ?ਸਮਝੇ?ਉਹ ਉਸੇ ਤੇ ਹੀ ਖੜੇ ਰਹੇ ਸਨ। ਅਤੇ ਉਹ ਯਹੂਦੀ ਸਨ ਅਤੇ ਉਹਨਾਂ ਦੇ ਕੋਲ ਉਹਨਾਂ ਦੀ ਆਪਣੀ ਸ਼ਰੀਅਤ ਸੀ। ਅਤੇ ਬਿਵਸਥਾ ਪ੍ਰਮੇਸ਼ੁਰ ਦਾ ਵਚਨ ਸੀ ਅਤੇ ਉਹ ਉਸ ਉੱਤੇ ਹੀ ਟਿਕੇ ਰਹੇ ਸਨ। ਇਹ ਸੱਚ ਹੈ। ਅਤੇ ਉਹ ਉਸ ਗਵਾਹੀ ਦੇ ਕਾਰਨ ਜਿਹੜੀ ਉਨ੍ਹਾਂ ਨੇ ਦਿੱਤੀ ਸੀ ਸ਼ਹੀਦ ਹੋਏ ਸਨ। ਅਤੇ ਜਦ ਕਲੀਸਿਯਾ ਉਠਾ ਲਈ ਗਈ, ਇੱਥੇ ਜਗਵੇਦੀ ਦੇ ਹੇਠਾਂ ਜਾਨਾਂ ਸਨ।

253 ਹੁਣ ਗੌਹ ਕਰੋ। ਉਹਨਾਂ ਨੇ ਆਪਣੇ ਅੰਨ੍ਹੇਪਨ ਵਿੱਚ ਆਪਣੇ ਮਸੀਹਾ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ ਹੁਣ ਉਹ ਉਸੇ ਦਾ ਨਤੀਜਾ ਭੁਗਤ ਰਹੇ ਸਨ। ਉਨ੍ਹਾਂ ਨੇ ਇਹਨੂੰ ਮਹਿਸੂਸ ਕੀਤਾ

*ਸ਼ਮਾਊਨ ਨੇ ਦੱਸਿਆ ਹੈ* (ਇਹ ਸ਼ਮਾਊਨ ਪਤਰਸ ਸੀ) *ਭਈ ਕਿਸ ਪ੍ਰਕਾਰ ਪ੍ਰਮੇਸ਼ੁਰ ਨੇ ਪਹਿਲਾਂ ਪਰਾਈਆਂ ਕੌਮਾਂ ਉੱਤੇ ਨਿਗਾਹ ਕੀਤੀ ਤਾਂ ਜੋ ਉਹਨਾਂ ਵਿੱਚੋਂ ਇੱਕ ਪਰਜਾ ਆਪਣੇ ਨਾਮ ਦੇ ਲਈ ਚੁਣੇ।*

238 ਮੇਰੀ ਪਤਨੀ ਦਾ ਨਾਮ ਬਰਾਏ ਸੀ। ਸਮਝੇ? ਪ੍ਰੰਤੂ ਜਦ ਮੈਂ ਉਹਦੇ ਨਾਲ ਵਿਆਹ ਕੀਤਾ ਤਾਂ ਉਸਦਾ ਨਾਮ ਬ੍ਰਾਨਹਾਮ ਹੋ ਗਿਆ ਸੀ। ਸਮਝੇ?

239 ਪ੍ਰਭੂ ਯਿਸੂ ਨੇ ਪਰਾਈਆਂ ਕੌਮਾਂ ਵਿੱਚੋਂ ਦੁਲਹਨ ਲਈ। ਇਹ ਵਚਨ ਹੈ, ਇਹਦਾ ਨਮੂਨਾ ਯੂਸਫ ਵਿੱਚ ਮਿਲਦਾ ਹੈ।

240 ਹੁਣ ਤੁਸੀਂ ਇਸ ਤੇ, ਜਗਵੇਦੀ ਦੇ ਹੇਠਾਂ ਜਾਨਾਂ ਤੇ ਧਿਆਨ ਦਿਓ। ਠੀਕ ਹੈ,ਹੁਣ ਇਹ ਜਾਨਾਂ ਜੋ ਵੇਦੀ ਦੇ ਹੇਠਾਂ ਹਨ, ਤੁਸੀਂ ਇਹਨਾਂ ਨੂੰ ਸਮਝ ਰਹੇ ਹੋ ; ਉਹਨਾਂ ਨੂੰ ਆਈਕਮੈਨ ਜਿਹੇ ਪਾਪੀ ਲੋਕਾਂ ਨੇ ਸ਼ਹੀਦ ਕੀਤਾ ਸੀ। ਸਮਝੇ? ਅਰ ਉਹ ਕਰੋੜਾਂ ਯਹੂਦੀ ਉਸੇ ਤੇ ਬਰਕਰਾਰ ਰਹੇ ਸਨ,ਉਹ ਯਹੂਦੀ ਹੀ ਬਣੇ ਰਹੇ ਸਨ।

241 ਹੁਣ ਯਾਦ ਰੱਖੋ। ਇਹ ਕੀ ਸੀ?ਉਹ ਪ੍ਰਮੇਸ਼ੁਰ ਦੇ ਵਚਨ ਦੇ ਕਾਰਨ ਮਾਰੇ ਗਏ ਸਨ। ਉਹ ਮਸੀਹ ਦੀ ਗਵਾਹੀ ਦੇਣ ਕਾਰਨ ਨਹੀਂ ਮਾਰੇ ਗਏ ਸਨ। ਪ੍ਰੰਤੂ ਉਹ ਤਾਂ ਪ੍ਰਮੇਸ਼ੁਰ ਦੇ ਵਚਨ ਦੇ ਕਾਰਨ ਮਾਰੇ ਗਏ ਸਨ। ਕੀ ਤੁਸੀਂ ਇਹਨੂੰ ਸਮਝ ਗਏ ਹੋ?

242 ਪ੍ਰੰਤੂ ਤੁਸੀਂ ਇਹ ਵੀ ਯਾਦ ਰੱਖੋ ਕਿ ਕਲੀਸਿਯਾ ਵੀ ਅੰਦਰ ਆਈ ਹੈ, ਕਲੀਸਿਯਾ ਦੇ ਵੀ ਸ਼ਹੀਦ ਜੋ ਮਸੀਹ ਦੀ ਗਵਾਹੀ ਦੇਣ ਅਤੇ ਪ੍ਰਮੇਸ਼ੁਰ ਦੇ ਵਚਨ ਦੀ ਖਾਤਰ ਸ਼ਹੀਦ ਹੋਏ ਸਨ ਅੰਦਰ ਆਏ ਹਨ। ਇੱਥੇ ਬੈਠੇ ਕਿੰਨੇ ਇਸ ਗੱਲ ਨੂੰ ਜਾਣਦੇ ਹਨ?[ਸੰਗਤ ਆਖਦੀ ਹੈ-"ਆਮੀਨ। "-ਸੰਪਾ]ਠੀਕ ਹੈ।

243 ਹੁਣ ਇਹਨਾਂ ਦੇ ਕੋਲ ਯਿਸੂ ਮਸੀਹ ਦੀ ਗਵਾਹੀ ਨਹੀਂ ਸੀ। "ਪ੍ਰਮੇਸ਼ੁਰ ਦੇ ਵਚਨ ਦੇ ਕਾਰਨ ਅਤੇ ਉਸ ਸਾਖੀ ਦੇ ਕਾਰਨ ਜਿਹੜੀ ਉਹਨਾਂ ਨੇ ਭਰੀ ਸੀ ਵੱਢੇ ਗਏ ਸਨ। "

244 ਇਹ ਯਹੂਦੀ ਹਨ। ਅਤੇ ਹਿਟਲਰ ਨੇ ਉਹਨਾਂ ਦੇ ਨਾਲ ਨਫਰਤ ਕੀਤੀ, ਇਸੇ ਤਰ੍ਹਾਂ ਹੀ ਆਈਕਮੈਨ ਨੇ ਉਹਨਾਂ ਦੇ ਨਾਲ ਘਿਰਣਾ ਕੀਤੀ, ਸਟਾਲਨ ਨੇ ਉਹਨਾਂ ਦੇ ਨਾਲ ਘਿਰਣਾ ਕੀਤੀ ਅਤੇ ਬਾਕੀ ਦੁਨੀਆਂ ਨੇ ਉਹਨਾਂ ਦੇ ਨਾਲ ਘਿਰਣਾ ਕੀਤੀ। ਪ੍ਰੰਤੂ ਉਹ ਜਿਸ ਚੀਜ਼ ਦਾ ਵਿਸ਼ਵਾਸ਼ ਕਰਦੇ ਸਨ ਉਸ ਤੇ ਸੱਚਾਈ ਨਾਲ ਖੜੇ ਰਹੇ। ਅਤੇ ਉਹਨਾਂ ਨੇ ਉਹਨਾਂ ਨੂੰ ਇਸ ਲਈ ਮਾਰ ਦਿੱਤਾ ਕਿਉਂਕਿ ਉਹ ਯਹੂਦੀ ਸਨ।

245 ਕੀ ਤੁਸੀਂ ਜਾਣਦੇ ਹੋ ਕਿ ਮਾਰਟਿਨ ਲੂਥਰ ਦਾ ਵੀ ਵਿਚਾਰ ਇਸੇ ਤਰਾਂ ਦਾ ਸੀ? ਇਹ ਸੱਚ ਹੈ। ਉਹਨੇ ਕਿਹਾ ਸੀ, "ਸਾਰੇ ਯਹੂਦੀਆਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ। ਉਹ ਮਸੀਹ ਵਿਰੋਧੀ ਹਨ। " ਸਮਝੇ? ਪਰ ਉਹ ਤਾਂ ਕਿਸੇ ਹੋਰ ਯੁੱਗ ਦੇ ਅੰਦਰ ਸੀ ਅਤੇ ਉਹਨੇ ਇਹਨੂੰ ਨਹੀਂ ਵੇਖਿਆ ਸੀ ਉਹਨੇ ਵਚਨ ਨੂੰ ਨਹੀਂ ਵੇਖਿਆ ਸੀ।

246 ਹੁਣ ਵਚਨ ਦੀ ਸੱਚਾਈ ਅਗਾਂਹ ਆਉਂਦੀ ਹੈ। ਤੁਸੀਂ ਇਸਰਾਏਲ ਨੂੰ ਕਿਵੇਂ ਸਦਾ ਅੰਨ੍ਹਾ ਰੱਖ ਸੱਕਦੇ ਹੋ? ਨਹੀਂ ਜੀ, ਤੁਸੀਂ ਇਸ ਤਰ੍ਹਾਂ ਕਰ ਹੀ ਨਹੀਂ ਸੱਕਦੇ ਹੋ।



219 ਹੁਣ ਤੁਸੀਂ ਕਿਰਪਾ ਕਰਕੇ ਜਰਾ ਇਸਤੇ ਧਿਆਨ ਦਿਓ ਕਿਉਂਕਿ ਇਹ ਇੱਕ ਬਹੁਤ ਵੱਡਾ ਬਹਿਸ ਦਾ ਕਾਰਨ ਹੈ, ਸੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਬੜੇ ਹੀ ਧਿਆਨ ਨਾਲ ਸੁਣੋ। ਅਤੇ ਇਹਨੂੰ ਲਿਖਣ ਲਈ ਆਪਣੇ ਕਾਗਜ਼ ਅਤੇ ਪੈੱਨ ਲੈ ਲਵੋ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਤੇ ਧਿਆਨ ਦਿਓ।

220 ਹੁਣ ਇਹ ਉਹ ਜਾਨਾਂ ਨਹੀਂ ਹੋ ਸੱਕਦੀਆਂ। ਕਿਉਂਕਿ ਦੁਲਹਨ ਦੇ ਧਰਮੀਂ ਅਤੇ ਸ਼ਹੀਦ ਲੋਕ ਪੰਜਵੀਂ ਮੋਹਰ ਦੇ ਖੁੱਲ੍ਹਣ ਤੋਂ ਪਹਿਲਾਂ ਹੀ ਉੱਪਰ ਉਠਾ ਲਏ ਜਾਂਦੇ ਹਨ ਇਸ ਲਈ ਉਹ ਇਹ ਜਾਨਾਂ ਨਹੀਂ ਹਨ ਜੋ ਜਗਵੇਦੀ ਦੇ ਥੱਲੇ ਹਨ। ਉਹ ਤਾਂ ਦੁਲਹਨ ਦੇ ਨਾਲ ਮਹਿਮਾਂ ਵਿੱਚ ਹੋਣਗੇ। ਹੁਣ ਉਹ ਪ੍ਰਕਾਸ਼ ਦੀ ਪੋਥੀ ਦੀ 4 ਬਾਬ ਵਿੱਚ ਹੀ ਉਠਾਏ ਜਾਣ ਵਿੱਚ ਚਲੇ ਜਾਂਦੇ ਹਨ। ਉਹਨਾਂ ਨੂੰ ਤਾਂ ਪ੍ਰਕਾਸ਼ ਦੀ ਪੋਥੀ ਦੇ ਚੌਥੇ ਬਾਬ ਵਿੱਚ ਹੀ ਉੱਪਰ ਉਠਾ ਲਿਆ ਗਿਆ ਸੀ।

221 ਫਿਰ ਇਸ ਲਈ ਇਹ ਜਾਨਾਂ ਕੌਣ ਹਨ?ਅਗਲੀ ਗੱਲ ਇਹੋ ਸਾਹਮਣੇ ਆਉਂਦੀ ਹੈ ਕਿ ਜੇ ਇਹ ਸ਼ੁਰੂ ਦੀ ਕਲੀਸਿਯਾ ਦੇ ਨਹੀਂ ਹਨ ਤਾਂ ਫਿਰ ਇਹ ਕੌਣ ਹਨ?ਇਹ ਇਸਰਾਈਲ ਹੈ ਜੋ ਕਿ ਇੱਕ ਕੌਮ ਦੇ ਤੌਰ ਤੇ ਬਚਾਇਆ ਜਾਣਾ ਹੈ, ਉਹ ਸਾਰੇ ਪਹਿਲਾਂ ਤੋਂ ਹੀ ਠਹਿਰਾਏ ਗਏ ਹਨ। ਉਹ ਇਸਰਾਈਲ ਹੈ। ਇਹ ਸਿਰਫ ਇਸਰਾਈਲ ਹੈ।

222 ਤੁਸੀਂ ਆਖਦੇ ਹੋ, "ਜਰਾ ਕੁ ਠਹਿਰੋ। " ਤੁਸੀਂ ਕਹਿੰਦੇ ਹੋ, "ਉਹ ਇਹ ਨਹੀਂ ਹੋ ਸੱਕਦੇ ਹਨ...."

223 ਇੱਕ ਮਿੰਟ ਲਈ ਆਓ ਇਸਦਾ ਨਬੇੜਾ ਕਰੀਏ। ਮੇਰੇ ਕੋਲ ਇਸਦੇ ਨਾਲ ਸਬੰਧਿਤ ਵਚਨ ਦੀਆਂ ਚਾਰ ਜਾਂ ਪੰਜ ਲਿਖਤਾਂ ਹਨ। ਆਓ ਰੋਮੀਆਂ ਦੀ ਕਿਤਾਬ ਕੱਢੋ ਅਤੇ ਵੇਖੋ ਕਿ ਇਹ ਇਸਰਾਈਲੀ ਹੀ ਹਨ। ਆਓ ਅਸੀਂ ਰੋਮੀਆਂ ਦੀ ਕਿਤਾਬ ਖੋਲ੍ਹੀਏ ਅਤੇ ਉਸਦੀ 11 ਬਾਬ ਵਿੱਚੋਂ ਵੇਖਾਂਗੇ। ਸਿਰਫ .....ਆਓ ਅਸੀਂ ਇਹਨੂੰ ਪੜ੍ਹੀਏ ਅਤੇ ਫਿਰ ਸਾਨੂੰ ਆਪਣੇ ਆਪ ਇਸਦੇ ਬਾਰੇ ਵਿੱਚ ਪਤਾ ਲੱਗ ਜਾਵੇਗਾ। ਰੋਮੀਆਂ 11 ਬਾਬ ਦੀ 25 ਅਤੇ 26 ਆਇਤ ਹੁਣ ਤੁਸੀਂ ਸੁਣੋ ਕਿ ਪੌਲੁਸ ਇੱਥੇ ਕੀ ਕਹਿੰਦਾ ਹੈ।

224 ਅਤੇ ਪੌਲੁਸ ਨੇ ਆਖਿਆ, " ਜੇ ਕੋਈ ਹੋਰ ਇੱਥੋਂ ਤੱਕ ਕਿ ਜੇ ਕੋਈ ਸਵਰਗ ਦੂਤ ਵੀ ਆਣ ਕੇ ਕੋਈ ਹੋਰ ਖੁਸ਼ਖਬਰੀ ਸੁਣਾਵੇ (ਕੀ?) ਉਹ ਸਰਾਪੀ ਹੋਵੇ। ਧਿਆਨ ਦਿਓ।

*ਹੁਣ ਹੇ ਭਰਾਵੋ ਕਿਤੇ ਐਉਂ ਨਾ ਹੋਵੇ ਜੋ ਤੁਸੀਂ ਆਪਣੀ ਜਾਂਚ ਵਿੱਚ ਸਿਆਣੇ ਬਣ ਬੈਠੋ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਨਜਾਣ ਨਾ ਰਹੋ ਭਈ ਕੁਝ ਕਠੋਰਤਾ ਇਸਰਾਏਲ ਤੇ ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ।*

225 ਆਖੀਰ ਪਰਾਈ ਜਾਤੀਆਂ ਦੀ ਲਾੜੀ ਅੰਦਰ ਲਿਆਂਦੀ ਜਾਣੀ ਹੈ, ਦੁਲਹਨ ਦੇ ਕਾਰਨ ਇਸੇ ਮਕਸਦ ਲਈ ਇਸਰਾਏਲ ਉੱਤੇ ਕਠੋਰਤਾ ਆਈ।

*ਅਤੇ ਇਸੇ ਤਰ੍ਹਾਂ ਸਾਰਾ ਇਸਰਾਏਲ ਬਚ ਜਾਵੇਗਾ ਜਿਵੇਂ ਲਿਖਿਆ ਹੋਇਆ ਹੈ, ਇਸਰਾਏਲ ਦਾ ਛੁਡਾਉਣ ਵਾਲਾ ਸਿਯੋਨ ਤੋਂ ਨਿੱਕਲੇਗਾ। ਉਹ ਯਕੂਬ ਤੋਂ ਅਭਗਤੀ ਹਟਾਵੇਗਾ।*

226 ਠੀਕ ਹੈ। ਹੁਣ ਉਹ ਜਿਹੜੇ ਜਗਵੇਦੀ ਦੇ ਥੱਲੇ ਹਨ ਉਹ ਇਸਰਾਏਲੀ ਹਨ। ਇਸਰਾਏਲ ਬਸ ਇਸੇ ਮਕਸਦ ਲਈ ਅੰਨ੍ਹਾ ਕੀਤਾ ਗਿਆ ਹੈ ਤਾਂ ਕਿ ਅਸੀਂ ਬਚਾਏ ਜਾਈਏ। ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ?[ਸੰਗਤ ਆਖਦੀ ਹੈ-"ਆਮੀਨ। "-ਸੰਪਾ] ਹੁਣ, ਕਿਹਨੇ ਉਹਨਾਂ ਨੂੰ ਅੰਨ੍ਹਾ ਕੀਤਾ ਸੀ? ਪ੍ਰਮੇਸ਼ੁਰ ਨੇ, ਪ੍ਰਮੇਸ਼ੁਰ ਨੇ ਹੀ ਆਪਣੀ ਸੰਤਾਨ ਨੂੰ ਅੰਨ੍ਹਾ ਕੀਤਾ ਹੈ।

227 ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਯਿਸੂ ਸਲੀਬ ਦੇ ਕੋਲ ਖੜ੍ਹਾ ਸੀ ਅਤੇ ਉਹ ਯਹੂਦੀ ਉਸਦੇ ਲਹੂ ਲਈ ਜੋਰ-ਜੋਰ ਨਾਲ ਪੁਕਾਰ ਰਹੇ ਸਨ। ਉਹ ਉਸਦੇ ਆਪਣੇ ਬੱਚੇ ਸਨ। ਅਤੇ ਉਹ ਵਚਨ ਸੀ। ਉਹ ਤਾਂ ਖੁਦ ਆਪ ਵਚਨ ਸੀ। ਅਤੇ ਉਹ ਇਹ ਜਾਣਦਾ ਸੀ ਕਿ ਉਹਨਾਂ ਨੇ ਉਹਨੂੰ ਬੜੀ ਹੀ ਖੁਸ਼ੀ ਨਾਲ ਕਬੂਲ ਕਰ ਲਿਆ ਹੁੰਦਾ। ਅਤੇ ਇਹ ਹੀ ਕਾਰਨ ਹੈ ਕਿ ਉਹਨੇ ਉਹਨਾਂ ਨੂੰ ਅੰਨ੍ਹਿਆ ਕਰ ਦਿੱਤਾ ਸੀ ਤਾਂ ਕਿ ਉਹ ਉਸਨੂੰ ਪਛਾਣ ਨਾ ਸਕਣ। ਉਹ ਅਜਿਹੇ ਹਲੀਮ ਢੰਗ ਨਾਲ ਆਇਆ ਅਤੇ ਉਸਨੇ ਉਹਨਾਂ ਨੂੰ ਇਸ ਸਾਦਗੀ ਲਈ ਅੰਨ੍ਹਾ ਕਰ ਦਿੱਤਾ ਕਿ ਉਹ ਉਸਨੂੰ ਕਬੂਲ ਨਾ ਕਰ ਸਕਣ। ਅਰ ਉਸਨੇ ਉਹਨਾਂ ਨੂੰ ਅੰਨ੍ਹੇ ਕਰ ਦਿੱਤਾ ਸੀ। ਪ੍ਰਭੂ ਯਿਸੂ ਨੇ ਉਹਨਾਂ ਤੇ ਐਨੀ ਹਮਦਰਦੀ ਕੀਤੀ ਕਿ ਉਸਨੇ ਆਖਿਆ, " ਪਿਤਾ ਇਹਨਾਂ ਨੂੰ ਮਾਫ ਕਰ। ਕਿਉਂ ਜੋ ਉਹ ਨਹੀਂ ਜਾਣਦੇ ਕਿ ਉਹ ਕੀ ਕਰਦੇ ਹਨ। "ਉਹ ਅੰਨ੍ਹੇ ਸਨ। ਪੋਲੂਸ ਨੇ ਆਖਿਆ ਕਿ ਉਹਨਾਂ ਨੂੰ ਕਿਸੇ ਮਕਸਦ ਲਈ ਅੰਨ੍ਹੇ ਕੀਤਾ ਗਿਆ ਸੀ : ਉਹਨਾਂ ਨੂੰ ਸਾਡੇ ਲਈ ਅੰਨ੍ਹਾ ਕੀਤਾ ਗਿਆ ਸੀ।

228 ਧਿਆਨ ਦਿਓ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਤੇ ਬੜੇ ਗਹੁ ਨਾਲ ਧਿਆਨ ਦਿਓ। "ਉਹਨਾਂ ਵਿੱਚੋਂ ਹਰ ਇੱਕ ਨੂੰ ਚਿੱਟਾ ਬਸਤਰ ਦਿੱਤਾ ਗਿਆ ਸੀ। " ਉਹਨਾਂ ਦੇ ਕੋਲ ਇਹ ਚਿੱਟਾ ਵਸਤਰ ਨਹੀਂ ਸੀ ਬਲਕਿ ਉਨ੍ਹਾਂ ਨੂੰ ਇਹ ਚਿੱਟਾ ਵਸਤਰ ਦਿੱਤਾ ਗਿਆ ਸੀ, ਉਹਨਾਂ ਵਿੱਚੋਂ ਹਰੇਕ ਨੂੰ ਚਿੱਟਾ ਵਸਤਰ ਦਿੱਤਾ ਗਿਆ ਸੀ। ਹੁਣ ਸੰਤਾਂ ਦੇ ਕੋਲ ਤਾਂ ਪਹਿਲਾਂ ਹੀ ਇੱਕ ਵਸਤਰ ਹੈ ; ਇਹ ਵਸਤਰ ਉਨ੍ਹਾਂ ਨੂੰ ਇੱਥੇ ਹੀ ਮਿਲ ਗਿਆ ਸੀ। ਪ੍ਰੰਤੂ ਇੱਥੇ ਵੇਖੋ, "ਉਹਨਾਂ ਨੂੰ ਵਸਤਰ ਦਿੱਤਾ ਗਿਆ ਸੀ। " ਅਰ ਸੰਤਾਂ ਦੇ ਕੋਲ ਤਾਂ ਪਹਿਲਾਂ ਹੀ ਉਸਦਾ ਵਸਤਰ ਹੈ ਅਤੇ ਉਹ ਜਾ ਚੁੱਕੇ ਹਨ। ਸਮਝੇ? ਵੇਖਿਆ? ਪ੍ਰੰਤੂ ਉਨ੍ਹਾਂ ਦੇ ਕੋਲ ਨਹੀਂ ਸੀ .....

229 ਵੇਖੋ, ਉਹਨਾਂ ਨੂੰ ਮੌਕਾ ਨਹੀਂ ਮਿਲਿਆ ਸੀ ਕਿਉਂਕਿ ਉਹ ਤਾਂ ਪ੍ਰਮੇਸ਼ੁਰ ਦੇ ਦੁਆਰਾ ਅੰਨ੍ਹੇ ਕੀਤੇ ਗਏ ਸਨ ਤਾਂ ਕਿ ਪ੍ਰਮੇਸ਼ੁਰ ਦੀ ਕਿਰਪਾ ਪੂਰੀ ਹੋ ਸਕੇ ਤਾਂ ਕਿ ਦੁਲਹਨ ਗੈਰ ਕੌਮਾਂ ਵਿੱਚੋਂ ਲਈ ਜਾ ਸਕੇ। ਕੀ ਇਹ ਠੀਕ ਹੈ?[ਸੰਗਤ ਆਖਦੀ ਹੈ-"ਆਮੀਨ। "-ਸੰਪਾ]

230 ਆਓ ਮੈਂ ਤੁਹਾਨੂੰ ਯੂਸਫ ਵਿੱਚ ਬਹੁਤ ਸੋਹਣੀ ਤਸਵੀਰ ਵਿਖਾਉਂਦਾ ਹਾਂ। ਯੂਸਫ ਇੱਕ ਆਤਮਿਕ ਆਦਮੀ, ਉਕਾਬ ਸੀ। ਉਹ ਆਪਣੇ ਭਾਈਆਂ ਦੇ ਵਿੱਚ ਪੈਦਾ ਹੋਇਆ ਸੀ ਬਿਲਕੁੱਲ ਉਸੇ ਤਰ੍ਹਾਂ ਹੀ ਜਿਵੇਂ ਕਿ ਇੱਕ ਸੱਚੀ ਕਲੀਸਿਯਾ ਦੂਜਿਆਂ ਦੇ ਵਿੱਚ ਪੈਦਾ ਹੁੰਦੀ ਹੈ। ਅਰ ਉਹ ਸੁਪਨਿਆਂ ਦਾ ਅਰਥ ਦੱਸ ਸੱਕਦਾ ਸੀ ਅਤੇ ਦਰਸ਼ਨ ਵੇਖ ਸੱਕਦਾ ਸੀ। ਅਤੇ ਉਸਦੇ ਭਰਾ ਉਸਦੇ ਨਾਲ ਈਰਖਾ ਕਰਦੇ ਸਨ। ਪਰ ਉਸਦਾ ਪਿਤਾ ਉਸਦੇ ਨਾਲ ਪਿਆਰ ਕਰਦਾ ਸੀ।

231 ਇਸਦੇ ਬਾਦ ਧਿਆਨ ਦਿਓ ਉਹਨੂੰ ਬਾਹਰ ਕੱਢ ਦਿੱਤਾ, ਉਸਦੇ ਪਿਤਾ ਨੇ ਨਹੀਂ ਬਲਕਿ ਉਸਦੇ ਭਰਾਵਾਂ ਨੇ ਉਸਨੂੰ ਬਾਹਰ ਕੱਢ ਦਿੱਤਾ ਸੀ ਅਤੇ ਉਸਨੂੰ ਚਾਂਦੀ ਦੇ ਲੱਗ-ਭੱਗ ਤੀਹ ਸਿੱਕਿਆਂ



ਵਿੱਚ ਵੇਚ ਦਿੱਤਾ ਗਿਆ ਸੀ। ਉਹਨਾਂ ਨੇ ਉਸਨੂੰ ਖੂਹ ਦੇ ਵਿੱਚ ਸੁੱਟ ਦਿੱਤਾ ਸੀ ਅਤੇ ਸਮਝ ਲਿਆ ਸੀ ਕਿ ਉਹ ਮਰ ਗਿਆ ਹੈ।

232 ਉਹ ਉੱਪਰ ਉਠਾਇਆ ਗਿਆ ਅਤੇ ਉਹਨੂੰ ਫਿਰਾਊਨ ਦੇ ਸੱਜੇ ਹੱਥ ਬਿਠਾਇਆ ਗਿਆ। ਕਿਉਂਕਿ ਉਸਨੂੰ ਉਸਦੇ ਆਪਣੇ ਹੀ ਭਰਾਵਾਂ ਨੇ ਬਾਹਰ ਕੱਢ ਦਿੱਤਾ ਸੀ, ਉਸਨੂੰ ਆਪਣੇ ਲੋਕਾਂ ਵਿੱਚੋਂ ਨਹੀਂ ਬਲਕਿ ਗੈਰ ਕੌਮਾਂ ਵਿੱਚੋਂ ਦੁਲਹਨ ਦਿੱਤੀ ਗਈ। ਅਤੇ ਉੱਥੇ ਉਸਦੇ ਰਾਹੀਂ ਇਫਰਾਇਮ ਅਤੇ ਮਨੱਸ਼ਹ ਪੈਦਾ ਹੋਏ ਸਨ ਜੋ ਕਿ ਇਸਰਾਏਲ ਵਿੱਚ ਸ਼ਾਮਿਲ ਕੀਤੇ ਗਏ ਸਨ।

233 ਜਿਵੇਂ ਇਸਰਾਏਲ ਨੇ ਆਪਣੇ ਹੱਥਾਂ ਨੂੰ ਬਦਲ ਕੇ ਅਥਵਾ ਕਰਾੱਸ ਬਣਾ ਕੇ ਜੇਠੇ ਦੀ ਬਜਾਏ ਛੋਟੇ ਨੂੰ ਬਰਕਤ ਦਿੱਤੀ ਇਸੇ ਤਰ੍ਹਾਂ ਬਰਕਤਾਂ ਯਹੂਦੀਆਂ ਤੋਂ ਪਰਾਈਆਂ ਕੌਮਾਂ ਵੱਲ ਆਈਆਂ। ਸਮਝੇ?ਉਸਨੇ ਆਪਣੇ ਹੱਥਾਂ ਨੂੰ ਕਰਾੱਸ ਕਰਕੇ ਛੋਟੇ ਪੁੱਤਰ ਤੇ ਰੱਖਿਆ ਜਿਹਦਾ ਮਤਲਬ ਇਹ ਸੀ ਕਿ ਇੱਕ ਛੋਟੀ ਕਲੀਸਿਯਾ ਨੇ ਅੰਦਰ ਆਉਣਾ ਹੈ। ਮਾਂ ਕਲੀਸਿਯਾ ਸੂਰਜ ਵਿੱਚ ਖੜੀ ਸੀ ਅਤੇ ਉਸਨੇ ਇਸ ਬੱਚੇ ਨੂੰ ਜਨਮ ਦਿੱਤਾ ਸੀ। ਅਤੇ ਧਿਆਨ ਦਿਓ ਉਸ ਨੂੰ ਪਾਉਣ ਲਈ ਇਸਰਾਏਲ ਨੇ ਆਪਣੇ ਹੱਥਾਂ ਨੂੰ ਬਦਲ ਲਿਆ ਸੀ। ਇਹ ਇੱਕ ਨਮੂਨੇ ਦੇ ਤੌਰ ਤੇ ਕੀਤਾ ਗਿਆ ਸੀ। ਅਤੇ ਯੂਸਫ, ਉਹ ਉਹੀ ਬੱਚੇ ਸਨ ਪਰ ਉਹਨਾਂ ਦੀ ਮਾਂ ਪਰਾਈਆਂ ਕੌਮਾਂ ਵਿੱਚੋਂ ਸੀ।

234 ਇਸਰਾਏਲੀ ਦੁਲਹਨ ਤੋਂ, ਪੁਰਾਣੇ ਇਸਰਾਏਲ ਤੋਂ ਬਰਕਤਾਂ ਨੂੰ ਹਟਾ ਕੇ ਮਸੀਹੀ ਲੋਕਾਂ ਵੱਲ ਫੇਰ ਦਿੱਤਾ ਗਿਆ, ਇਹ ਪਵਿੱਤਰ ਆਤਮਾ ਦੇ ਰਾਹੀਂ ਇਸਰਾਏਲ ਦੇ ਹੱਥਾਂ ਨੂੰ ਕਰਾੱਸ ਕਰਨ ਦੇ ਦੁਆਰਾ ਹੋਇਆ ਸੀ। ਉਸਨੇ ਕਿਹਾ, " ਪ੍ਰਮੇਸ਼ੁਰ ਨੇ ਹੀ ਮੇਰੇ ਹੱਥਾਂ ਨੂੰ ਬਦਲਿਆ ਹੈ। " ਉਹਦਾ ਇਹਦੇ ਨਾਲ ਕੋਈ ਵਾਹ ਵਾਸਤਾ ਨਹੀਂ ਸੀ।

235 ਧਿਆਨ ਦਿਓ ਕਿ ਜਦੋਂ ਯੂਸਫ ਨੂੰ ਉਹਦੇ ਆਪਣੇ ਹੀ ਭਰਾਵਾਂ ਨੇ, ਉਸਦੇ ਆਪਣੇ ਲੋਕਾਂ ਨੇ ਰੱਦ ਦਿੱਤਾ ਸੀ ਤਾਂ ਉਹ ਨੇ ਗੈਰ ਕੌਮਾਂ ਵਿੱਚੋਂ ਇੱਕ ਲਾੜੀ ਲਈ ਸੀ। ਬਿਲਕੁੱਲ ਉਸੇ ਤਰ੍ਹਾਂ ਜਿਵੇਂ ਪ੍ਰਭੂ ਯਿਸੂ ਨੇ ਕੀਤਾ,ਜਦ ਉਹਨੂੰ ਯਹੂਦੀਆਂ ਨੇ ਰੱਦ ਦਿੱਤਾ ਸੀ ਤਾਂ ਉਹਨੇ ਗੈਰ ਜਾਤੀਆਂ ਵਿੱਚੋਂ ਇੱਕ ਲਾੜੀ ਲਈ।

236 ਹੁਣ ਆਓ ਇੱਥੇ ਕੁਝ ਪੜ੍ਹੀਏ। ਮੈਂ ਇੱਥੇ ਰਸੂਲਾਂ ਦੇ ਕਰਤੱਵ 15 ਬਾਬ ਦੀ ਲਿਖਤ ਲਿਖੀ ਹੋਈ ਹੈ। ਅਤੇ ਔਹ, ਇਹ ਵਚਨ ਦੀ ਲਿਖਤ ਉਸੇ ਤਰ੍ਹਾਂ ਦੀ ਹੀ ਹੈ ਜੋ ਕਿ ਅਸੀਂ ਕਿਵੇਂ ਵੀ ਹੋਵੇ ਸਿੱਖਣਾ ਚਾਹੁੰਦੇ ਹਾਂ। ਮੇਰਾ ਯਕੀਨ ਹੈ ਕਿ ਮੈਂ ਇਹਨੂੰ ਰਸੂਲਾਂ ਦੇ ਕਰਤੱਵ 15:14 ਠੀਕ ਹੀ ਪੜ੍ਹਿਆ ਹੈ। ਹੁਣ ਮੈਂ ਸੋਚਦਾ ਹਾਂ ਕਿ ਇਹ ਠੀਕ ਹੈ। ਠੀਕ ਹੈ। ਇੱਥੇ, ਸ਼ਮਾਊਨ ਦੱਸ ਰਿਹਾ ਹੈ ਕਿ ਕਿਵੇਂ ਖੁਦਾ ਨੇ ....ਨਹੀਂ, ਅਸੀਂ ਇਹਨੂੰ 13ਵੀਂ ਆਇਤ ਤੋਂ ਪੜ੍ਹਨਾ ਸ਼ੁਰੂ ਕਰਦੇ ਹਾਂ।

*ਜਦ ਉਹ ਚੁੱਪ ਹੋਏ ਤਾਂ ਯਕੂਬ ਅੱਗੋਂ ਕਹਿਣ ਲੱਗਾ .......*

237 ਹੁਣ ਤੁਸੀਂ ਵੇਖੋ ਕਿ ਕੀ ਹੋਇਆ ਸੀ, ਉਹ ਗੈਰ ਜਾਤੀਆਂ ਵਿੱਚ ਗਏ ਸਨ। ਸਮਝੇ? ਅਤੇ ਝਗੜਾ ਜਾਰੀ ਸੀ ਕਿਉਂਕਿ ਉਹ ਯਹੂਦੀ ਸਨ। ਸਮਝੇ?

*ਅਰ ਜਾਂ ਉਹ ਚੁੱਪ ਹੋਏ ਤਾਂ ਯਕੂਬ ਅੱਗੋਂ ਕਹਿਣ ਲੱਗਾ ਹੇ ਭਾਈਓ, ਮੇਰੀ ਸੁਣੋ।*